# ਵੋਟ 5 ਮਾਰਚ, 2024



ਜਨਤਕ ਸੁਰੱਖਿਆ ਲਈ



ਬੇਘਰੇ ਲੋਕਾਂ ਲਈ



ਛੋਟੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ

★ ਸੁਰੱਖਿਅਤ ਅਤੇ ਸਾਫ਼ ਆਂਢ-ਗੁਆਂਢ ★

## ਕਮਿਊਨਿਟੀ ਨੇ ਨਿਸ਼ਕਾਮ ਸੇਵਾਦਾਰ ਅਤੇ ਤਜਰਬੇਕਾਰ ਨੇਤਾ

- ਅਸੀਂ ਇਕੱਠੇ ਮਿਲ ਕੇ ਆਪਣੇ ਭਾਈਚਾਰੇ ਨੂੰ ਵੱਧ ਰਹੇ ਅਪਰਾਧਾਂ ਤੋਂ ਬਚਾਵਾਂਗੇ ਅਤੇ ਆਂਢ-ਗੁਆਂਢ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਾਂਗੇ।
- ਜਿਵੇਂ ਕਿ ਹਰ ਇੱਕ ਨੂੰ ਵਧੀਆ ਘਰ ਦੀ ਲੋੜ ਹੈ। ਅਸੀਂ ਮਿਲ ਕੇ ਬੇਘਰਿਆਂ ਨੂੰ ਘਰ ਬਣਾਉਣ ਅਤੇ ਸਾਫ਼-ਸੁਥਰੇ ਆਂਢ-ਗੁਆਂਢ ਨੂੰ ਬਣਾਈ ਰੱਖਣ ਵੱਲ ਧਿਆਨ ਦੇਵਾਂਗੇ।
- ਅਸੀਂ ਸਾਰੇ ਮਿਲ ਕੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਾਂਗੇ।
- ਅਸੀਂ ਸਾਰੇ ਪਾਰਕਾਂ, ਗਲੀਆਂ ਨੂੰ ਸੁਰੱਖਿਅਤ ਅਤੇ ਸਾਫ਼ ਸਥਰਾ ਰੱਖਣ ਵੱਲ ਵਿਸ਼ੇਸ਼ ਧਿਆਨ ਦੇਵਾਂਗੇ।



ਹੋਰ ਜਾਣਕਾਰੀ ਲਈ ਸੰਪਰਕ ਕਰੋ ਤੁਹਾਡਾ ਆਪਣਾ

## ਸ੍ਰ. ਸੁਖਦੇਵ ਸਿੰਘ ਬੈਨੀਵਾਲ

For San Jose City Council - District 8

(408) 421-9463 or email : voteBainiwal@gmail.com

visit www.Votebainiwal.com # BainiwalForAll

Paid for by Sukhdev Bainiwal for City Council 2024 FPPc#1463066

# ਅਮਰੀਕਾ 'ਚ ਵਾਲਮਾਰਟ ਆਪਣੇ ਸਟੋਰਾਂ 'ਤੇ ਭਾਰਤ ਵਿਚ ਬਣੇ ਬਾਈਸਾਈਕਲਾਂ ਦੀ ਕਰੇਗਾ ਵਿਕਰੀ




ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) – ਵਾਲਮਾਰਟ ਨੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਦੇ ਬਜਾਰ ਵਿਚ ਭਾਰਤ ਵਿਚ ਬਣੇ ਬਾਈਸਾਇਕਲਾਂ ਦੀ ਵਿਕਰੀ ਆਪਣੇ ਚੋਣਵੇਂ ਸਟੋਰਾਂ ਉਪਰ ਕਰੇਗਾ। ਇਹ ਪਹਿਲਾ ਭਾਰਤ ਵਿਚ ਤਿਆਰ ਬਾਈਸਾਈਕਲ ਹੋਵੇਗਾ ਜੋ ਅਮਰੀਕੀ ਸੜਕਾਂ ਉਪਰ ਦੌੜੇਗਾ। ਭਾਰਤੀ ਕੰਪਨੀ ਹੀਰੋ ਈਕੋਟੈਕ ਵੱਲੋਂ ਇਸ ਬਾਈਸਾਇਕਲ ਨੂੰ "ਕਰੂਜ਼ਰ ਸਟਾਈਲ" ਬਣਾਇਆ ਗਿਆ ਹੈ ਤੇ ਇਹ ਸਾਈਕਲ ਬਾਲਗ ਮਰਦਾਂ ਤੇ ਔਰਤਾਂ ਦੋਨਾਂ ਵਾਸਤੇ ਉਪਲਬੱਧ ਹੋਵੇਗਾ। ਇਸ ਸਾਈਕਲ ਨੂੰ 90% ਭਾਰਤੀ ਹਿੱਸੇ ਪੁਰਜਿਆਂ ਨਾਲ ਤਿਆਰ ਕੀਤਾ ਗਿਆ ਹੈ। ਕਾਰਜਕਾਰੀ ਉੱਪ ਪ੍ਰਧਾਨ ਸੋਰਸਿੰਗ ਵਾਲਮਾਰਟ ਆਂਦਰੀਆ ਅਲਬਰਾਈਟ ਨੇ ਕਿਹਾ ਹੈ ਕਿ ਭਾਰਤ ਬਾਈਸਾਈਕਲਾਂ ਦੀ ਵਧੀ ਮੰਗ ਦੀ ਪੂਰਤੀ ਲਈ ਚੰਗੀ ਸਥਿੱਤੀ ਵਿਚ ਹੈ ਤੇ ਅਸੀਂ ਆਪਣੇ ਭਾਈਵਾਲ ਹੀਰੋ ਈਕੋਟੈਕ ਨਾਲ ਕੰਮ ਕਰਨ ਵਾਸਤੇ ਉਤਸ਼ਾਹਿਤ ਹਾਂ। ਅਮਰੀਕਾ ਵਿਚਲੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਇਕ ਹਲਕੇ ਨੀਲੇ ਰੰਗ ਦੇ ਇਸ ਬਾਈਸਾਈਕਲ ਨਾਲ ਇਕ ਤਸਵੀਰ ਵੀ ਸਾਂਝੀ ਕੀਤੀ ਹੈ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

Get more BENEFITS at No Cost $0 Premium

Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com

Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences

ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।

ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।

- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ਤੀਜਾ ਧਾਰਮਿਕ ਪ੍ਰਤੀਯੋਗਤਾ ਮੁਕਾਬਲਾ ਅਮਰੀਕਾ ਦੇ ਈਸਟ ਕੋਸਟ ਦੀਆਂ 6 ਸਟੇਟਾਂ 'ਚ ਬਹੁਤ ਚੜ੍ਹਦੀ ਕਲਾ ਨਾਲ ਹੋਇਆ ਸੰਪੰਨ

## ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਮੁਕਾਬਲੇ, ਵਰਲਡ ਸਿੱਖ ਪਾਰਲੀਮੈਂਟ ਦੀਆਂ ਵਿਦਿਅਕ ਅਤੇ ਧਾਰਮਿਕ ਕੌਂਸਲਾਂ ਵੱਲੋਂ ਧਰਮ ਤੇ ਵਿਰਸੇ ਨਾਲ ਜੋੜਨ ਦਾ ਵੱਡਾ ਉਪਰਾਲਾ





ਨਿਊਯਾਰਕ : ਸਿੱਖ ਕੌਮ ਦਾ ਭਵਿੱਖ ਅਗਲੀ ਪੀੜ੍ਹੀ ਨੂੰ ਗੁਰਬਾਣੀ ਅਤੇ ਮਾਣਮੱਤੇ ਇਤਿਹਾਸ ਤੇ ਵਿਰਸੇ ਨਾਲ ਜੋੜਣ ਲਈ ਵਰਲਡ ਸਿੱਖ ਪਾਰਲੀਮੈਂਟ ਦੀਆਂ ਵਿਦਿਅਕ, ਧਾਰਮਿਕ ਕੌਂਸਲਾਂ ਵਲੋਂ ਦੁਨੀਆਂ ਭਰ ਵਿੱਚ ਵੱਖ ਵੱਖ ਪ੍ਰੋਗਰਾਮ ਉਲੀਕੇ ਜਾਂਦੇ ਹਨ। 2021 ਤੋਂ ਸ਼ੁਰੂ ਹੋਏ ਸਲਾਨਾ ਧਾਰਮਿਕ ਪ੍ਰਤੀਯੋਗਤਾ ਮੁਕਾਬਲਿਆਂ ਵਿਚ ਬੱਚਿਆਂ ਅਤੇ ਪਰਿਵਾਰਾਂ ਦੇ ਹੁੰਗਾਰੇ ਤੇ ਉਤਸ਼ਾਹ ਨੂੰ ਵੇਖਦਿਆਂ, ਇਸ ਸਾਲ ਦਾ ਇਹ ਪ੍ਰੋਗਰਾਮ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਅਤੇ ਜੀਵਨ ਇਤਿਹਾਸ ਨਾਲ ਸਬੰਧਤ ਤੇ ਗੁਰਬਾਣੀ ਦੀਆਂ ਸਿੱਖਿਆਵਾਂ ਉਪਰ ਅਧਾਰਤ ਵਿਸ਼ਿਆਂ ਉੱਤੇ ਕਰਵਾਇਆ ਗਿਆ। ਜਿਸ ਨਾਲ ਕਿ ਦੁਨਿਆਵੀ ਚਕਾਚੌਂਧ ਦੇ ਅਸਰ ਹੇਠ ਆਪਣੇ ਮਾਣਮੱਤੇ ਇਤਿਹਾਸਕ ਵਿਰਸੇ ਤੋਂ ਦੂਰ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਮੁੜ ਲਾਸਾਨੀ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣੂ ਕਰਵਾਕੇ ਜੋੜਿਆ ਜਾਵੇ।

ਇਸ ਸਾਲ ਦੇ ਪ੍ਰੋਗਰਾਮ ਲਈ ਬੱਚਿਆਂ ਨੂੰ ਤਿੰਨ ਉਮਰ ਵਰਗਾਂ ਵਿਚ ਰੱਖਿਆ ਗਿਆ ਅਤੇ ਹਰ ਵਰਗ ਦੇ ਬੱਚਿਆਂ ਨੇ ਸਵਾਲ-ਜਵਾਬ (ਕੁਇਜ਼), ਗੁਰਬਾਣੀ ਕੰਠ, ਅਤੇ ਸਪੀਚ ਦੇ ਮੁਕਾਬਲਿਆਂ ਵਿਚ ਹਿਸਾ ਲਿਆ। 2 ਦਸੰਬਰ ਤੋਂ ਸ਼ੁਰੂ ਹੋਏ ਇਸ ਪ੍ਰੋਗਰਾਮ ਵਿਚ ਹਰ ਸ਼ੁੱਕਰ, ਸ਼ਨੀ ਤੇ ਐਤਵਾਰ (ਵੀਕਐਂਡ) ਤੇ ਮੁਕਾਬਲਿਆਂ ਲਈ ਵੱਖ ਵੱਖ ਸਟੇਟਾਂ ਵਿਚ ਸੈਂਟਰ ਬਣਾਏ ਗਏ, ਜਿਨ੍ਹਾਂ ਵਿਚ ਵਰਜੀਨੀਆ ਦੇ ਗੁਰਦੁਆਰਾ ਸਿੰਘ ਸਭਾ ਫੇਅਰਫੈਕਸ; ਨਿਊਯਾਰਕ ਦੇ ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ, ਸਿੱਖ ਸੈਂਟਰ ਆਫ ਨਿਊਯਾਰਕ ਫਲੱਸ਼ਿੰਗ/ਕੁਈਨਜ ਵਿਲੇਜ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਗੁਰੂ ਨਾਨਕ ਦਰਬਾਰ ਆਫ ਲੌਂਗ ਆਈਲੈਂਡ; ਨਿਊਜਰਸੀ ਦੇ ਗੁਰਦੁਆਰਾ ਦਸ਼ਮੇਸ਼ ਦਰਬਾਰ ਕਾਰਟਰੇਟ, ਸਿੱਖ ਗੁਰਦੁਆਰਾ ਆਫ ਪਾਈਨਹਿੱਲ, ਗੁਰਦੁਆਰਾ ਗੁਰੂ ਨਾਨਕ ਮਿਸ਼ਨ ਓਕਲੈਂਡ; ਕਨੈਕਟੀਕਟ ਦੇ ਗੁਰਦੁਆਰਾ ਗੁਰੂ ਤੇਗ ਬਹਾਦੁਰ ਫਾਊਂਡੇਸ਼ਨ ਨੌਰਵਾਕ; ਪੈਨਸਿਲਵੇਨੀਆ ਦੇ ਗੁਰਦੁਆਰਾ ਗੁਰੂ ਨਾਨਕ ਸਿੱਖ ਸੋਸਾਇਟੀ ਆਫ ਲੀਹਾਈ ਵੈਲੀ ਨੈਜਰਥ; ਮੇਰੀਲੈਂਡ ਦੇ ਗੁਰਦੁਆਰਾ ਬਾਲਟੀਮੋਰ ਸਿੱਖ ਸੋਸਾਇਟੀ; ਵਿਖੇ ਸੈਂਟਰ ਬਣਾਏ ਗਏ। ਜਿਨ੍ਹਾਂ ਵਿੱਚ ਸਾਢੇ ਪੰਜ ਸੌ ਤੋਂ ਜ਼ਿਆਦਾ ਬੱਚਿਆਂ ਨੇ ਹਿਸਾ ਲਿਆ।

ਇਸ ਧਾਰਮਿਕ ਪ੍ਰਤੀਯੋਗਤਾ ਦਾ ਫਾਈਨਲ ਪ੍ਰੋਗਰਾਮ 23 ਦਸੰਬਰ ਨੂੰ ਗੁਰਦੁਆਰਾ ਦਸ਼ਮੇਸ਼ ਦਰਬਾਰ ਕਾਰਟਰੇਟ ਨਿਊਜਰਸੀ ਦੇ ਵਿਚ ਹੋਇਆ। ਜਿਥੇ ਕੇ ਸਾਰੇ 11 ਸੈਂਟਰਾਂ ਤੋਂ ਤਿੰਨੇ ਉਮਰ ਵਰਗਾਂ ਵਿਚੋਂ ਅੱਵਲ ਰਹੇ ਬੱਚਿਆਂ ਨੇ ਫਾਈਨਲ ਸਪੀਚ ਮੁਕਾਬਲੇ ਵਿਚ ਗੁਰੂ ਅਰਜਨ ਸਾਹਿਬ ਜੀ ਨਾਲ ਸਬੰਧਤ ਵਿਸ਼ਿਆਂ ਅਤੇ ਇਤਿਹਾਸ ਬਾਰੇ ਚਾਨਣਾ ਪਾਇਆ।

ਪ੍ਰੋਗਰਾਮ ਦੇ ਅਖੀਰ ਵਿਚ ਇਕ ਬਹੁਤ ਹੀ ਪ੍ਰਭਾਵਸ਼ਾਲੀ ਇਨਾਮ ਵੰਡ ਸਮਾਗਮ ਹੋਇਆ। ਜਿਸ ਦੌਰਾਨ ਈਸਟ-ਕੋਸਟ ਦੀਆਂ ਮਾਇਨਾਜ ਹਸਤੀਆਂ ਅਤੇ ਸਿੱਖ ਲੀਡਰਾਂ ਨੇ ਆਪਣੇ ਕਰ ਕਮਲਾਂ ਨਾਲ, ਸਵਾਲ-ਜਵਾਬ (ਕੁਇਜ਼), ਗੁਰਬਾਣੀ ਕੰਠ, ਅਤੇ ਸਪੀਚ ਦੇ ਮੁਕਾਬਲਿਆਂ ਵਿਚ ਤਿੰਨੇ ਉਮਰ ਵਰਗਾਂ ਵਿਚ ਪਹਿਲੇ, ਦੂਜੇ, ਤੀਜੇ ਸਥਾਨ ਤੇ ਰਹਿਣ ਵਾਲੇ ਬੱਚਿਆਂ ਨੂੰ ਬਹੁਤ ਹੀ ਆਕਰਸ਼ਕ ਅਤੇ ਵੱਡੇ ਇਨਾਮ ਦਿਤੇ ਗਏ।



ਅਮਰੀਕਾ ਰੀਜਨ ਵਿਚ ਈਸਟ-ਕੋਸਟ ਲੈਵਲ ਦੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਬੱਚਿਆਂ ਦੇ ਮਾਪਿਆਂ ਦੇ ਨਾਲ, ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਤੇ ਸਿੱਖ ਸੰਗਤਾਂ ਨੇ ਭਰਪੂਰ ਸਹਿਯੋਗ ਦਿੱਤਾ ਅਤੇ ਨਾਲ ਹੀ ਇਸ ਵੱਡੇ ਪੱਧਰ ਦੇ ਕਾਰਜ ਵਿੱਚ ਸਿੱਖ ਕੋਆਰਡੀਨੇਸ਼ਨ ਕਮੇਟੀ (ਯੂ ਐਸ ਏ), ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਨੇ ਵੀ ਵਿਸ਼ੇਸ਼ ਤੌਰ ਤੇ ਸਹਿਯੋਗ ਦਿੱਤਾ ਅਤੇ ਸਾਰਿਆਂ ਨੇ ਹੀ ਵਿਦਿਅਕ, ਧਾਰਮਿਕ ਕੌਂਸਲਾਂ ਦੇ ਇਸ ਉਦਮ ਦੀ ਬਹੁਤ ਸ਼ਲਾਘਾ ਕੀਤੀ। ਆਉਣ ਵਾਲੇ ਸਮੇ ਵਿਚ ਵੀ ਸੱਚੇ ਪਾਤਸ਼ਾਹ ਜੀ ਕਿਰਪਾ ਕਰਕੇ ਸੰਗਤਾਂ ਦੇ ਸਹਿਯੋਗ ਨਾਲ ਸਿੱਖੀ ਦੇ ਪ੍ਰਚਾਰ ਪ੍ਰਸਾਰ ਦੇ ਹੋਰ ਵੀ ਉਦਮ ਉਪਰਾਲੇ ਕਰਵਾਉਂਦੇ ਰਹਿਣ, ਤਾਂ ਕਿ ਗੁਰੂ ਸਾਹਿਬ ਦਾ ਸਰਬ ਸਾਂਝੀਵਾਲਤਾ ਦਾ ਮਨੁੱਖਤਾਵਾਦੀ ਸੰਦੇਸ਼ ਨੌਜਵਾਨਾਂ ਬੱਚਿਆਂ ਤੋਂ ਲੈ ਕੇ ਦੁਨੀਆ ਦੇ ਹਰ ਮਨੁੱਖ ਮਾਤਰ ਤੱਕ ਪਹੁੰਚ ਸਕੇ।

# ਓਹਾਇਓ ਸੂਬੇ ਦੇ ਸੱਭਿਆਚਾਰਕ ਸਿੱਖਿਆ ਬਿੱਲ ਸੰਬੰਧੀ ਦੂਜੀ ਸੁਣਵਾਈ 'ਚ ਸਿੱਖਾਂ ਨੇ ਕੀਤੀ ਸ਼ਮੂਲੀਅਤ

ਕੋਲੰਬਸ : ਬੀਤੇ ਦਿਨ ਅਮਰੀਕਾ ਦੇ ਓਹਾਇਓ ਸੂਬੇ ਦੀ ਰਾਜਧਾਨੀ ਕੋਲੰਬਸ ਵਿੱਚ ਵੱਖ-ਵੱਖ ਸੱਭਿਆਚਾਰਕ ਅਤੇ ਧਰਮਾਂ ਸੰਬੰਧੀ ਬਹੁ-ਸੱਭਿਚਾਰਕ ਸਿੱਖਿਆ ਬਿੱਲ (ਐਚ ਬੀ 171) ਦੇ ਸਮਰਥਕਾਂ ਨੇ ਓਹਾਇਓ ਸਟੇਟ ਹਾਊਸ ਵਿੱਚ ਪ੍ਰਾਇਮਰੀ ਅਤੇ ਸੈਕੰਡਰੀ ਐਜੂਕੇਸ਼ਨ ਕਮੇਟੀ ਸਾਹਮਣੇ ਸੁਣਵਾਈ ਦੌਰਾਨ ਆਪਣਾ ਪੱਖ ਪੇਸ਼ ਕੀਤਾ। ਇਹ ਬਿੱਲ ਓਹਾਇਓ ਸੂਬੇ ਦੀ ਡੀਸਟ੍ਰਿਕਟ 4 ਦੇ ਪ੍ਰਤੀਨਿਧ (ਰਿਪਰੀਜ਼ੈਨਟੇਟਿਵ) ਮੈਰੀ ਲਾਈਟਬੋਡੀ ਜੋ ਕਿ ਡੇਮੋਕਰੈਟ ਪਾਰਟੀ ਤੋਂ ਹਨ, ਉਸ ਵਲੋਂ ਪੇਸ਼ ਕੀਤਾ ਗਿਆ।





ਇਸ ਬਿੱਲ ਵਿੱਚ ਏਸ਼ੀਅਨ ਅਮੈਰੀਕਨ ਤੇ ਪੈਸੀਫਿਕ ਆਈਲੈਂਡ ਕਮਿਊਨਿਟੀ ਬਾਰੇ ਸਮਾਜਿਕ ਵਿਗਿਆਨ ਵਿੱਚ ਜਾਣਕਾਰੀ ਸ਼ਾਮਲ ਕਰਨ ਦੀ ਵਿਵਸਥਾ ਹੈ। ਇਸ ਸਮੇਂ ਸਕੂਲੀ ਪਾਠਕ੍ਰਮ ਵਿੱਚ ਸਿੱਖਾਂ ਸਣੇ ਕਈ ਹੋਰ ਘੱਟ ਗਿਣਤੀ ਭਾਈਚਾਰਿਆਂ ਬਾਰੇ ਜਾਣਕਾਰੀ ਪੜ੍ਹਾਈ ਵਿੱਚ ਸ਼ਾਮਲ ਨਹੀਂ ਹੈ। ਇਸ ਬਿੱਲ ਨੂੰ OPAWL ਸੰਸਥਾ ਦੇ ਯਤਨਾਂ ਰਾਹੀਂ ਤਿਆਰ ਕੀਤਾ ਗਿਆ ਹੈ। ਇਸ ਮੁਹਿੰਮ ਦੀ ਪ੍ਰਬੰਧਕ ਅਰਿਆਨਾ ਕੋਲਾਵਾਲਾ, ਲੀਜ਼ਾ ਫੈਕਟੋਰੀ ਬੋਰਚਰਜਸ਼, ਉਸਦੀ 8 ਸਾਲ ਦੀ ਧੀ ਰੋਜ਼ਾਰੀਓ ਬੋਰਚਰਜਸ਼ ਅਤੇ ਓਹਾਇਓ ਕੌਂਸਲ ਆਫ ਦਿ ਸੋਸ਼ਲ ਸਟੱਡੀਜ਼ ਦੇ ਦੋ ਪ੍ਰਤੀਨਿਧਾਂ ਨੇ ਬਿੱਲ ਦੇ ਹੱਕ ਵਿੱਚ ਕਮੇਟੀ ਅੱਗੇ ਆਪਣਾ ਪੱਖ ਪੇਸ਼ ਕੀਤਾ। ਸੁਣਵਾਈ ਤੋਂ ਪਹਿਲਾਂ ਕਲੀਵਲੈਂਡ ਤੋਂ ਅਧਿਆਪਕ ਸਨਮਪ੍ਰੀਤ ਕੌਰ ਗਿੱਲ ਸਣੇ ਹੋਰਨਾਂ ਭਾਈਚਾਰਿਆਂ ਦੇ ਤਕਰੀਬਨ 70 ਸਮਰਥਕਾਂ ਨੇ ਵੀ ਕਮੇਟੀ ਨੂੰ ਪੱਤਰ ਲਿਖ ਕੇ ਆਪਣਾ ਪੱਖ ਭੇਜਿਆ ਸੀ।

ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਸਿੱਖ ਧਰਮ ਸਮੇਤ ਏਸ਼ੀਅਨ ਖਿੱਤੇ ਦੇ ਵੱਖ-ਵੱਖ ਭਾਈਚਾਰਿਆਂ ਬਾਰੇ ਜਾਣਕਾਰੀ ਸਕੂਲਾਂ ਦੇ ਪਾਠਕ੍ਰਮ ਵਿੱਚ ਸ਼ਾਮਲ ਹੋ ਸਕੇਗੀ ਅਤੇ ਸਿੱਖ ਬੱਚਿਆਂ ਨਾਲ ਸਿੱਖ ਕਕਾਰਾਂ ਬਾਰੇ ਕੀਤੀ ਜਾਂਦੀ ਛੇੜਖਾਣੀ ਨੂੰ ਵੀ ਠੱਲ ਪੈ ਸਕੇਗੀ। ਇਸ ਸੁਣਵਾਈ ਤੋਂ ਪਹਿਲਾਂ ਰਿਪਰੀਜ਼ੈਨਟੇਟਿਵ ਮੈਰੀ ਲਾਈਟਬੋਡੀ ਸਣੇ ਓਹਾਇਓ ਐਜੂਕੇਸ਼ਨ ਐਸੋਸੀਏਸ਼ਨ, ਇਸਲਾਮੀਕ ਅਮੈਰੀਕਨ ਰੀਲੇਸ਼ਨ ਅਤੇ ਹੋਰਨਾਂ ਸੰਸਥਾਵਾਂ ਦੇ ਨੁਮਾਇੰਦਿਆ ਨੇ ਇਸ ਬਿੱਲ ਦੇ ਹੱਕ ਵਿੱਚ ਪ੍ਰੈੱਸ ਅਤੇ ਹਾਜ਼ਰ ਮੈਂਬਰਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਸਿੱਖਾਂ ਦੀ ਨੁਮਾਇੰਦਗੀ ਕਰ ਰਹੀ ਸੰਸਥਾ ਸਿੱਖ ਕੋਲੀਸ਼ਨ ਦੇ ਸੱਦੇ 'ਤੇ ਸਿੱਖ ਭਾਈਚਾਰੇ ਵੱਲੋਂ ਸਮੀਪ ਸਿੰਘ ਗੁਮਟਾਲਾ ਨੇ ਸੰਬੋਧਨ ਕਰਦਿਆਂ ਬਿੱਲ ਨੂੰ ਪੇਸ਼ ਕਰਨ ਲਈ ਰਿਪਰੀਜ਼ੈਨਟੇਟਿਵ ਮੈਰੀ ਲਾਈਟਬੋਡੀ ਦਾ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਸਿੱਖ 125 ਸਾਲਾਂ ਤੋਂ ਅਮਰੀਕਾ ਦਾ ਹਿੱਸਾ ਹਨ ਪਰ ਬਹੁਤੇ ਅਮਰੀਕਨ ਲੋਕਾਂ ਨੂੰ ਸਿੱਖਾਂ ਅਤੇ ਉਹਨਾਂ ਦੀ ਵੱਖਰੀ ਪਛਾਣ ਬਾਰੇ ਜਾਣਕਾਰੀ ਨਹੀਂ ਹੈ। ਸਕੂਲਾਂ ਵਿੱਚ ਹੋਰਨਾਂ ਧਰਮਾਂ ਦੀ ਜਾਣਕਾਰੀ ਦੇਣ ਸਮੇਂ ਸਿੱਖ ਧਰਮ ਬਾਰੇ ਨਾ ਦੱਸੇ ਜਾਣ ਕਾਰਨ ਸਿੱਖ ਬੱਚਿਆਂ ਨੂੰ ਕਈ ਵਾਰ ਵਿਤਕਰੇ (ਬੁਲਿੰਗ) ਦਾ ਸਾਹਮਣਾ ਕਰਨਾ ਪੈਂਦਾ ਹੈ।ਸਿੱਖ ਕੋਲੀਸ਼ਨ ਵੱਲੋਂ ਸਕੂਲਾਂ ਵਿੱਚ ਬੱਚਿਆਂ ਨਾਲ ਹੁੰਦੀ ਬੁਲਿੰਗ ਸੰਬੰਧੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਗੁਮਟਾਲਾ ਨੇ ਦੱਸਿਆ ਕਿ 67% ਸਿੱਖ ਬੱਚਿਆਂ ਨੂੰ ਆਪਣੀ ਦਸਤਾਰ ਜਾਂ ਕਕਾਰਾਂ ਰੱਖਣ 'ਤੇ ਬੁਲਿੰਗ ਕੀਤਾ ਜਾਂਦਾ ਹੈ। ਵੱਡੀ ਗਿਣਤੀ ਵਿੱਚ ਸਿੱਖ ਬੱਚਿਆਂ ਨਾਲ ਹੋ ਰਹੀ ਬੁਲਿੰਗ ਦੀ ਇਹ ਔਸਤ ਗਿਣਤੀ ਪੂਰੇ ਅਮਰੀਕਾ ਵਿੱਚ ਹੋਰਨਾਂ ਭਾਈਚਾਰਿਆਂ ਦੇ ਬੱਚਿਆਂ ਦੀ ਗਿਣਤੀ ਨਾਲੋਂ ਦੁਗਣੀ ਹੈ। ਮੈਂ ਸਕੂਲ ਵਿੱਚ ਪੜ੍ਹ ਰਹੇ 2 ਬੱਚਿਆਂ ਦਾ ਪਿਤਾ ਹਾਂ ਤੇ ਮੇਰੇ ਲਈ ਵੀ ਇਹਨੀ ਵੱਡੀ ਗਿਣਤੀ ਵਿੱਚ ਬੁਲਿੰਗ ਚਿੰਤਾਜਨਕ ਹੈ।

ਰਿਪਰੀਜ਼ੈਨਟੇਟਿਵ ਮੈਰੀ ਲਾਈਟਬੋਡੀ ਨੇ ਗੁਮਟਾਲਾ, ਉਹਨਾਂ ਦੀ ਸਪੁੱਤਰੀ ਮਿਹਰ ਕੌਰ, ਸਕੂਲ ਅਧਿਆਪਕ ਸਨਮਦੀਪ ਕੌਰ ਗਿੱਲ ਨੂੰ ਕਿਹਾ ਕਿ ਮੈਨੂੰ ਉਮੀਦ ਹੈ ਇਸ ਬਿੱਲ ਦੇ ਪਾਸ ਹੋਣ ਨਾਲ ਸਕੂਲੀ ਪਾਠਕ੍ਰਮ ਵਿੱਚ ਸਿੱਖ ਕਮਿਊਨਿਟੀ ਬਾਰੇ ਵੀ ਜਾਣਕਾਰੀ ਓਹਾਇਓ ਦੇ ਵਿਦਿਆਰਥੀਆਂ ਨੂੰ ਮਿਲੇਗੀ।ਜੂਨ ਮਹੀਨੇ ਵਿੱਚ ਪਹਿਲੀ ਸੁਣਵਾਈ ਤੋਂ ਪਹਿਲਾਂ ਸਿੱਖ ਕੋਲੀਸ਼ਨ ਵਲੋਂ ਦਿੱਤੇ ਗਏ ਸੱਦੇ 'ਤੇ ਕੋਲੰਬਸ, ਸਿਨਸਿਨਾਟੀ, ਡੇਟਨ, ਕਲੀਵਲੈਂਡ ਤੇ ਹੋਰਨਾਂ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸਿੱਖ, ਓਹਾਇਓ ਸਟੇਟ ਹਾਊਸ ਪੁੱਜੇ ਸਨ। ਇੱਥੇ ਉਹਨਾਂ ਨੇ ਇਸ ਬਿੱਲ ਦੇ ਸਮਰਥਕਾਂ ਹੋਰਨਾਂ ਭਾਈਚਾਰਿਆਂ ਨਾਲ ਮਿਲ ਕੇ ਸੂਬੇ ਦੇ ਵੱਖ-ਵੱਖ ਪਾਰਟੀਆਂ ਦੇ ਚੁਣੇ ਹੋਏ ਪ੍ਰਤੀਨਿਧਾਂ ਕੋਲ ਜਾ ਕੇ ਹਾਉਸ ਬਿੱਲ 171 ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ ਸੀ। ਸੂਬੇ ਦੇ ਵੱਖ-ਵੱਖ ਗੁਰਦੁਆਰਿਆਂ ਵਲੋਂ ਵੀ ਇਸ ਬਿੱਲ ਦੇ ਹੱਕ ਵਿੱਚ ਦਸਤਖ਼ਤੀ ਮੁਹਿੰਮ ਅਰੰਭੀ ਗਈ ਸੀ ਤੇ ਆਪਣੇ ਆਪਣੇ ਇਲਾਕੇ ਦੇ ਨੁਮਾਇੰਦਿਆਂ ਨੂੰ ਮੰਗ ਪੱਤਰ ਵੀ ਦਿੱਤੇ ਗਏ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਨੇ ਵੀਜ਼ਾ ਨੀਤੀ 'ਚ ਕੀਤਾ ਬਦਲਾਅ



ਨਿਊਯਾਰਕ : ਅਮਰੀਕਾ ਨੇ ਵਿਦਿਆਰਥੀਆਂ ਲਈ ਨਵੀਂ ਵੀਜ਼ਾ ਪਾਲਿਸੀ ਤਿਆਰ ਕੀਤੀ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ (ਯੂ. ਐੱਸ. ਸੀ. ਆਈ. ਐੱਸ.) ਨੇ ਐੱਫ-1 ਵੀਜ਼ਾ 'ਤੇ ਅਮਰੀਕਾ 'ਚ ਕੌਮਾਂਤਰੀ ਵਿਦਿਆਰਥੀਆਂ ਨੂੰ ਧਿਆਨ 'ਚ ਰੱਖਦੇ ਹੋਏ ਮਹੱਤਵਪੂਰਨ ਬਦਲਾਅ ਕੀਤੇ ਹਨ। ਇਸ ਨਾਲ ਵਿਦਿਆਰਥੀ ਪਹਿਲੀ ਵਾਰ ਐੱਫ-1 ਵੀਜ਼ਾ ਲਈ ਸਿੱਧਾ ਰੋਜ਼ਗਾਰ ਆਧਾਰਿਤ (ਈ.ਬੀ.) ਸ਼੍ਰੇਣੀ 'ਚ ਅਪਲਾਈ ਕਰ ਸਕਦੇ ਹਨ। ਬਿਆਨ 'ਚ ਕਿਹਾ ਗਿਆ ਹੈ ਕਿ ਐੱਫ-1 ਵੀਜ਼ਾ ਵਿਦਿਆਰਥੀ ਪਰਮਾਨੈਂਟ ਲੇਬਰ ਸਰਟੀਫਿਕੇਸ਼ਨ ਐਪਲੀਕੇਸ਼ਨ ਜਾਂ ਪ੍ਰਵਾਸੀ ਵੀਜ਼ਾ ਪਟੀਸ਼ਨ ਦੇ ਲਾਭਪਾਤਰੀ ਹੋ ਸਕਦੇ ਹਨ। ਅਜਿਹੇ 'ਚ ਅਸਥਾਈ ਮਿਆਦ ਦੇ ਪ੍ਰਵਾਸ ਤੋਂ ਬਾਅਦ ਵੀ ਉਹ ਆਪਣੀ ਇੱਛਾ ਅਨੁਸਾਰ ਅਮਰੀਕਾ 'ਚ ਰਹਿ ਸਕਦੇ ਹਨ। ਇਮੀਗ੍ਰੇਸ਼ਨ ਸੇਵਾ ਨੇ ਐੱਫ. ਅਤੇ ਐੱਮ. ਵੀਜ਼ਾਧਾਰਕਾਂ ਲਈ ਪਾਲਿਸੀ ਗਾਈਡੈਂਸ (ਮਾਰਗਦਰਸ਼ਨ) ਜਾਰੀ ਕੀਤਾ ਹੈ। ਵੀਜ਼ਾ ਪਾਲਿਸੀ 'ਚ ਹੋਏ ਬਦਲਾਅ ਤੋਂ ਬਾਅਦ ਅਮਰੀਕਾ 'ਚ ਸਟੈਮ ਡਿਗਰੀ (ਵਿਗਿਆਨ, ਤਕਨੀਕ, ਇੰਜੀਨੀਅਰਿੰਗ ਅਤੇ ਗਣਿਤ) ਪੂਰੀ ਕਰਨ ਵਾਲੇ ਵਿਦਿਆਰਥੀਆਂ ਲਈ ਮੌਕਿਆਂ 'ਚ ਵਾਧਾ ਹੋਇਆ ਹੈ। ਅਜਿਹੇ 'ਚ ਗ੍ਰੈਜੂਏਟ ਵਿਦਿਆਰਥੀ ਹੁਣ ਸ਼ੁਰੂਆਤੀ ਪੜਾਅ ਦੇ ਸਟਾਰਟਅਪ 'ਚ ਕੰਮ ਕਰਨ ਲਈ ਆਪਣੇ 36 ਮਹੀਨਿਆਂ ਦੇ ਆਪਸ਼ਨਲ ਪ੍ਰੈਕਟੀਕਲ ਟ੍ਰੇਨਿੰਗ (ਓ. ਪੀ. ਟੀ.) ਦੀ ਵਰਤੋਂ ਕਰ ਸਕਦੇ ਹਨ। ਸਟਾਰਟਅਪ ਨੂੰ ਟ੍ਰੇਨਿੰਗ ਯੋਜਨਾ ਦੀਆਂ ਲੋੜਾਂ ਦੀ ਪਾਲਣਾ ਕਰਨੀ ਪਵੇਗੀ, ਈ-ਸਰਟੀਫਿਕੇਸ਼ਨ ਦੇ ਨਾਲ ਚੰਗੀ ਹਾਲਤ 'ਚ ਰਹਿਣਾ ਹੋਵੇਗਾ ਅਤੇ ਹੋਰ ਲੋੜਾਂ ਨਾਲ ਅਮਰੀਕੀ ਕਿਰਤੀਆਂ ਦੇ ਬਰਾਬਰ ਰਕਮ ਅਦਾ ਕਰਨੀ ਪਵੇਗੀ।

ਐੱਫ-1 ਵੀਜ਼ਾ ਅਮਰੀਕਾ ਦੇ ਸਿੱਖਿਆ ਪ੍ਰੋਗਰਾਮਾਂ 'ਚ ਦਾਖਲਾ ਲੈਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਵਲੋਂ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਵੀਜ਼ਾ ਹੈ। ਇਹ ਵਿਸ਼ੇਸ਼ ਤੌਰ 'ਤੇ ਉਨ੍ਹਾਂ ਵਿਦਿਆਰਥੀਆਂ ਲਈ ਹੈ, ਜੋ ਸੰਪੂਰਨ ਸਿਖਿਆ ਸਿਲੇਬਸ 'ਚ ਦਾਖਲਾ ਲੈਂਦੇ ਹਨ। ਪਹਿਲਾਂ ਇਹ ਵੀਜ਼ਾ ਪ੍ਰੋਗਰਾਮ ਦੀ ਸ਼ੁਰੂਆਤ ਤੋਂ 30 ਦਿਨ ਪਹਿਲਾਂ ਅਮਰੀਕਾ ਪਹੁੰਚਣ ਅਤੇ ਪੜਾਈ ਪੂਰੀ ਕਰਨ ਤੋਂ ਬਾਅਦ 60 ਦਿਨਾਂ ਤੱਕ ਰਹਿਣ ਦੀ ਇਜਾਜ਼ਤ ਦਿੰਦਾ ਸੀ ਪਰ ਹੁਣ ਇਸ 'ਚ ਬਦਲਾਅ ਹੋਇਆ ਹੈ। ਇਹ ਵੀਜ਼ਾ ਉਨ੍ਹਾਂ ਵਿਦਿਆਰਥੀਆਂ ਲਈ ਬਣਾਇਆ ਗਿਆ ਹੈ, ਜੋ ਅਮਰੀਕਾ 'ਚ ਕਮਰਸ਼ੀਅਲ ਅਤੇ ਗੈਰ-ਸਿਖਿਅਕ ਸਿਲੇਬਸਾਂ 'ਚ ਦਾਖਲਾ ਲੈਂਦੇ ਹਨ। ਐੱਮ-1 ਵੀਜ਼ਾਧਾਰਕਾਂ ਦੇ ਮੁਕਾਬਲੇ 'ਚ ਐੱਮ-1 ਵੀਜ਼ਾਧਾਰਕਾਂ ਕੋਲ ਰੋਜ਼ਗਾਰ ਦੇ ਬਦਲ ਸੀਮਤ ਹੁੰਦੇ ਹਨ।

# ਅਮਰੀਕਾ 'ਚ ਰਹਿੰਦੇ ਭਾਰਤੀ ਮੂਲ ਦੇ ਮਸ਼ਹੂਰ ਕਾਮੇਡੀਅਨ ਨੀਲ ਨੰਦਾ ਦਾ ਦਿਹਾਂਤ



ਨਿਊਯਾਰਕ : ਬੀਤੇ ਦਿਨ ਭਾਰਤੀ ਮੂਲ ਦੇ ਸਟੈਂਡਅੱਪ ਕਾਮੇਡੀਅਨ ਨੀਲ ਨੰਦਾ ਦਾ ਸਿਰਫ਼ 32 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ। ਨਾਮਵਰ ਕਾਮੇਡੀਅਨ ਨੀਲ ਨੰਦਾ ਦੇ ਮੈਨੇਜਰ ਗ੍ਰੇਗ ਵੇਇਸ ਨੇ ਇਸ ਦੀ ਜਾਣਕਾਰੀ ਦਿੱਤੀ। ਸਟੈਂਡਅੱਪ ਕਾਮੇਡੀਅਨ ਨੀਲ ਨੰਦਾ ਦੀ ਮੌਤ ਦਾ ਕਾਰਨ ਅਜੇ ਤੱਕ ਜਾਰੀ ਨਹੀਂ ਕੀਤਾ ਗਿਆ ਹੈ। ਨੀਲ ਨੰਦਾ 'ਜਿੰਮੀ ਕਿਮਲ ਲਾਈਵ' ਅਤੇ 'ਕਾਮੇਡੀ ਸੈਂਟਰਲ' ਲਈ ਅਮਰੀਕਾ ਵਿੱਚ ਕਾਫੀ ਮਸ਼ਹੂਰ ਸੀ। ਨੀਲ ਨੂੰ ਬਚਪਨ ਤੋਂ ਹੀ ਕਾਮੇਡੀ ਦਾ ਸ਼ੌਕ ਸੀ। ਉਸ ਦਾ ਜਨਮ ਅਮਰੀਕਾ ਦੇ ਸ਼ਹਿਰ ਅਟਲਾਂਟਾ ਵਿੱਖੇ ਭਾਰਤੀ ਪਰਿਵਾਰ ਵਿਚ ਹੋਇਆ ਸੀ।

ਨੀਲ ਨੰਦਾ ਲਾਸ ਏਂਜਲਸ (ਕੈਲੀਫੋਰਨੀਆ) ਵਿੱਚ ਰਹਿੰਦਾ ਸੀ। ਉਸ ਨੂੰ ਬਚਪਨ ਤੋਂ ਹੀ ਕਾਮੇਡੀ ਦਾ ਸ਼ੌਕ ਸੀ ਅਤੇ ਜਦੋਂ ਉਹ ਵੱਡਾ ਹੋਇਆ ਤਾਂ ਉਸ ਨੇ ਕਾਮੇਡੀ ਨੂੰ ਅਮਰੀਕਾ ਵਿੱਚ ਆਪਣਾ ਕਿੱਤਾ ਬਣਾ ਲਿਆ। ਨੀਲ ਦੇ ਮੈਨੇਜਰ, ਗ੍ਰੇਗ ਵੇਇਸ ਨੇ ਕਿਹਾ ਕਿ ਉਹ ਇਹ ਘੋਸ਼ਣਾ ਕਰਦੇ ਹੋਏ ਬਹੁਤ ਦੁਖੀ ਹੈ ਨੀਲ ਨੰਦਾ ਦਾ ਬਹੁਤ ਹੀ ਛੋਟੀ ਉਮਰ32 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ। ਉਸ ਦੇ ਮੈਨੇਜਰ ਗ੍ਰੇਗ ਨੇ ਵੀ ਉਸਨੂੰ ਇੱਕ ਮਹਾਨ ਕਾਮੇਡੀਅਨ, ਇੱਕ ਸ਼ਾਨਦਾਰ ਅਤੇ ਸਾਊ ਵਿਅਕਤੀ ਦੱਸਿਆ।

# ਦਿ ਡਿਕਸੀ ਚਿਕਸ ਦੀ ਸੰਸਥਾਪਕ ਮੈਂਬਰ ਲੌਰਾ ਲਿੰਚ ਦੀ ਸੜਕ ਹਾਦਸੇ 'ਚ ਮੌਤ



ਨਿਊਯਾਰਕ : ਦਿ ਡਿਕਸੀ ਚਿਕਸ ਦੀ ਇੱਕ ਸੰਸਥਾਪਕ ਮੈਂਬਰ ਲੌਰਾ ਲਿੰਚ ਦੀ ਟੈਕਸਾਸ ਸੂਬੇ ਦੇ ਹਡਸਪੇਥ ਕਾਉਂਟੀ ਵਿੱਚ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਉਸ ਦੀ ਮੌਤ ਦੀ ਪੁਸ਼ਟੀ ਕੀਤੀ। ਉਹ 65 ਸਾਲ ਦੀ ਸੀ। ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਦੇ ਮੁਤਾਬਕ ਇਹ ਕਾਰ ਹਾਦਸਾ ਸ਼ੁੱਕਰਵਾਰ ਸ਼ਾਮ 5:45 ਦੇ ਕਰੀਬ ਵਾਪਰਿਆ।

ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਲਿੰਚ ਪੂਰਬ ਵੱਲ ਜਾ ਰਹੇ ਦੋ-ਪਾਸੜ ਦੇ ਹਾਈਵੇਅ 'ਤੇ ਗੱਡੀ ਚਲਾ ਰਹੀ ਸੀ, ਜਦੋਂ ਪੱਛਮ ਵੱਲ ਜਾ ਰਹੇ ਇਕ ਡਾਜ ਰਾਮ ਦੇ ਡਰਾਈਵਰ ਨੇ ਕਿਸੇ ਹੋਰ ਵਾਹਨ ਨੂੰ ਪਾਰ ਕਰਨ ਦੀ ਕੋਸ਼ਿਸ਼ ਕੀਤੀ। ਤਾਂ ਉਹ ਲਿੰਚ ਦੇ ਵਾਹਨ ਨਾਲ ਜਾ ਟਕਰਾਈ। ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਡਾਜ ਰਾਮ ਦੇ ਡਰਾਈਵਰ ਨੂੰ ਜ਼ਖਮੀ ਹਾਲਤ 'ਚ ਨੇੜਲੇ ਹਸਪਤਾਲ ਲਿਜਾਇਆ ਗਿਆ। ਟੈਕਸਾਸ ਡੀ.ਪੀ.ਐਸ ਅਨੁਸਾਰ ਮ੍ਰਿਤਕ ਲਿੰਚ ਨੇ ਸੀਟ ਬੈਲਟ ਵੀ ਨਹੀਂ ਲਗਾਈ ਹੋਈ ਸੀ।

# ਅਮਰੀਕਾ 'ਚ ਹੋਵੇਗੀ ਲੱਖਾਂ ਨੌਕਰੀਆਂ 'ਚ ਕਟੌਤੀ




ਨਿਊਯਾਰਕ, (ਰਾਜ ਗੋਗਨਾ) : ਅਮਰੀਕਾ ਤੋਂ ਇਕ ਸਨਸਨੀਖੇਜ਼ ਰਿਪੋਰਟ ਸਾਹਮਣੇ ਆਈ ਹੈ। ਇੱਥੇ ਕਾਂਗਰਸ ਦੇ ਬਜਟ ਦਫਤਰ ਨੇ ਭਵਿੱਖਬਾਣੀ ਕੀਤੀ ਹੈ ਕਿ ਅਗਲੇ ਸਾਲ ਅਮਰੀਕਾ ਵਿੱਚ ਬੇਰੁਜ਼ਗਾਰੀ ਦੀ ਦਰ ਵਧੇਗੀ। CBO ਨੇ ਇਸ ਸਬੰਧੀ ਰਿਪੋਰਟ ਜਾਰੀ ਕੀਤੀ। ਸੰਯੁਕਤ ਰਾਜ ਅਮਰੀਕਾ ਵਿੱਚ 2024 ਵਿੱਚ ਕਿੰਨੀ ਪ੍ਰਤੀਸ਼ਤ ਨੌਕਰੀਆਂ ਦੇ ਖ਼ਤਮ ਹੋਣ ਦੀ ਸੰਭਾਵਨਾ ਹੈ। ਕਾਂਗਰਸ ਦੇ ਬਜਟ ਦਫਤਰ (ਸੀ.ਬੀ.ਓ) ਦੁਆਰਾ ਦਸੰਬਰ ਨੂੰ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਮੌਜੂਦਾ 3.9 ਪ੍ਰਤੀਸ਼ਤ ਦੀ ਬੇਰੁਜ਼ਗਾਰੀ ਦਰ 2024 ਵਿੱਚ ਵੱਧ ਕੇ 4.4 ਪ੍ਰਤੀਸ਼ਤ ਹੋਣ ਦੀ ਸੰਭਾਵਨਾ ਹੈ। ਇਸਦਾ ਮਤਲਬ ਹੈ ਕਿ ਅਗਲੇ ਸਾਲ ਲੱਖਾਂ ਅਮਰੀਕੀਆਂ ਦੇ ਨੌਕਰੀਆਂ ਗੁਆਉਣ ਦੀ ਸੰਭਾਵਨਾ ਹੈ।

ਜਾਪਦਾ ਹੈ ਕਿ ਸੀ.ਬੀ.ਓ ਦੀ ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਅਗਲੇ ਸਾਲ ਅਮਰੀਕੀ ਅਰਥਚਾਰੇ ਨੂੰ ਨਕਾਰਾਤਮਕ ਨਤੀਜੇ ਭੁਗਤਣੇ ਪੈਣਗੇ। ਇਸ ਤੋਂ ਇਲਾਵਾ ਸੀ.ਬੀ.ਓ ਨੇ ਭਵਿੱਖਬਾਣੀ ਕੀਤੀ ਹੈ ਕਿ ਬਰਾਮਦ ਘਟਣ ਦੀ ਸੰਭਾਵਨਾ ਹੈ, ਨਿਵੇਸ਼ ਵੀ ਘੱਟ ਹੋਵੇਗਾ ਅਤੇ ਪ੍ਰਵਾਸੀ ਭਾਰਤੀਆਂ ਦੁਆਰਾ ਨਿਵੇਸ਼ ਘਟੇਗਾ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਕਾਰਨਾਂ ਕਰਕੇ ਨੌਕਰੀਆਂ ਜਾਣ ਦੀ ਸੰਭਾਵਨਾ ਹੈ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਵਿੱਚ ਹੁਣ ਤੱਕ ਲਗਭਗ 18.70 ਲੱਖ ਲੋਕ ਬੇਰੁਜ਼ਗਾਰੀ ਲਾਭ ਪ੍ਰਾਪਤ ਕਰ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ 2.02 ਲੱਖ ਹੋਰ ਲੋਕ ਅਜਿਹੇ ਲਾਭਾਂ ਲਈ ਅਰਜ਼ੀ ਦੇਣ ਦੀ ਸੰਭਾਵਨਾ ਹੈ।

ਅਮਰੀਕੀ ਕਾਂਗਰਸ ਦੇ ਬਜਟ ਦਫਤਰ ਨੇ ਭਵਿੱਖਬਾਣੀ ਕੀਤੀ ਹੈ ਕਿ 2024 ਵਿੱਚ ਅਮਰੀਕਾ ਵਿੱਚ ਮਹਿੰਗਾਈ ਦਰ ਘਟ ਕੇ ਲਗਭਗ 2.1 ਪ੍ਰਤੀਸ਼ਤ ਰਹਿ ਜਾਵੇਗੀ। ਫੇਡ ਦਾ ਟੀਚਾ ਵੀ 2 ਫੀਸਦੀ ਦੇ ਨੇੜੇ ਜਾਪਦਾ ਹੈ। ਕੁਝ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਉਮੀਦ ਮੁਤਾਬਕ 2024 'ਚ ਅਮਰੀਕਾ 'ਚ ਆਰਥਿਕ ਮੰਦੀ ਆਉਂਦੀ ਹੈ ਤਾਂ ਅਰਥਵਿਵਸਥਾ ਦੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਆਉਣ ਵਾਲੇ ਦਿਨਾਂ ਵਿੱਚ ਸੱਚ ਸਾਹਮਣੇ ਆ ਜਾਵੇਗਾ।

# ਸਾਲ 2023 'ਚ ਭਾਰਤ-ਅਮਰੀਕਾ ਸਬੰਧ: ਤਿੰਨ ਕਦਮ ਵਧੇ ਅੱਗੇ, ਇੱਕ ਕਦਮ ਹਟੇ ਪਿੱਛੇ



ਵਾਸ਼ਿੰਗਟਨ : ਭਾਰਤ-ਅਮਰੀਕਾ ਸਬੰਧਾਂ ਨੂੰ ਲੈ ਕੇ ਸਾਲ 2023 ਕਈ ਮਾਇਨਿਆਂ ਤੋਂ 'ਇਤਿਹਾਸਕ' ਸਾਬਤ ਹੋਇਆ। ਇੱਕ ਸਾਲ ਜਦੋਂ ਇੱਕ ਅਗਾਂਹਵਧੂ ਪਹਿਲਕਦਮੀ ਸ਼ੁਰੂ ਕੀਤੀ ਗਈ ਸੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੱਕ ਦੁਰਲੱਭ ਰਾਜ ਫੇਰੀ ਲਈ ਮੇਜ਼ਬਾਨੀ ਕੀਤੀ ਅਤੇ ਫਿਰ ਨਿੱਜੀ ਤੌਰ 'ਤੇ ਭਾਰਤ ਦੀ ਪ੍ਰਧਾਨਗੀ ਹੇਠ ਜੀ-20 ਸੰਮੇਲਨ ਦੀ ਸਫਲਤਾ ਨੂੰ ਯਕੀਨੀ ਬਣਾਉਂਦੇ ਹੋਏ ਨਵੀਂ ਦਿੱਲੀ ਦੀ ਯਾਤਰਾ ਕੀਤੀ। ਹਾਲਾਂਕਿ ਸਾਲ ਦਾ ਅੰਤ ਨਿਰਾਸ਼ਾਜਨਕ ਘਟਨਾਕ੍ਰਮ 'ਤੇ ਹੋਇਆ ਕਿਉਂਕਿ ਬਾਈਡੇਨ ਪ੍ਰਸ਼ਾਸਨ ਨੇ ਨਿਊਯਾਰਕ ਦੀ ਇਕ ਅਦਾਲਤ ਵਿਚ ਇਕ ਅਮਰੀਕੀ ਨਾਗਰਿਕ 'ਤੇ ਇਕ ਭਾਰਤੀ ਅਧਿਕਾਰੀ 'ਤੇ ਦੇਸ਼ ਦੀ ਧਰਤੀ 'ਤੇ ਇਕ ਵੱਖਵਾਦੀ ਸਿੱਖ ਨੇਤਾ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਚਾਰਜਸ਼ੀਟ ਦਾਇਰ ਕੀਤੀ।


**ਮੋਦੀ-ਬਾਈਡੇਨ ਨੇ ਸਬੰਧ ਸੁਧਾਰਨ ਦੀ ਕੀਤੀ ਕੋਸ਼ਿਸ਼ :** ਹਕੀਕਤ ਇਹ ਹੈ ਕਿ ਇੱਕ ਪਾਸੇ ਅਮਰੀਕਾ ਕਥਿਤ ਸਾਜ਼ਿਸ਼ ਦੇ ਦੋਸ਼ਾਂ ਤਹਿਤ ਅਦਾਲਤੀ ਕਾਰਵਾਈ ਵੱਲ ਵਧਿਆ ਤਾਂ ਦੂਜੇ ਪਾਸੇ ਸੈਨ ਫਰਾਂਸਿਸਕੋ ਵਿੱਚ ਭਾਰਤੀ ਵਣਜ ਦੂਤਘਰ 'ਤੇ ਹਮਲੇ ਅਤੇ ਚੋਟੀ ਦੇ ਭਾਰਤੀਆਂ ਨੂੰ ਖੁੱਲ੍ਹੀਆਂ ਧਮਕੀਆਂ ਦੇਣ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਅਮਰੀਕਾ ਵਿੱਚ ਡਿਪਲੋਮੈਟਾਂ ਨੇ ਅਜਿਹਾ ਨਹੀਂ ਕੀਤਾ। ਇਹ ਇੱਕ ਸਪੱਸ਼ਟ ਪ੍ਰਤੀਬਿੰਬ ਹੈ ਕਿ ਜਦੋਂ ਦੁਨੀਆ ਦੇ ਦੋ ਸਭ ਤੋਂ ਵੱਡੇ ਲੋਕਤੰਤਰਾਂ ਵਿਚਕਾਰ 'ਭਰੋਸੇ' ਦੀ ਗੱਲ ਆਉਂਦੀ ਹੈ ਤਾਂ ਬਹੁਤ ਕੁਝ ਕਰਨ ਦੀ ਜ਼ਰੂਰਤ ਹੁੰਦੀ ਹੈ। ਸਾਲ 2023 ਵਿੱਚ ਮੋਦੀ ਅਤੇ ਬਾਈਡੇਨ ਦੋਵਾਂ ਨੇ ਕਈ ਕੋਸ਼ਿਸ਼ਾਂ ਕੀਤੀਆਂ ਅਤੇ ਅਜਿਹੇ ਕਦਮ ਚੁੱਕੇ ਜਿਸ ਦਾ ਦੇਸ਼ ਦੋਵਾਂ ਦੇਸ਼ਾਂ ਵਿਚਾਲੇ ਇਕ ਵਿਸ਼ਵਾਸਯੋਗ ਹਿੱਸੇਦਾਰੀ ਸਥਾਪਿਤ ਕਰਨਾ ਸੀ, ਜਿਸ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਮੋਦੀ ਨੇ 'ਕ੍ਰਿਟੀਕਲ ਐਂਡ ਐਮਰਜੈਂਸੀ ਟੈਕਨੋਲਜੀ' (ਆਈ.ਸੀ.ਈ.ਟੀ.) ਦੀ ਸ਼ੁਰੂਆਤ ਲਈ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਦੀ ਅਗਵਾਈ ਵਿਚ ਆਪਣੇ ਵਫਦ ਨੂੰ ਭੇਜਣ ਨਾਲ ਕੀਤੀ।

**ਵਪਾਰਕ ਖੇਤਰ 'ਚ ਬਣੇ ਭਾਈਵਾਲ :** ਆਈ. ਸੀ. ਈ. ਟੀ ਰਣਨੀਤਕ ਸੁਰੱਖਿਆ ਅਤੇ ਤਕਨਾਲੋਜੀ ਸਹਿਯੋਗ ਦੇ ਹਿੱਸੇ ਵਜੋਂ ਅਮਰੀਕਾ-ਭਾਰਤ ਸਾਂਝੇਦਾਰੀ ਵਿੱਚ ਇੱਕ ਪ੍ਰਮੁੱਖ ਮੀਲ ਪੱਥਰ ਹੈ। ਦੋਹਾਂ ਦੇਸ਼ਾਂ ਵਿਚਾਲੇ ਦੁਵੱਲਾ ਵਪਾਰ ਇਕ ਨਵੇਂ ਰਿਕਾਰਡ 'ਤੇ ਪਹੁੰਚ ਗਿਆ ਹੈ। ਭਾਰਤ ਸਰਕਾਰ ਅਮਰੀਕੀ ਕੰਪਨੀਆਂ ਨੂੰ ਦੇਸ਼ ਵਿੱਚ ਨਿਰਮਾਣ ਯੂਨਿਟ ਸਥਾਪਤ ਕਰਨ ਅਤੇ ਉਨ੍ਹਾਂ ਦੀ ਮੌਜੂਦਗੀ ਦਾ ਵਿਸਥਾਰ ਕਰਨ ਲਈ ਸਹੂਲਤ ਦੇਣ ਲਈ ਕਈ ਕਦਮ ਚੁੱਕ ਰਹੀ ਹੈ। ਦੂਜੇ ਪਾਸੇ ਬਾਈਡੇਨ ਨੇ ਨਾ ਸਿਰਫ ਭਾਰਤ ਨਾਲ ਜੈੱਟ ਇੰਜਣ ਨਿਰਮਾਣ ਸੌਦੇ ਨੂੰ ਬੇਮਿਸਾਲ ਪ੍ਰਵਾਨਗੀ ਦਿੱਤੀ, ਸਗੋਂ ਭਾਰਤ ਲਈ ਨਿਰਯਾਤ ਕੰਟਰੋਲ ਨਿਯਮਾਂ ਨੂੰ ਢਿੱਲ ਦੇਣ ਲਈ ਕਈ ਪ੍ਰਸ਼ਾਸਨਿਕ ਕਦਮ ਵੀ ਚੁੱਕੇ। ਦੁਵੱਲੇ ਸਬੰਧਾਂ ਨੂੰ ਅਗਲੇ ਪੱਧਰ ਤੱਕ ਲਿਜਾਣ ਦੇ ਆਪਣੇ ਇਰਾਦੇ ਨੂੰ ਦਰਸਾਉਂਦੇ ਹੋਏ, ਬਾਈਡੇਨ ਨੇ ਮੋਦੀ ਨੂੰ ਜੂਨ ਵਿੱਚ ਇੱਕ ਭਾਰਤੀ ਪ੍ਰਧਾਨ ਮੰਤਰੀ ਦੁਆਰਾ ਇੱਕ ਦੁਰਲੱਭ ਰਾਜ ਦੌਰੇ ਲਈ ਸੱਦਾ ਦਿੱਤਾ, ਜਿਸ ਦੌਰਾਨ ਉਸਨੇ ਨਾ ਸਿਰਫ ਵ ?ਹਾਈਟ ਹਾਊਸ ਦੇ ਲਾਅਨ ਨੂੰ ਰਿਕਾਰਡ 15,000 ਭਾਰਤੀ ਅਮਰੀਕੀਆਂ ਲਈ ਖੋਲ੍ਹਿਆ ਸਗੋਂ ਉਨ੍ਹਾਂ ਨਾਲ ਅੱਠ ਘੰਟੇ ਤੋਂ ਵੱਧ ਸਮਾਂ ਬਿਤਾਇਆ।

ਜੀ-20 ਸੰਮਲੇਨ 'ਚ ਸ਼ਾਮਲ ਹੋਏ ਬਾਈਡੇਨ

ਇਸ ਤੋਂ ਬਾਅਦ 100 ਦਿਨਾਂ ਤੋਂ ਵੀ ਘੱਟ ਸਮੇਂ ਵਿੱਚ ਅਮਰੀਕੀ ਰਾਸ਼ਟਰਪਤੀ ਸਤੰਬਰ ਵਿੱਚ ਜੀ-20 ਨੇਤਾਵਾਂ ਦੇ ਸੰਮੇਲਨ ਲਈ ਨਵੀਂ ਦਿੱਲੀ ਪਹੁੰਚ ਗਏ। ਅਜਿਹੇ ਸਮੇਂ ਜਦੋਂ ਰੂਸ-ਯੂਕ੍ਰੇਨ ਯੁੱਧ ਨੂੰ ਲੈ ਕੇ ਦੁਨੀਆ ਡੂੰਘੀ ਤਰ੍ਹਾਂ ਵੰਡੀ ਹੋਈ ਸੀ ਅਤੇ ਚੀਨ ਅਤੇ ਰੂਸ ਦੇ ਨੇਤਾ ਸੰਮੇਲਨ ਵਿੱਚ ਸ਼ਾਮਲ ਨਹੀਂ ਹੋ ਰਹੇ ਸਨ। ਬਾਈਡੇਨ ਨੇ ਯਕੀਨੀ ਬਣਾਇਆ ਕਿ ਜੀ-20 ਸੰਮੇਲਨ ਸਫਲ ਰਹੇ। ਬਾਈਡੇਨ ਪ੍ਰਸ਼ਾਸਨ ਦੇ ਅਧਿਕਾਰੀਆਂ ਦੀਆਂ ਆਮ ਟਿੱਪਣੀਆਂ ਸਨ, 'ਭਾਰਤ ਦੀ ਸਫ਼ਲਤਾ ਅਮਰੀਕਾ ਦੀ ਸਫ਼ਲਤਾ ਹੈ।' ਇਸ ਸਾਲ ਵਿੱਚ ਚੋਟੀ ਦੇ ਅਮਰੀਕੀ ਅਧਿਕਾਰੀਆਂ ਦੁਆਰਾ ਭਾਰਤ ਦੇ ਬੇਮਿਸਾਲ ਪੱਧਰ ਦੇ ਦੌਰੇ ਵੀ ਦੇਖਣ ਨੂੰ ਮਿਲੇ। ਵਿੱਤ ਮੰਤਰੀ ਜੈਨੇਟ ਯੇਲੇਨ ਅਤੇ ਵਿਦੇਸ਼ ਸਕੱਤਰ ਐਂਟਨੀ ਬਲਿੰਕਨ ਵਰਗੇ ਚੋਟੀ ਦੇ ਨੇਤਾਵਾਂ ਨੇ ਭਾਰਤ ਦੇ ਕਈ ਦੌਰੇ ਕੀਤੇ। ਇਸ ਦੇ ਨਾਲ ਹੀ ਮੋਦੀ ਦੀ ਅਗਵਾਈ ਹੇਠ ਭਾਰਤ ਨੇ ਬੋਇੰਗ ਤੋਂ ਵਪਾਰਕ ਜਹਾਜ਼ ਖਰੀਦਣ ਦੇ ਇਤਿਹਾਸਕ ਅਰਬਾਂ ਡਾਲਰ ਦੇ ਸੌਦੇ ਨੂੰ ਹਰੀ ਝੰਡੀ ਦੇਣ ਤੋਂ ਲੈ ਕੇ ਲੰਬੇ ਸਮੇਂ ਤੋਂ ਲਟਕਦੇ ਹਥਿਆਰਬੰਦ ਡਰੋਨ ਸੌਦੇ ਨੂੰ ਮਨਜ਼ੂਰੀ ਦੇਣ ਤੱਕ ਬਰਾਬਰ ਜਵਾਬ ਦਿੱਤਾ।

# ਅਮਰੀਕਾ ਦੇ ਆਇਓਵਾ ਸੂਬੇ ਦੀ ਕੈਸ ਕਾਉਂਟੀ ਵਿੱਚ ਇੰਟਰਸਟੇਟ ਰੂਟ 80 ਤੇ ਹੋਏ ਰੋਲਓਵਰ ਹਾਦਸੇ ਵਿੱਚ ਇੱਕ ਪੰਜਾਬੀ ਟਰੱਕ ਡਰਾਈਵਰ ਦੀ ਮੌਤ



ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਸੂਬੇ ਆਇਓਵਾ ਵਿੱਚ ਹੋਏ ਸੜਕ ਟਰੱਕ ਹਾਦਸੇ ਵਿੱਚ ਇੱਕ ਪੰਜਾਬੀ ਨੌਜਵਾਨ (29) ਸਾਲਾ ਦੇ ਟਰੱਕ ਡਰਾਈਵਰ ਦੀ ਮੌਤ ਹੋ ਗਈ ਹੈ। ਲੰਘੇ ਸ਼ਨੀਵਾਰ ਦੁਪਹਿਰ ਨੂੰ ਕੈਸ ਕਾਉਂਟੀ ਵਿੱਚ ਟਰੱਕ ਦਾ ਸਤੁੰਲਨ ਵਿਗੜ ਗਿਆ ਅਤੇ ਇਕ ਡੂੰਘੀ ਖਾਈ ਵਿੱਚ ਡਿੱਗਣ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਡਰਾਈਵਰ ਦੀ ਪਛਾਣ ਮਲਕ ਸਿੰਘ ਦੇ ਵਜੋਂ ਹੋਈ ਹੈ। ਜੋ ਨਿਊਯਾਰਕ ਦੇ ਪੰਜਾਬੀਆ ਦੀ ਸੰਘਣੀ ਅਬਾਦੀ ਵਾਲੇ ਰਿਚਮੰਡ ਹਿੱਲ ਇਲਾਕੇ ਵਿੱਚ ਰਹਿੰਦਾ ਸੀ। ਅਤੇ 7 ਕੁ ਸਾਲ ਪਹਿਲੇ ਅਮਰੀਕਾ ਗਿਆ ਸੀ ਅਤੇ ਦੋ ਬੱਚਿਆਂ ਦਾ ਬਾਪ ਸੀ। ਜਿਸ ਦਾ ਪੰਜਾਬ ਤੋ ਪਿਛੋਕੜ ਸਮਾਣਾ ਦੇ ਪਿੰਡ ਧਨੌਰੀ ਦੱਸਿਆ ਜਾਂਦਾ ਹੈ।

ਆਇਓਵਾ ਸਟੇਟ ਪੈਟਰੋਲ ਦੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਉਹ ਇੱਕ ਵੋਲਵੋ ਸੈਮੀ ਟਰੱਕ ਇੰਟਰਸਟੇਟ 80 ਤੋਂ ਪੱਛਮ ਵੱਲ 72 ਮੀਲ ਮਾਰਕਰ, ਅਡਾਇਰ ਦੇ ਬਿਲਕੁਲ ਪੱਛਮ ਵੱਲ ਨੂੰ ਸ਼ਾਮ ਦੇ 4:00 ਵਜੇ ਦੇ ਕਰੀਬ ਜਾ ਰਿਹਾ ਸੀ। ਜਦੋਂ ਡਰਾਈਵਰ ਆਪਣਾ ਕੰਟਰੋਲ ਗੁਆ ਬੈਠਾ। ਟਰੱਕ ਆਪਣੀ ਸਾਈਡ 'ਤੇ ਪਲਟ ਗਿਆ ਅਤੇ ਡੂੰਘੀ ਖਾਈ ਵਿੱਚ ਜਾ ਡਿੱਗਿਆ।ਅਤੇ ਪੰਜਾਬੀ ਨੌਜਵਾਨ ਡਰਾਈਵਰ 29 ਸਾਲਾ ਮਲਕ ਸਿੰਘ ਦੀ ਮੌਕੇ ਤੇ ਮੌਤ ਹੋ ਗਈ।

# ਸ਼੍ਰੋਮਣੀ ਕਮੇਟੀ ਵਫ਼ਦ ਵੱਲੋਂ ਜਥੇਦਾਰ ਕਾਉਂਕੇ ਦੇ ਪਰਿਵਾਰ ਨਾਲ ਮੁਲਾਕਾਤ

*ਕਾਨੂੰਨੀ ਚਾਰਾਜੋਈ ਲਈ ਉਸ ਦੀ ਪਤਨੀ ਤੇ ਹੋਰਾਂ ਤੋਂ ਹਾਸਲ ਕੀਤੀ ਜਾਣਕਾਰੀ*



ਜਗਰਾਉਂ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਮਾਮਲੇ ’ਚ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਹੁਕਮਾਂ ਤੋਂ ਇਕ ਦਿਨ ਬਾਅਦ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚਾਰਾਜੋਈ ਸ਼ੁਰੂ ਕਰ ਦਿੱਤੀ ਹੈ। ਭਾਈ ਕਾਉਂਕੇ ਦੇ 31 ਸਾਲ ਪਹਿਲਾਂ ਲਾਪਤਾ ਹੋਣ ਤੋਂ ਬਾਅਦ ਬੀ.ਪੀ. ਤਿਵਾੜੀ ਵਾਲੀ ਜਾਂਚ ਕਮੇਟੀ ਨੇ ਸਰਕਾਰ ਨੂੰ ਰਿਪੋਰਟ ਸੌਂਪੀ ਸੀ। ਇਹ ਰਿਪੋਰਟ ਕਈ ਸਾਲਾਂ ਤੱਕ ਸਰਕਾਰੀ ਫਾਈਲਾਂ ਹੇਠ ਦੱਬੀ ਰਹੀ। ਹੁਣ ਰਿਪੋਰਟ ਜਨਤਕ ਹੋਣ ’ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਕੱਲ੍ਹ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ’ਚ ਕਤਲ ਦਾ ਕੇਸ ਦਰਜ ਕਰਵਾਉਣ ਲਈ ਲੋੜੀਂਦੇ ਕਦਮ ਚੁੱਕਣ ਦੇ ਹੁਕਮ ਜਾਰੀ ਕੀਤੇ ਸਨ। ਜਥੇਦਾਰ ਦੇ ਮੁਲਜ਼ਮ ਅਫ਼ਸਰਾਂ ਖ਼ਿਲਾਫ਼ ਪਰਚਾ ਦਰਜ ਕਰਵਾਉਣ ਦੇ ਹੁਕਮਾਂ ’ਤੇ ਤਾਮੀਲ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਦਾ ਵਫ਼ਦ ਪਿੰਡ ਕਾਉਂਕੇ ਕਲਾਂ ਵਿਚ ਭਾਈ ਕਾਉਂਕੇ ਦੇ ਗ੍ਰਹਿ ਵਿਖੇ ਪਹੁੰਚਿਆ। ਵਫ਼ਦ ਨੇ ਭਾਈ ਕਾਉਂਕੇ ਦੀ ਪਤਨੀ ਬੀਬੀ ਗੁਰਮੇਲ ਕੌਰ ਅਤੇ ਉਨ੍ਹਾਂ ਦੇ ਪੁੱਤਰ ਭਾਈ ਹਰੀ ਸਿੰਘ ਅਤੇ ਪਿੰਡ ਦੀਆਂ ਨਾਮਵਰ ਸ਼ਖ਼ਸੀਅਤਾਂ ਨਾਲ ਮੁਲਾਕਾਤ ਕੀਤੀ। ਸ਼੍ਰੋਮਣੀ ਕਮੇਟੀ ਦੇ ਜਗਰਾਉਂ ਤੋਂ ਮੈਂਬਰ ਅਤੇ ਸਾਬਕਾ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਵਿੰਗ ਦੇ ਸੇਵਾਦਾਰ ਭਗਵੰਤ ਸਿੰਘ ਸਿਆਲਕਾ ਅਤੇ ਉਨ੍ਹਾਂ ਦੀ ਟੀਮ ਦੀ ਇਸ ਪ੍ਰਸੰਗ ਵਿਚ ਡਿਊਟੀ ਲਾਈ ਹੈ। ਇਸ ਤੋਂ ਬਾਅਦ ਵਫ਼ਦ ਨੇ ਪਿੰਡ ਕਾਉਂਕੇ ਕਲਾਂ ਪੁੱਜ ਕੇ ਕੇਸ ਸਬੰਧੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਸ਼ ?ਰੋਮਣੀ ਕਮੇਟੀ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਤੱਕ ਕਾਨੂੰਨੀ ਲੜਾਈ ਲੜੇਗੀ।

# ਕਾਉਂਕੇ ਮਾਮਲਾ: ਜਥੇਦਾਰ ਵੱਲੋਂ ਦੋਸ਼ੀਆਂ ਖ਼ਿਲਾਫ਼ ਕਤਲ ਕੇਸ ਦਰਜ ਕਰਵਾਉਣ ਦੇ ਹੁਕਮ

- ਸ਼੍ਰੋਮਣੀ ਕਮੇਟੀ ਨੂੰ ਰਿਪੋਰਟ ਭੇਜ ਕੇ ਕਾਨੂੰਨੀ ਪੱਖਾਂ ਤੋਂ ਘੋਖ ਤੇ ਢੁਕਵੀਂ ਕਾਰਵਾਈ ਕਰਨ ਲਈ ਕਿਹਾ
- ਕਾਉਂਕੇ ਦਾ ਕਤਲ ਸਿੱਖ ਨੌਜਵਾਨਾਂ ਦੀ ਨਸਲਕੁਸ਼ੀ ਦੀ ਬੇਹੱਦ ਘਿਣਾਉਣੀ ਮਿਸਾਲ: ਗਿਆਨੀ ਰਘਬੀਰ ਸਿੰਘ





ਅੰਮ੍ਰਿਤਸਰ : ਸ੍ਰੀ ਅਕਾਲ ਤਖਤ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਜਾਂ ਲਾਪਤਾ ਹੋਣ ਦੀ ਪੁਲੀਸ ਰਿਪੋਰਟ ਸਾਹਮਣੇ ਆਉਣ ਤੋਂ ਬਾਅਦ ਅੱਜ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਇਹ ਰਿਪੋਰਟ ਭੇਜ ਕੇ ਇਸ ਦੀ ਕਾਨੂੰਨੀ ਪੱਖਾਂ ਤੋਂ ਘੋਖ ਕਰਦਿਆਂ ਢੁਕਵੀਂ ਕਾਰਵਾਈ ਕਰਨ ਅਤੇ ਕਾਤਲਾਂ ਵਿਰੁੱਧ ਕਤਲ ਦਾ ਕੇਸ ਦਰਜ ਕਰਵਾਉਣ ਦੇ ਹੁਕਮ ਦਿੱਤੇ ਹਨ। ਦੱਸਣਯੋਗ ਹੈ ਕਿ ਬੀਤੇ ਦਿਨ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਐਡਵੋਕੇਟ ਸਰਬਜੀਤ ਸਿੰਘ ਵੱਲੋਂ ਇਸ ਮਾਮਲੇ ਦੀ ਇੱਕ ਰਿਪੋਰਟ ਸ੍ਰੀ ਅਕਾਲ ਤਖ਼ਤ ਨੂੰ ਸੌਂਪੀ ਗਈ ਸੀ। ਇਹ ਜਾਂਚ ਰਿਪੋਰਟ 1998 ਵਿੱਚ ਪੰਜਾਬ ਪੁਲੀਸ ਦੇ ਤਤਕਾਲੀ ਐਡੀਸ਼ਨਲ ਡਾਇਰੈਕਟਰ ਜਨਰਲ ਬੀ.ਪੀ. ਤਿਵਾੜੀ ਵੱਲੋਂ ਇਸ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਤਿਆਰ ਕੀਤੀ ਗਈ ਅਤੇ ਸਰਕਾਰ ਨੂੰ ਸੌਂਪੀ ਗਈ ਸੀ ਪਰ ਇਹ ਰਿਪੋਰਟ ਲਗਪਗ 25 ਸਾਲ ਸਰਕਾਰ ਕੋਲ ਫਾਈਲਾਂ ਹੇਠ ਦੱਬੀ ਰਹੀ ਅਤੇ ਇਸ ’ਤੇ ਕੋਈ ਕਾਰਵਾਈ ਨਹੀਂ ਹੋਈ। ਹੁਣ ਇਹ ਰਿਪੋਰਟ ਜਨਤਕ ਹੋਈ ਹੈ ਅਤੇ ਦਸੰਬਰ 1992-93 ਵਿੱਚ ਪੁਲੀਸ ਵੱਲੋਂ ਭਾਈ ਕਾਉਂਕੇ ਖ਼ਿਲਾਫ਼ ਕੀਤੀ ਗਈ ਕਾਰਵਾਈ ਦਾ ਸੱਚ ਸਾਹਮਣੇ ਆ ਗਿਆ ਹੈ।

ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਦਾ ਕਤਲ 90ਵਿਆਂ ਦੌਰਾਨ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਵੱਲੋਂ ਪੰਜਾਬ ਪੁਲੀਸ ਦੇ ਤਤਕਾਲੀ ਮੁਖੀ ਕੇਪੀਐੱਸ ਗਿੱਲ ਰਾਹੀਂ ਹਜ਼ਾਰਾਂ ਸਿੱਖ ਨੌਜਵਾਨਾਂ ਦੀ ਕੀਤੀ ਗਈ ਨਸਲਕੁਸ਼ੀ ਦੀ ਇੱਕ ਬੇਹੱਦ ਘਿਣਾਉਣੀ ਮਿਸਾਲ ਹੈ ਜੋ ਕਿ ਦੁਨੀਆ ਸਾਹਮਣੇ ਆਉਣੀ ਚਾਹੀਦੀ ਹੈ ਅਤੇ ਭਾਈ ਕਾਉਂਕੇ ਦੇ ਕਾਤਲਾਂ ਨੂੰ ਬੇਪਰਦ ਕਰ ਕੇ ਉਨ੍ਹਾਂ ਨੂੰ ਮਿਸਾਲੀ ਸਜ਼ਾਵਾਂ ਮਿਲਣੀਆਂ ਬੇਹੱਦ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਭਾਈ ਕਾਉਂਕੇ ਨੂੰ 25 ਦਸੰਬਰ 1992 ਨੂੰ ਪੰਜਾਬ ਪੁਲੀਸ ਵੱਲੋਂ ਘਰੋਂ ਅਗਵਾ ਕਰ ਕੇ ਨਾਜਾਇਜ਼ ਹਿਰਾਸਤ ਵਿੱਚ ਰੱਖ ਕੇ ਅਣਮਨੁੱਖੀ ਤਸ਼ੱਦਦ ਕਰਨ ਤੋਂ ਬਾਅਦ ਪੁਲੀਸ ਹਿਰਾਸਤ ਵਿੱਚੋਂ ਭੱਜਣ ਦਾ ਝੂਠਾ ਕੇਸ ਦਰਜ ਕਰ ਕੇ ਭਗੌੜਾ ਕਰਾਰ ਦਿੱਤਾ ਗਿਆ ਸੀ। ਉਨ੍ਹਾਂ ਦੇ ਭੇਤ-ਭਰੀ ਹਾਲਤ ਵਿੱਚ ਲਾਪਤਾ ਹੋਣ ਸਬੰਧੀ ਪੜਤਾਲ ਕਰਨ ਦੀ ਮੰਗ ’ਤੇ 7 ਜੂਨ 1998 ਨੂੰ ਤਤਕਾਲੀ ਡੀਜੀਪੀ ਨੇ ਏਡੀਜੀਪੀ ਬੀ.ਪੀ. ਤਿਵਾੜੀ ਨੂੰ ਪੜਤਾਲ ਕਰਨ ਦੇ ਹੁਕਮ ਦਿੱਤੇ ਸਨ। ਸ੍ਰੀ ਤਿਵਾੜੀ ਨੇ ਆਪਣੀ ਪੜਤਾਲ ਦੌਰਾਨ ਭਾਈ ਕਾਉਂਕੇ ਦੇ ਪੁਲੀਸ ਹਿਰਾਸਤ ਵਿੱਚੋਂ ਭੱਜਣ ਦੀ ਕਹਾਣੀ ਨੂੰ ਝੂਠਾ ਪਾਇਆ ਸੀ। ਉਨ੍ਹਾਂ ਭਾਈ ਕਾਉਂਕੇ ਨੂੰ ਘਰੋਂ ਚੁੱਕ ਕੇ ਨਾਜਾਇਜ਼ ਹਿਰਾਸਤ ਵਿੱਚ ਰੱਖ ਕੇ ਅਣਮਨੁੱਖੀ ਤਸ਼ੱਦਦ ਕਰਨ ਮਗਰੋਂ ਕਤਲ ਕਰਨ ਸਬੰਧੀ ਗਵਾਹਾਂ ਦੇ ਬਿਆਨ ਕਲਮਬੱਧ ਕੀਤੇ ਸਨ। ਜਥੇਦਾਰ ਨੇ ਕਿਹਾ ਕਿ ਭਾਈ ਕਾਉਂਕੇ ਦੇ ਕਤਲ ਦਾ ਮਾਮਲਾ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਦਰਦਨਾਕ ਵਿਥਿਆ ਹੈ ਜਿਸ ਦੇ ਕਾਤਲਾਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।




# ਪੰਜਾਬ ਦੀਆਂ ਸਮੱਸਿਆਵਾਂ ਦਾ ਹੱਲ ਇਕੱਠੇ ਹੋ ਕੇ ਲੱਭੋ

ਸਾਡੇ ਸਮਾਜਿਕ ਆਗੂਆਂ ਦਾ ਸਮਾਜ ਨੂੰ ਨਿਯਮਤ ਢੰਗ ਨਾਲ ਚਲਾਉਣ 'ਚ ਵੱਡਾ ਯੋਗਦਾਨ ਹੁੰਦਾ ਹੈ। ਇਸ ਦਾ ਅਰਥ ਹੈ ਕਿ ਸਾਡੇ ਲੀਡਰ ਸੱਤਾ ਜਾਂ ਸਿਆਸਤ ਕਰਦੇ ਹੋਏ ਸਮਾਜ ਸੇਵਾ ਕਰਨ। ਇਸ ਗੱਲ ਦੇ ਪਿੱਛੇ ਤਰਕ ਇਹ ਹੈ ਕਿ ਇਨ੍ਹਾਂ ਲੀਡਰਾਂ ਨੂੰ ਲੋਕ ਚੁਣ ਕੇ ਸਰਕਾਰ 'ਚ ਭੇਜਦੇ ਹਨ ਤਾਂ ਕਿ ਲੋਕਾਂ ਲਈ ਵਧੀਆ ਨੀਤੀਆਂ ਬਣਾ ਕੇ ਸੂਬੇ ਅਤੇ ਦੇਸ਼ ਨੂੰ ਖੁਸ਼ਹਾਲ ਬਣਾਇਆ ਜਾਵੇ ਅਤੇ ਉੱਥੇ ਰਹਿਣ ਵਾਲੇ ਬਾਸ਼ਿੰਦਿਆਂ ਦੀ ਜ਼ਿੰਦਗੀ ਨੂੰ ਵੀ ਬਿਹਤਰ ਬਣਾਇਆ ਜਾ ਸਕੇ। ਇੱਥੇ ਜ਼ਿਕਰਯੋਗ ਹੈ ਕਿ ਅੱਜ ਸਾਡਾ ਸਮਾਜ ਰੁਜ਼ਗਾਰ ਅਤੇ ਕਾਨੂੰਨ ਵਿਵਸਥਾ ਪੱਖੋਂ ਨਿਘਾਰ ਦੇ ਰਾਹ 'ਤੇ ਹੈ। ਇਸ ਵਿਚ ਸਾਡੇ ਸਿਆਸਤਦਾਨ ਵੀ ਪਿੱਛੇ ਨਹੀਂ ਰਹੇ, ਉਨ੍ਹਾਂ ਨੇ ਰੋਲ ਮਾਡਲ ਬਣਨ ਦਾ ਕੰਮ ਕੀਤਾ ਹੈ। ਸਿਆਸਤ 'ਚ ਨਿਘਾਰ, ਜੋ ਤਕਰੀਬਨ ਪਿਛਲੇ ਇਕ ਦਹਾਕੇ ਤੋਂ ਦੇਖਣ ਨੂੰ ਮਿਲਿਆ ਹੈ, ਉਹ ਤਾਂ ਸ਼ਾਇਦ ਆਜ਼ਾਦ ਭਾਰਤ 'ਚ ਇਕ ਮਿਸਾਲ ਹੀ ਹੋਵੇਗਾ। ਅੱਜ ਗੱਲ ਕਰਦੇ ਹਾਂ, ਆਪਣੇ ਸੂਬੇ ਪੰਜਾਬ ਦੀ, ਜਿਸ ਨੂੰ ਕਿਸੇ ਸਮੇਂ ਸੱਭਿਅਤਾ, ਲਿਆਕਤ, ਨਿਡਰਪੁਣੇ ਅਤੇ ਖੁੱਲ੍ਹੇ-ਡੁੱਲ੍ਹੇ ਸੁਭਾਅ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਅੱਜ ਪਿੱਛੇ ਵੱਲ ਨੂੰ ਤੁਰਦਾ ਨਜ਼ਰ ਆ ਰਿਹਾ ਹੈ। ਹਰ ਕੋਈ ਜੋ ਪੰਜਾਬ ਹਿਤੈਸ਼ੀ ਹੈ, ਉਹ ਇਨ੍ਹਾਂ ਗੱਲਾਂ ਤੋਂ ਚਿੰਤਤ ਹੈ। ਇਸ 'ਚ ਕਾਫ਼ੀ ਲੋਕ ਜੋ ਨਾ ਤਾਂ ਸੱਤਾ ਦੇ ਨੇੜੇ ਹਨ ਤੇ ਨਾ ਹੀ ਉਨ੍ਹਾਂ ਦੀ ਕੋਈ ਇੱਛਾ ਹੈ, ਉਹ ਜੇਕਰ ਪੰਜਾਬ ਪ੍ਰਤੀ ਕੋਈ ਚੰਗਾ ਸੁਝਾਅ ਦਿੰਦੇ ਹਨ ਤਾਂ ਬਹੁਤੀ ਵਾਰ ਉਸ ਨੂੰ ਦਰਕਿਨਾਰ ਕਰ ਦਿੱਤਾ ਜਾਂਦਾ ਹੈ। ਉਸ ਤੋਂ ਉੱਤੇ ਆ ਜਾਂਦੇ ਹਨ, ਸਮੇਂ ਦੀਆਂ ਸਰਕਾਰਾਂ ਦੇ ਨੇੜੇ ਰਹੇ ਕਈ ਬੁੱਧੀਜੀਵੀ, ਜੋ ਆਪਣੇ ਆਪ ਨੂੰ ਸਰਬਗਿਆਨੀ ਸਮਝਦੇ ਹਨ। ਉਹ ਦੂਜਿਆਂ ਦੀਆਂ ਲਿਖਤਾਂ 'ਤੇ ਇਹੋ ਜਿਹੀਆਂ ਟਿੱਪਣੀਆਂ ਕਰਦੇ ਹਨ ਜੋ ਸੱਭਿਅਕ ਸਮਾਜ ਦੀ ਹੱਦ ਟੱਪ ਜਾਂਦੀਆਂ ਹਨ। ਇਨ੍ਹਾਂ ਦੀ ਭੱਦੀ ਸ਼ਬਦਾਵਲੀ ਦੇ ਕਾਰਨ ਆਮ ਬੁੱਧੀਜੀਵੀ ਚੁੱਪ ਰਹਿਣਾ ਹੀ ਬਿਹਤਰ ਸਮਝਦੇ ਹਨ। ਨਿਰਾਸ਼ਾ ਦੇ ਸਦਕਾ ਆਪਣੇ ਬੱਚਿਆਂ ਨੂੰ ਅਤੇ ਆਪ ਵੀ ਬਾਹਰ ਦਾ ਰੁਖ਼ ਕਰ ਲੈਂਦੇ ਹਨ।

ਕੋਈ ਵੀ ਸਿਆਸਤਦਾਨ ਲੈ ਲਓ, ਅੱਜ ਤੁਹਾਨੂੰ ਜਨਤਕ ਮੰਚ 'ਤੇ ਇਕ-ਦੂਜੇ ਨਾਲ ਮਿਹਣੋ-ਮਿਹਣੀ ਹੁੰਦੇ ਨਜ਼ਰ ਆਉਂਦੇ ਹਨ। ਇੱਥੋਂ ਤੱਕ ਕਿ ਆਪਣੇ ਸਮਾਜਿਕ ਰੁਤਬੇ ਦੀ ਅਹਿਮੀਅਤ ਵੀ ਭੁੱਲ੍ਹ ਜਾਂਦੇ ਹਨ। ਫਿਰ ਦੂਜਾ ਅਕਸ ਇਨ੍ਹਾਂ ਦਾ ਇਕ-ਦੂਜੇ ਦੇ ਸ਼ਾਦੀ-ਗ਼ਮੀ 'ਤੇ ਦੇਖਣ ਨੂੰ ਮਿਲਦਾ ਹੈ। ਜਿਨ੍ਹਾਂ ਨਾਲ ਮਿਹਣੋ-ਮਿਹਣੀ ਹੁੰਦੇ ਹਨ, ਉਨ੍ਹਾਂ ਨਾਲ ਹੀ ਜੱਫੀਆਂ ਪਾ ਕੇ ਖ਼ੁਸ਼ੀ-ਗ਼ਮੀ ਸਾਂਝੀ ਕੀਤੀ ਜਾਂਦੀ ਹੈ। ਇੱਥੇ ਦੋ ਗੱਲਾਂ ਸਮਝ ਵਿਚ ਆਉਂਦੀਆਂ ਹਨ, ਕਿਜੋ ਕੁਝ ਬਾਹਰ ਹੁੰਦਾ ਹੈ, ਦਿਖਾਵਾ ਹੀ ਹੁੰਦਾ ਹੈ ਅਤੇ ਦੂਜਾ ਅਜਿਹੇ ਆਗੂਆਂ ਦਾ ਦੋਹਰਾ ਕਿਰਦਾਰ ਦੇਖ ਕੇ ਲੱਗਦਾ ਹੈ ਕਿ ਉਨ੍ਹਾਂ ਵਿਚ ਗੈਰਤ ਨਾਂਅ ਦੀ ਕੋਈ ਚੀਜ਼ ਨਹੀਂ। ਜ਼ਿਆਦਾ ਪਿੱਛੇ ਨਾ ਜਾਂਦੇ ਹੋਏ, ਪਿਛਲੇ ਦੋ-ਤਿੰਨ ਮਹੀਨਿਆਂ ਵਿਚ, ਜੋ ਕੁਝ ਘਟਨਾਕ੍ਰਮ ਪੰਜਾਬ 'ਚ ਹੋਇਆ, ਉਸ 'ਤੇ ਕੁਝ ਵਿਚਾਰ ਸਾਂਝੇ ਕਰਦੇ ਹਾਂ।

ਪਹਿਲਾ ਜੋ 'ਮਹਾ ਡੀਬੇਟ' (ਮਹਾ ਬਹਿਸ) ਮੈਂ ਪੰਜਾਬ ਬੋਲਦਾ ਹਾਂ' ਹੋਈ ਉਹ ਇਕ ਚੰਗਾ ਕਦਮ ਸੀ। ਪਰ ਕੀ ਇਹ ਹੋਰ ਵਧੀਆ ਨਾ ਹੁੰਦਾ, ਜੇ ਇਸ ਮਹਾ ਬਹਿਸ ਨੂੰ ਵਿਚਾਰ-ਵਟਾਂਦਰੇ ਦਾ ਨਾਂਅ ਦਿੱਤਾ ਜਾਂਦਾ। ਇਸ ਵਿਚ ਚਾਰ ਪਾਰਟੀਆਂ ਨੂੰ ਹੀ ਤਰਜੀਹ ਦਿੱਤੀ ਗਈ, ਜੋ ਆਈਆਂ ਨਹੀਂ। ਉਹ ਆਉਣ, ਨਾ ਆਉਣ, ਅਸਲ ਪੰਜਾਬ ਸਰਕਾਰ ਤਾਂ ਲੋਕਾਂ ਦੀ ਹੈ ਅਤੇ ਪੰਜਾਬ ਦੇ ਮੁੱਦਿਆਂ 'ਤੇ ਗੱਲ ਲੋਕਾਂ ਨਾਲ ਕਰਨੀ ਸੀ। ਹੋ ਸਕਦਾ ਹੈ ਕਿ ਕੋਈ ਸਵਾਲ ਉਲਟ ਵੀ ਹੁੰਦਾ ਪਰ ਸਰਕਾਰ ਉਸ 'ਤੇ ਜਨਤਾ ਸਾਹਮਣੇ ਆਪਣਾ ਪੱਖ ਰੱਖਦੀ। ਸਗੋਂ ਸਰਕਾਰ ਕੋਲ ਇਕ ਵੱਡਾ ਮੌਕਾ ਸੀ, ਜੋ ਲੋਕ ਸਰਕਾਰ 'ਤੇ ਸਵਾਲ ਚੁੱਕਦੇ ਹਨ, ਉਨ੍ਹਾਂ ਦੇ ਸਵਾਲਾਂ ਦਾ ਆਪਣੇ ਕੀਤੇ ਕੰਮਾਂ ਨਾਲ ਜਵਾਬ ਦਿੰਦੇ। ਦੂਜਾ ਘਰ 'ਚ ਕਦੇ ਵੀ ਬਹਿਸ ਨਹੀਂ ਕੀਤੀ ਜਾਂਦੀ। ਅਸੀਂ ਸਮਝੀਏ, ਨਾ ਸਮਝੀਏ ਸਰਕਾਰ ਦਾ ਘਰ ਸਾਰਾ ਪੰਜਾਬ ਹੈ। ਅਸੀਂ ਆਪਣੇ ਘਰ ਕੋਠੀ ਜਾਂ ਅਹੁਦੇ 'ਤੇ ਖ਼ੁਸ਼ ਤਾਂ ਹੀ ਰਹਿ ਸਕਦੇ ਹਾਂ, ਜੇ ਪੰਜਾਬ ਖ਼ੁਸ਼ਹਾਲ ਹੈ। ਘਰ 'ਚ ਬਹਿਸ ਨਾਲ ਹੱਲ ਨਹੀਂ ਨਿਕਲਦੇ, ਬਲਕਿ ਘਰ ਟੁੱਟਦੇ ਹਨ। ਬਾਹਰਲੇ ਲੋਕ ਤਾਂ ਵਿਰਲਾਂ ਭਾਲਦੇ ਹੀ ਹੁੰਦੇ ਹਨ। ਬਹਿਸ 'ਚ ਅਸੀਂ ਆਪਣੇ ਕੁਝ ਸਾਥੀਆਂ ਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਨੀਵਾਂ ਦਿਖਾਉਣ ਦੇ ਚੱਕਰ 'ਚ ਬਾਹਰਲਿਆਂ ਨੂੰ ਸ਼ੇਰ ਕਰ ਲੈਂਦੇ ਹਾਂ।

ਇਸੇ ਤਰ੍ਹਾਂ ਦਾ ਹਾਲ ਹੀ ਪੰਜਾਬ ਦੀ ਇਕ ਹੋਰ ਰਾਜਸੀ ਪਾਰਟੀ ਦਾ ਹੈ। ਪੰਜਾਬ ਨੂੰ ਬਚਾਉਣ ਲਈ ਕੁਝ ਬੁੱਧੀਜੀਵੀਆਂ ਨਾਲ ਗੱਲ-ਬਾਤ ਕੀਤੀ ਗਈ। ਸਿਰਫ਼ 8-9 ਬੱਧੀਜੀਵੀ ਹੀ ਬੁਲਾਏ ਗਏ। ਪੰਜਾਬ 'ਚ ਨੀਤੀਆਂ 'ਤੇ ਗੱਲ ਕਰਨ ਵਾਲੇ ਕੁੱਲ ਬੁੱਧੀਜੀਵੀ ਉਂਗਲਾਂ 'ਤੇ ਗਿਣੇ ਜਾ ਸਕਦੇ ਹਨ। ਕੀ ਸਾਰਿਆਂ ਨਾਲ ਗੱਲ ਨਹੀਂ ਕੀਤੀ ਜਾ ਸਕਦੀ ਸੀ। ਹੈਰਾਨੀ ਹੈ ਕਿ ਕੋਈ ਨਵੀਂ ਪੀੜ੍ਹੀ ਦਾ ਬੁੱਧੀਜੀਵੀ ਨਹੀਂ ਸੀ। ਇਹ ਵਰਤਾਰਾ, ਸੋਚਣ ਨੂੰ ਮਜਬੂਰ ਕਰਦਾ ਹੈ। ਕੀ ਸਾਡੇ ਕੋਲ ਨਵੀਂ ਪੀੜ੍ਹੀ 'ਚੋਂ ਵਾਕਿਆ ਹੀ ਕੋਈ ਚੰਗੀ ਸੋਚ ਰੱਖਣ ਵਾਲਾ ਇਨਸਾਨ ਨਹੀਂ ਹੈ ਜਾਂ ਫਿਰ ਇਹ ਲੋਕ ਉਨ੍ਹਾਂ ਨੂੰ ਆਪਣੇ ਨਾਲ ਰਲਾਉਣਾ ਨਹੀਂ ਚਾਹੁੰਦੇ।

ਇਸ 'ਚ ਕੁਝ ਨੌਜਵਾਨਾਂ ਨੇ ਪੰਜਾਬੀ ਬੋਲੀ ਨੂੰ ਸਕੂਲ ਵਿਚ ਨਾ ਬੋਲੇ ਜਾਣ 'ਤੇ ਇਤਰਾਜ਼ ਕਰਕੇ ਮੁੱਦਾ ਚੁੱਕਿਆ। ਪਰ ਕਈਆਂ ਨੂੰ ਉਹ ਰਾਸ ਨਹੀਂ ਆਇਆ ਅਤੇ ਉਨ੍ਹਾਂ ਨੇ ਸ਼ੋਸ਼ਲ ਮੀਡੀਆ ਰਾਹੀਂ ਅੱਗੇ ਲੱਗੇ ਨੌਜਵਾਨਾਂ ਦੇ ਉਲਟ ਬੋਲਣਾ ਸ਼ੁਰੂ ਕੀਤਾ। ਵੀਡਿਓ ਦਾ ਟਾਈਟਲ ਹੀ ਰੱਖਿਆ ਗਿਆ 'ਪੋਤੜੇ ਫਰੋਲੇ'। ਹੋ ਸਕਦਾ ਹੈ ਨੌਜਵਾਨਾਂ ਦਾ ਤਰੀਕਾ ਗ਼ਲਤ ਹੋਵੇ ਪਰ ਮੁੱਦਾ ਗ਼ਲਤ ਨਹੀਂ ਸੀ। ਅਸੀਂ ਮੀਡੀਆ ਰਾਹੀ ਗੱਲ ਕਰਨ ਦੀ ਬਜਾਏ ਸਿੱਧਾ ਫ਼ੋਨ ਕਰਕੇ ਕੁਝ ਚੰਗਾ ਢੰਗ-ਤਰੀਕਾ ਦੱਸਦੇ। ਜੇ ਫਿਰ ਵੀ ਉਹ ਨਹੀਂ ਮੰਨਦੇ ਤਾਂ ਉਸ ਦਾ ਫ਼ੈਸਲਾ ਲੋਕਾਂ 'ਤੇ ਛੱਡ ਦਿੰਦੇ।

ਉੱਧਰ ਇਕ ਰਾਜਸੀ ਪਾਰਟੀ ਨੇ ਪੰਜਾਬ 'ਚ ਆਪਣੇ ਆਪ ਨੂੰ ਇਕੱਲਿਆ ਸਥਾਪਿਤ ਕਰਨ ਲਈ ਦੂਜੀਆਂ ਪਾਰਟੀਆ 'ਚੋਂ ਸਿਆਸਤਦਾਨ ਆਪਣੇ ਨਾਲ ਰਲਾਉਣੇ ਸ਼ੁਰੂ ਕਰ ਦਿੱਤੇ। ਅਸਲ 'ਚ ਇਹ ਉਹ ਬੰਦੇ ਸੀ, ਜੋ ਸੱਤਾ ਦੇ ਨਿੱਘ 'ਚ ਹੀ ਰਹਿਣਾ ਪਸੰਦ ਕਰਦੇ ਹਨ। ਸਾਲ 'ਚ ਜਦੋਂ ਉਨ੍ਹਾਂ ਦੀ ਪੁੱਛਗਿੱਛ ਉਥੇ ਨਹੀਂ ਹੋਈ ਜੋ ਉਹ ਸੋਚ ਕੇ ਗਏ ਸੀ, ਉਸ ਤੋਂ ਬਾਅਦ ਉਨ੍ਹਾਂ ਨੇ ਘਰ ਵਾਪਸੀ ਦੀ ਤਿਆਰੀ ਕਰ ਲਈ। ਇਹੋ ਹਾਲ ਅਕਸਰ ਚੋਣਾਂ 'ਚ ਜਿੱਤੇ ਲੀਡਰਾਂ ਦਾ ਵੀ ਹੁੰਦਾ ਹੈ। ਮੀਡੀਆ ਦੇ ਜ਼ਮਾਨੇ 'ਚ ਹਰ ਚੀਜ਼ ਹੀ ਰਿਕਾਰਡ 'ਤੇ ਰਹਿ ਜਾਂਦੀ ਹੈ। ਇਹ ਲੋਕ ਜਦੋਂ ਨਵੀ ਪਾਰਟੀ ਵਿਚ ਗਏ ਤਾਂ ਪੁਰਾਣੀ ਪਾਰਟੀ ਨੂੰ ਪੂਰਾ ਭੰਡਿਆ। ਫਿਰ ਉਸ 'ਚ ਹੀ ਵਾਪਸੀ ਕੀਤੀ, ਹੁਣ ਜਿਸ 'ਚੋਂ ਆਏ ਉਸ ਪਾਰਟੀ ਨੂੰ ਭੰਡਣਗੇ। ਕੀ ਇਹ ਥਾਲੀ ਦੇ ਪਾਣੀ ਵਾਂਗ ਡੋਲਦੇ ਲੋਕ ਸਾਡੀ ਅਗਵਾਈ ਕਰਨ ਦੇ ਯੋਗ ਹਨ।

ਇਸੇ 'ਚ ਇਕ ਐਸ.ਵਾਈ.ਐਲ. ਦੇ ਮੁੱਦੇ 'ਤੇ ਚਿੰਤਨ ਚੰਡੀਗੜ੍ਹ 'ਚ ਹੋਇਆ, ਜਿਸ 'ਚ ਕਾਫ਼ੀ ਬੁੱਧੀਜੀਵੀ, ਸਿਆਸਤਦਾਨ, ਪੱਤਰਕਾਰ ਅਤੇ ਆਮ ਲੋਕਾਂ ਨੇ ਸ਼ਿਰਕਤ ਕੀਤੀ। ਉਹ ਚਿੰਤਨ ਬਹੁਤ ਵਧੀਆ ਸੀ, ਇਨ੍ਹਾਂ ਲੋਕਾਂ ਨੇ ਪੁਰਾਣੀਆ ਗੱਲਾਂ ਅਤੇ ਜੋ ਰਿਪੋਰਟਾਂ ਸਨ, ਸਾਂਝੀਆਂ ਕੀਤੀਆਂ। ਜੋ ਜਾਣਕਾਰੀ ਦਿੱਤੀ, ਉਹ ਸ਼ਲਾਘਾਯੋਗ ਸੀ। ਇਸ 'ਚ ਕਮੀ ਰਹੀ ਕਿ ਇੱਥੇ ਇਹ ਨਹੀਂ ਮਿਥਿਆ ਗਿਆ ਤੇ ਨਾ ਸਹਿਮਤੀ ਬਣਾਈ ਗਈ ਕਿ ਅੱਗੋਂ ਕੀ ਕਰਨਾ ਚਾਹੀਦਾ ਹੈ? ਕਿਸ ਤਰ੍ਹਾਂ ਇਸ ਮੁਸੀਬਤ ਵਿਚੋਂ ਪੰਜਾਬ ਨੂੰ ਕੱਢਿਆ ਜਾ ਸਕਦਾ ਹੈ। ਜੇ ਸਰਕਾਰ ਨਹੀਂ ਵੀ ਸਾਥ ਦਿੰਦੀ ਤਾਂ ਇਹ ਟੀਮ ਅੱਗੇ ਲੱਗ ਕੇ ਲੋਕਾਂ ਦਾ ਸਾਥ ਲਵੇ। ਪਿਛਲੇ ਦਿਨੀ ਪ੍ਰਦੂਸ਼ਣ ਨੂੰ ਲੈ ਕੇ ਪੰਜਾਬ ਵਲੋਂ ਦਿੱਤਾ ਇਕ ਹਲਫ਼ੀਆ ਬਿਆਨ ਅਤੇ ਸੁਪਰੀਮ ਕੋਰਟ ਦੀ ਟਿੱਪਣੀ ਸਾਹਮਣੇ ਆਈ ਹੈ, ਜਿਸ ਪ੍ਰਤੀ ਸੋਚਣਾ ਸਭ ਲਈ ਬਣਦਾ ਹੈ। ਇਸ ਵਿਚ ਪ੍ਰਦੂਸ਼ਣ ਤੋਂ ਬਚਣ ਲਈ ਲੋਕਾਂ ਦੀ ਮਨਭਾਉਂਦੀ ਫ਼ਸਲ ਨੂੰ ਉਗਾਉਣਾ ਹੀ ਬੰਦ ਕਰਨ ਦਾ ਸੋਚਿਆ ਗਿਆ ਹੈ, ਜਿਸ ਦੇਸ਼ ਦੇ 20 ਕਰੋੜ ਲੋਕ ਭੁੱਖੇ ਸੌਂਦੇ ਹੋਣ ਅਤੇ 80 ਕਰੋੜ ਲੋਕ ਸਬਸਿਡੀ ਦੇ ਅਨਾਜ 'ਤੇ ਪਲਦੇ ਹਨ। ਉੱਧਰ 'ਹੰਗਰ ਇੰਡੈਕਸ' 'ਤੇ ਅਸੀਂ 122 ਦੇਸ਼ਾਂ 'ਚੋਂ 107ਵੇਂ ਸਥਾਨ 'ਤੇ ਆਉਂਦੇ ਹਾਂ, ਜਿਸ 'ਚ ਦੇਸ਼ ਦੀ ਸਰਕਾਰ ਨੇ ਅਨਾਜ ਦੀ ਬਰਾਮਦ 'ਤੇ ਵੀ ਰੋਕ ਲਗਾਈ ਹੋਈ ਹੈ। ਜਿਸ ਵੇਲੇ ਸੰਸਾਰ ਅਨਾਜ ਦੀ ਕਮੀ ਨਾਲ ਜੂਝ ਰਿਹਾ ਹੋਵੇ, ਉਸ ਵੇਲੇ ਇਹ ਸੋਚਣਾ ਕਿ ਜਿਸ ਸੂਬੇ 'ਚੋਂ 40 ਫ਼ੀਸਦੀ ਅਨਾਜ ਦੇਸ਼ ਦੇ ਕੇਂਦਰੀ ਭੰਡਾਰ 'ਚ ਜਾਂਦਾ ਹੈ, ਉਸ ਸੂਬੇ ਦੀ ਪੈਦਾਵਾਰ ਹੀ ਖ਼ਤਮ ਕਰ ਦਿਓ। ਕੀ ਇਹ ਪੰਜਾਬ ਅਤੇ ਦੇਸ਼ ਦੇ ਲੋਕਾਂ ਲਈ ਘਾਤਕ ਨਹੀਂ। ਜੇ ਅਦਾਲਤ ਇਸ ਗੱਲ ਤੋਂ ਚਿੰਤਤ ਹੈ ਕਿ ਪੰਜਾਬ ਦਾ ਜ਼ਮੀਨੀ ਪਾਣੀ ਹੇਠਾਂ ਜਾ ਰਿਹਾ ਹੈ ਤਾਂ ਕਿਉਂ ਨਾ ਪੰਜਾਬ ਦੇ ਹੱਕ ਦਾ ਨਹਿਰੀ ਪਾਣੀ ਸੂਬੇ ਨੂੰ ਦਿੱਤਾ ਜਾਵੇ ਤਾਂ ਕਿ ਇਸ ਨੂੰ ਰੇਗਿਸਤਾਨ ਬਣਨ ਤੋਂ ਬਚਾਇਆ ਜਾ ਸਕੇ।

ਨਿਚੋੜ: ਅੱਜ ਪੰਜਾਬ ਨੂੰ ਉਨ੍ਹਾਂ ਆਗੂਆਂ ਦੀ ਲੋੜ ਹੈ ਜੋ ਨਿਰਸਵਾਰਥ ਹੋ ਕਿ ਪੰਜਾਬ ਦੀ ਗੱਲ ਕਰ ਸਕਣ। ਅੱਜ ਤੱਕ ਗੱਲਾਂ 'ਤੇ ਕਲਮ-ਜਿਨ੍ਹਾਂ ਦੇ ਹਿੱਸੇ ਆਈ ਹੈ, ਬਹੁਤਿਆਂ ਨੂੰ ਕਿਤੇ ਆਪਣੇ ਸਵਾਰਥ ਅਤੇ ਕੁਰਸੀ ਮੋਹ ਨੇ ਭਰਮਾਈ ਰੱਖਿਆ ਹੈ। ਜਿਸ ਸਦਕਾ ਅਸੀਂ ਆਪਣਿਆਂ ਨਾਲ ਹੀ ਲੜਦੇ ਨਜ਼ਰ ਆ ਰਹੇ ਹਾਂ। ਇਤਿਹਾਸ ਗਵਾਹ ਹੈ ਕਿ ਪੰਜਾਬ ਨੂੰ ਕੋਈ ਬਾਹਰੋਂ ਨਹੀਂ ਮਾਰ ਸਕਿਆ, ਇਸ ਨੂੰ ਜਦੋਂ ਢਾਹ ਲੱਗੀ ਹੈ ਉਹ ਆਪਣਿਆਂ ਸਦਕਾ ਹੀ ਲੱਗੀ ਹੈ। ਇਸ ਵੇਲੇ ਸਭ ਨੂੰ ਇਕੱਠੇ ਹੋ ਕੇ ਆਪਣੇ ਮਨ- ਮੁਟਾਵ ਭੁਲਾ ਕਿ ਪੰਜਾਬ ਦੀ ਗੱਲ ਕਰਨ ਦੀ ਲੋੜ ਹੈ। ਪਹਿਲਾਂ ਪੰਜਾਬ ਬਚਾ ਲਓ, ਫਿਰ ਕੁਰਸੀ ਲਈ ਲੜ ਲਿਓ।

# ਫ਼ਲਸਤੀਨ ਖ਼ਿਲਾਫ਼ ਜੰਗ 'ਚ ਏਆਈ ਦੀ ਦੁਰਵਰਤੋਂ

**ਸੰਗੀਤ ਤੂਰ**

ਅਸੀਂ ਕਿੰਨਾ ਕੁਝ ਦੇਖ ਰਹੇ ਹਾਂ- ਇਕੋ ਵੇਲੇ ਹਜ਼ਾਰਾਂ ਲੋਕ ਮਾਰੇ ਜਾ ਰਹੇ, ਚੀਥੜੇ ਹੋਈਆਂ ਲੋਥਾਂ, ਕਤਲ ਕਰਨ ਤੋਂ ਪਹਿਲਾਂ ਘੇਰੇ ਹੋਏ ਬੰਦੇ, ਮਰ ਰਹੀਆਂ ਔਰਤਾਂ, ਮਾਵਾਂ ਦੀਆਂ ਕੁੱਖਾਂ ਵਿਚ ਜਲਾਏ ਗਏ ਭਰੂਣ- ਖ਼ੌਫ਼ਨਾਕ ਹਕੀਕਤ ਜਿਸ ਵਿਚ ਫ਼ਲਸਤੀਨੀ ਲੋਕ ਹਰ ਪਲ ਜਿਉਂ ਮਰ ਰਹੇ ਹਨ ਪਰ ਜੋ ਅਦਿੱਖ ਹੈ ਉਹ ਹੈ ਤਕਨਾਲੋਜੀ ਜਿਹੜੀ ਘਰਾਂ, ਪੱਤਰਕਾਰਾਂ, ਡਾਕਟਰਾਂ, ਹਸਪਤਾਲਾਂ, ਮਸੀਤਾਂ, ਯੂਨੀਵਰਸਿਟੀਆਂ ਨੂੰ ਵੱਧ ਤੋਂ ਵੱਧ ਬਰਬਾਦ ਕਰਨ ਲਈ ਵਰਤੀ ਜਾ ਰਹੀ। ਇਹ ਅਦਿੱਖ ਤਕਨਾਲੋਜੀ ਜਿਸ ਨੂੰ ਸੂਚਨਾ ਕ੍ਰਾਂਤੀ ਦੇ ਸਿਖਰਲੇ ਸਮਿਆਂ ਵਿਚ ਈਜਾਦ ਕੀਤਾ ਗਿਆ ਹੈ- ਕੰਪਿਊਟਰ, ਸੈਟੇਲਾਈਟ, ਇੰਟਰਨੈੱਟ, ਸੋਸ਼ਲ ਮੀਡੀਆ, ਮਸ਼ੀਨ ਲਰਨਿੰਗ ਅਤੇ ਅਖ਼ੀਰ ਇਕ ਮਸ਼ੀਨ ਜਿਹੜੀ ਇਨ੍ਹਾਂ ਸਰੋਤਾਂ ਤੋਂ ਇਕੱਠੀ ਕੀਤੀ ਜਾਣਕਾਰੀ ਤੋਂ ਗਿਆਨ ਪੈਦਾ ਕਰਦੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ (ਕੰਪਿਊਟਰ ਨਿਰਮਤ ਬੁੱਧੀ ਜਿਸ ਨੂੰ ਕਈ ਵਾਰ ਮਸਨੂਈ ਬੁੱਧੀ ਵੀ ਕਿਹਾ ਜਾਂਦਾ ਹੈ) ਦੀ ਵਰਤੋਂ ਵਾਲਾ ਦੁਰੇਡਾ ਭਵਿੱਖ ਹੁਣ ਸਾਡਾ ਅੱਜ ਹੈ। ਕਿਆਮਤ ਆ ਗਈ ਹੈ ਪਰ ਕਿਆਮਤੀ ਏਆਈ ਜੋ ਕੁਝ ਕਰ ਸਕਦੀ ਹੈ, ਉਸ ਦੀ ਲਗਾਮ ਮਨੁੱਖੀ ਹੱਥਾਂ ਵਿਚ ਹੈ। ਦੋ ਮਹੀਨਿਆਂ ਵਿਚ 18000 ਬੰਦੇ ਮਾਰਨ ਲਈ ਇਜ਼ਰਾਈਲ ਦੀ ਫ਼ੌਜ ਨੇ ਨਿਸ਼ਾਨੇ ਲੱਭਣ ਅਤੇ ਬੰਬਾਰੀ ਕਰਨ ਲਈ ਏਆਈ ਦੀ ਵਰਤੋਂ ਕੀਤੀ ਹੈ। ਆਜ਼ਾਦ ਰਸਾਲਿਆਂ '+972 ਮੈਗਜ਼ੀਨ' ਅਤੇ 'ਲੋਕਲ ਕਾਲ਼' ਮੁਤਾਬਕ ਇਜ਼ਰਾਇਲੀ ਫ਼ੌਜ ਨੇ ਫ਼ਲਸਤੀਨੀ ਜਨਤਕ ਇਮਾਰਤਾਂ ਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣ ਲਈ ਹਬਸੋਰਾ ਨਾਮੀ ਏਆਈ ਸਿਸਟਮ ਵਰਤਿਆ ਹੈ। ਹੀਬਰੋ (ਪੁਰਾਤਨ ਯਹੂਦੀ ਭਾਸ਼ਾ) ਵਿਚ ਹਬਸੋਰਾ ਦਾ ਮਤਲਬ ਮਸੀਹੇ ਦੀ ਜਨਮ ਸਾਖੀ ਹੈ।

6 ਹਫ਼ਤਿਆਂ ਦੀ ਬੰਬਾਰੀ ਵਿਚ ਦੋ ਪਰਮਾਣੂ ਬੰਬਾਂ ਜਿੰਨਾ ਬਾਰੂਦ ਗਾਜ਼ਾ ਉੱਪਰ ਸੁੱਟਿਆ ਜਾ ਚੁੱਕਿਆ ਹੈ। ਥਾਵਾਂ ਦੀ ਨਿਸ਼ਾਨਦੇਹੀ ਅਤੇ ਹੋਰ ਵੇਰਵਾ ਏਆਈ ਸਿਸਟਮ ਪਤਾ ਕਰਦਾ ਹੈ ਅਤੇ ਇਹ ਵੀ ਅੰਦਾਜ਼ਾ ਲਾ ਕੇ ਦੱਸਦਾ ਹੈ ਕਿ ਕਿੰਨੇ ਬੰਦੇ ਮਾਰੇ ਜਾਣਗੇ। ਇਜ਼ਰਾਇਲੀ ਹਮਲੇ ਦੇ ਪਹਿਲੇ 35 ਦਿਨਾਂ ਵਿਚ 15000 ਥਾਵਾਂ 'ਤੇ ਹਮਲਾ ਕੀਤਾ ਗਿਆ। ਦੋ ਏਆਈ ਸਿਸਟਮ ਇਕੱਠੇ ਕੰਮ ਕਰਦੇ ਰਹੇ। ਇਕ ਏਆਈ ਸਿਸਟਮ ਜਿਸ ਨੇ ਹਵਾਈ ਬੰਬਾਰੀ ਵਾਸਤੇ ਨਿਸ਼ਾਨੇ ਸੁਝਾਏ ਅਤੇ ਦੂਜੇ ਸਿਸਟਮ ਨੇ ਨਿਸ਼ਾਨਦੇਹ ਕੀਤੀਆਂ ਥਾਵਾਂ ਤੇ ਮੈਦਾਨੀ ਹਮਲੇ ਦਾ ਪ੍ਰਬੰਧ ਸੰਭਾਲਿਆ। ਪਹਿਲੇ ਸਿਸਟਮ ਵਿਚ ਜਨਤਕ ਇਮਾਰਤਾਂ, ਲੋਕਾਂ ਦੀ ਗਿਣਤੀ, ਜ਼ਿਆਦਾ ਲੋਕਾਂ ਦੀ ਹਰਕਤ, ਡਰੋਨ, ਸੈਟੇਲਾਈਟ ਅਤੇ ਸਰਵੇਲੈਂਸ ਤੋਂ ਇਕੱਠੀ ਕੀਤੀ ਜਾਣਕਾਰੀ ਹੈ। ਇਸ ਸਿਸਟਮ ਨਾਲ ਰੋਜ਼ਾਨਾ ਨਿਸ਼ਾਨੇ ਤੈਅ ਕੀਤੇ ਜਾਂਦੇ ਹਨ। ਦੂਸਰਾ ਏਆਈ ਸਿਸਟਮ ਫਿਰ ਬਾਰੂਦ ਦੀ ਮਿਕਦਾਰ ਅਤੇ ਬੰਬ ਦਾਗਣ ਦਾ ਸਮਾਂ ਬੰਨ੍ਹ ਦਿੰਦਾ ਹੈ।

ਇੰਟੈਲੀਜੈਂਸ ਹੁੰਦੀ ਕੀ ਹੈ? ਇੰਟੈਲੀਜੈਂਸ ਸਾਡੀ ਹੁਨਰ ਅਤੇ ਜਾਣਕਾਰੀ ਹਾਸਿਲ ਕਰਨ ਅਤੇ ਇਸ ਨੂੰ ਸਹੀ ਤਰੀਕੇ ਨਾਲ਼ ਵਰਤਣ ਦੀ ਯੋਗਤਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਹੈ ਜਦੋਂ ਮਸ਼ੀਨ ਨੂੰ ਇਹੋ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਉਹ ਉਸ ਤੋਂ ਕੁਝ ਨਤੀਜੇ ਕੱਢ ਕੇ ਲਿਆਉਂਦੀ ਹੈ। ਦੋ ਤਰ੍ਹਾਂ ਦੇ ਏਆਈ ਸਿਸਟਮ ਹੁੰਦੇ ਹਨ- ਜੈਨਰੇਟਿਵ ਭਾਵ ਸਿਰਜਕ ਏਆਈ ਜਿਹੜਾ ਚੈਟਜੀਪੀਟੀ ਦੇ ਆਉਣ ਤੋਂ ਬਾਅਦ ਖ਼ਬਰਾਂ 'ਚ ਆਇਆ ਅਤੇ ਪਰਿਡਿਕਟਿਵ ਭਾਵ ਅਨੁਮਾਨਕ ਏਆਈ। ਜੈਨਰੇਟਿਵ ਏਆਈ ਮਾਡਲ ਬਹੁਤ ਵੱਡੇ ਗਿਆਨ ਤੇ ਜਾਣਕਾਰੀ (ਕਿੰਨੇ ਹੀ ਟੈਰਾਬਾਈਟ ਡਾਟਾ) ਨਾਲ ਸਿਖਾਇਆ ਹੁੰਦਾ ਸਿਸਟਮ ਹੈ ਜਿਹੜਾ ਲਿਖਤ, ਤਸਵੀਰ ਜਾਂ ਵੀਡੀਓ ਰੂਪ 'ਚ ਨਤੀਜੇ ਦੇਣ ਯੋਗ ਹੁੰਦਾ ਹੈ। ਚੈਟਜੀਪੀਟੀ 3 ਵਿਚ 45 ਟੈਰਾਬਾਈਟ ਜਾਣਕਾਰੀ ਸੀ ਜਿਹੜੀ 1000 ਪੰਨਿਆਂ ਦੀਆਂ 45 ਲੱਖ ਕਿਤਾਬਾਂ ਦੇ ਬਰਾਬਰ ਹੈ। ਪਰਿਡਿਕਟਿਵ ਏਆਈ ਭਾਵ ਅਨੁਮਾਨ ਲਗਾਉਣ ਵਾਲੀ ਕੰਪਿਊਟਰ ਸਿਰਜਤ ਬੁੱਧੀ ਕਿਸੇ ਨਾ ਕਿਸੇ ਲੋੜ ਲਈ ਸੁਝਾਅ ਦੇਣ ਲਈ ਸਿਖਾਇਆ ਜਾਂਦਾ ਸਿਸਟਮ ਹੈ। ਨੈੱਟਫਲਿਕਸ ਜਦੋਂ ਪਸੰਦੀਦਾ ਫਿਲਮਾਂ ਦੇ ਸੁਝਾਅ ਦਿੰਦਾ ਹੈ ਤਾਂ ਪਰਿਡਿਕਟਿਵ ਏਆਈ ਵਰਤਦਾ ਹੈ। ਇਹ ਨਤੀਜੇ ਤੁਹਾਡੀਆਂ ਪਹਿਲਾਂ ਦੇਖੀਆਂ ਫਿਲਮਾਂ, ਸਥਾਨ, ਉਮਰ, ਲਿੰਗ ਤੇ ਹੋਰ ਬਹੁਤ ਸਾਰੇ ਜਾਣਕਾਰੀ ਦੇ ਸਰੋਤਾਂ ਜੋ ਨੈੱਟਫਲਿਕਸ ਇਕੱਠੇ ਕਰਦਾ ਹੈ, 'ਤੇ ਆਧਾਰਿਤ ਹੁੰਦੇ ਹਨ।

ਏਆਈ ਸਿਸਟਮ ਦੀ ਖਾਸੀਅਤ ਹੈ ਕਿ ਇਹ ਜਾਣਕਾਰੀ ਦੇ ਜ਼ਖੀਰੇ ਨੂੰ ਬਹੁਤ ਜਲਦੀ ਸਮਝ ਕੇ ਸੁਝਾਅ ਦੇਣ ਦੇ ਯੋਗ ਹੈ। ਅਜਿਹੇ ਜਾਣਕਾਰੀ ਦੇ ਸਮੂਹ ਇੰਨੇ ਗੁੰਝਲਦਾਰ ਹੁੰਦੇ ਹਨ ਕਿ ਮਨੁੱਖਾਂ ਨੂੰ ਉਨ੍ਹਾਂ ਨੂੰ ਸਮਝਣ ਵਿਚ ਬਹੁਤ ਮੁਸ਼ਕਿਲ ਆਉਂਦੀ ਹੈ। ਅਜਿਹੇ ਏਆਈ ਸਿਸਟਮ ਅਮਰੀਕੀ ਨਿਆਂ ਪ੍ਰਣਾਲੀ ਵਿਚ ਵੀ ਵਰਤੇ ਜਾ ਰਹੇ ਹਨ। ਇਕੁਈਵਾਂਟ ਕੰਪਨੀ ਦਾ ਬਣਾਇਆ ਏਆਈ ਸਿਸਟਮ ਕੋਮਪਾਸ (COMPAS) ਇਹ ਸੁਝਾਅ ਦੇਣ ਯੋਗ ਹੈ ਕਿ ਕੋਈ ਮੁਲਜ਼ਮ ਦੁਬਾਰਾ ਜੁਰਮ ਕਰੇਗਾ ਹਾਂ ਨਹੀਂ। ਇਸ ਸਿਸਟਮ ਵਿਚ ਕੈਮਰਿਆਂ ਰਾਹੀਂ ਚਿਹਰੇ ਮੋਹਰੇ ਦੀਆਂ ਤਸਵੀਰਾਂ, ਬੈਂਕ ਖਾਤਿਆਂ ਰਾਹੀਂ ਮਾਲੀ ਹਾਲਤ ਦਾ ਲੇਖਾ-ਜੋਖਾ, ਰੁਜ਼ਗਾਰ ਕਿਸ ਤਰ੍ਹਾਂ ਦਾ ਹੈ ਜਾਂ ਨਹੀਂ ਹੈ, ਰਿਹਾਇਸ਼ੀ ਇਲਾਕਾ, ਪਿਛਲੇ ਜੁਰਮ, ਪਰਿਵਾਰਿਕ ਪਿਛੋਕੜ, ਸਮਾਜਿਕ ਆਰਥਿਕ ਰੁਤਬਾ, ਵਿਹਾਰਕ ਜਾਣਕਾਰੀ ਅਤੇ ਜੇਲ੍ਹ ਜਾਣ ਵੇਲ਼ੇ ਭਰਾਏ ਜਾਂਦੇ ਫਾਰਮ ਵਿਚਲੀ ਜਾਣਕਾਰੀ ਭਰੀ ਗਈ। ਇਸ ਜਾਣਕਾਰੀ ਦਾ ਅਧਿਐਨ ਕਰ ਕੇ ਇਹ ਸਿਸਟਮ ਹਰ ਦੋਸ਼ੀ ਲਈ ਰਿਸਕ ਸਕੋਰ ਜਾਰੀ ਕਰਦਾ ਹੈ। ਇਸ ਨਾਲ ਇਹ ਤੈਅ ਕੀਤਾ ਜਾਂਦਾ ਹੈ ਕਿ ਕਿੰਨੇ ਸਮੇਂ ਦੀ ਕੈਦ ਹੋਣੀ ਚਾਹੀਦੀ ਜਾਂ ਪੈਰੋਲ ਵਰਗੇ ਫ਼ੈਸਲੇ ਕੀਤੇ ਜਾਂਦੇ ਹਨ।

ਉਂਝ, ਇਸ ਸਿਸਟਮ ਦੀ ਕੰਮ ਕਰਨ ਦੀ ਪ੍ਰਣਾਲੀ ਸਿਰਫ਼ ਇਸ ਨੂੰ ਬਣਾਉਣ ਵਾਲਿਆਂ ਨੂੰ ਪਤਾ ਹੈ। ਇਹ ਜਨਤਕ ਨਹੀਂ ਹੈ ਕਿ ਕੋਈ ਸਕੋਰ ਕਿਵੇਂ ਤੈਅ ਕੀਤਾ ਗਿਆ। ਸਿਆਹਫਾਮ ਲੋਕਾਂ ਬਾਰੇ ਇਹ ਸੁਝਾਅ ਦਿੱਤਾ ਜਾਣਾ ਕਿ ਉਹ ਮੁੜ ਜੁਰਮ ਕਰਨਗੇ, ਗੋਰਿਆਂ ਦੇ ਮੁਕਾਬਲੇ ਦੁੱਗਣੀ ਅਨੁਪਾਤ ਵਿਚ ਹੈ। ਸਿਸਟਮ ਵੀ ਉਸੇ ਜਾਣਕਾਰੀ ਤੋਂ ਸਿੱਖਿਆ ਹੈ ਜਿਸ ਵਿਚ ਸਮਾਜ ਵਿਚਲੇ ਵਿਤਕਰੇ ਚਿਣੇ ਗਏ ਹਨ। ਨਸਲ ਅਤੇ ਕੌਮ ਪ੍ਰਤੀ ਵਿਤਕਰੇ ਪਰਿਡਿਕਟਿਵ ਏਆਈ 'ਚ ਵੀ ਹਨ। ਅਲੱਗ ਅਲੱਗ ਨਸਲਾਂ ਦੇ ਦੋ ਜਣੇ ਇੱਕੋ ਜੁਰਮ ਵਾਸਤੇ ਵੱਖੋ-ਵੱਖਰੀ ਸਜ਼ਾ ਪਾ ਸਕਦੇ ਹਨ। ਇਹ ਵਿਤਕਰੇ ਕਦੇ ਵੀ ਮੇਟੇ ਨਹੀਂ ਜਾਂਦੇ ਕਿਉਂਕਿ ਇਹ ਸਿਸਟਮ ਪ੍ਰਾਈਵੇਟ ਕੰਪਨੀ ਦੀ ਮਲਕੀਅਤ ਹੈ ਅਤੇ ਬੌਧਿਕ ਮਲਕੀਅਤ ਕਾਨੂੰਨ ਤਹਿਤ ਉਨ੍ਹਾਂ ਨੂੰ ਇਹ ਹੱਕ ਹੈ ਕਿ ਇਸ ਸਿਸਟਮ ਦੀ ਕਾਰਜ ਪ੍ਰਣਾਲੀ ਨਾ ਦੱਸੀ ਜਾਵੇ। ਇਸੇ ਤਰ੍ਹਾਂ ਜਦੋਂ ਇਜ਼ਰਾਈਲ ਜਿਸ ਨੇ ਕਦੇ ਫ਼ਲਸਤੀਨੀ ਜ਼ਿੰਦਗੀਆਂ ਦੀ ਕੋਈ ਕੀਮਤ ਹੀ ਨਹੀਂ ਸਮਝੀ, ਆਪਣੇ ਏਆਈ ਸਿਸਟਮ ਨੂੰ ਸਿਖਾਉਂਦਾ ਹੈ ਅਤੇ ਘਾਤਕ ਬੰਦੇਮਾਰੂ ਮਸ਼ੀਨ ਬਣਾਉਂਦਾ ਹੈ ਤਾਂ ਇਸ ਦੀ ਫ਼ੌਜ ਦੇ ਵਿਤਕਰੇ, ਫ਼ਲਸਤੀਨੀ ਜ਼ਿੰਦਗੀਆਂ ਦਾ ਅਮਨੁੱਖੀਕਰਨ ਅਤੇ ਸਮੁੱਚੀ ਇਨਸਾਨੀਅਤ ਵਾਸਤੇ ਇਸ ਦੀ ਬੇਕਿਰਕੀ ਵੀ ਇਸ ਦੇ ਹਬਸੋਰਾ ਸਿਸਟਮ ਵਿਚ ਝਲਕਦੀ ਹੈ। '+972 ਮੈਗਜ਼ੀਨ' ਅਨੁਸਾਰ ਸਿਸਟਮ ਦਾ ਜ਼ੋਰ, ਇਸ ਦੇ ਮਾਲਕਾਂ ਵਾਂਗ ਇਸ ਚੀਜ਼ 'ਤੇ ਹੈ ਕਿ ਕਿਵੇਂ ਵੱਧ ਤੋਂ ਵੱਧ ਜਾਨਾਂ ਲਈਆਂ ਜਾਣ, ਨਾ ਕਿ ਇਸ 'ਤੇ ਕਿ ਆਮ ਸ਼ਹਿਰੀਆਂ ਦੀਆਂ ਜ਼ਿੰਦਗੀਆਂ ਕਿਵੇਂ ਬਚ ਸਕਣ। ਇਹ ਸਿਸਟਮ ਇਹ ਵੀ ਦੱਸਦਾ ਹੈ ਕਿ ਕਿਸ ਨਿਸ਼ਾਨੇ 'ਤੇ ਕਿਸ ਵੇਲੇ ਹਮਲਾ ਕਰਨ 'ਤੇ ਕਿੰਨੇ ਆਮ ਸ਼ਹਿਰੀ ਮਰਨਗੇ। ਇਹ ਨੁਕਸਾਨ 5 ਤੋਂ ਲੈ ਕੇ 100 ਜਣਿਆਂ ਤੱਕ ਹੋ ਸਕਦਾ ਹੈ। ਇਸ ਵੇਲੇ ਇਜ਼ਰਾਈਲ ਦੇ ਅੰਦਾਜਿ ?ਆਂ ਮੁਤਾਬਕ 30,000 ਹਮਾਸ ਜੰਗਜੂ ਹਨ। ਜੇ ਹਰ ਹਮਾਸ ਜੰਗਜੂ ਨਾਲ 5 ਆਮ ਸ਼ਹਿਰੀ ਮਰਨ ਦਾ ਖਦਸ਼ਾ ਹੈ ਤਾਂ ਆਮ ਸ਼ਹਿਰੀ ਮੌਤਾਂ ਦੀ ਘੱਟੋ-ਘੱਟ ਗਿਣਤੀ 1,50,000 ਹੋ ਜਾਂਦੀ ਹੈ। ਦੂਸਰਾ, ਜਦੋਂ ਬਹੁਤੇ ਇਜ਼ਰਾਇਲੀ ਸਿਆਸਤਦਾਨ ਇਹ ਕਹਿੰਦੇ ਹਨ ਕਿ ਫ਼ਲਸਤੀਨ ਵਿਚ ਕੋਈ ਬੇਕਸੂਰ ਆਮ ਸ਼ਹਿਰੀ ਹੈ ਹੀ ਨਹੀਂ ਤਾਂ ਹਰ ਕੋਈ ਹੀ ਹਬਸੋਰਾ ਦਾ ਨਿਸ਼ਾਨਾ ਬਣ ਸਕਦਾ ਹੈ।

ਦੂਜੇ ਪਾਸੇ, ਇਜ਼ਰਾਈਲ ਜੈਨਰੇਟਿਵ ਏਆਈ ਸਿਸਟਮ ਝੂਠੀ ਜਾਣਕਾਰੀ ਅਤੇ ਜਾਅਲੀ ਖ਼ਬਰਾਂ ਬਣਾਉਣ ਲਈ ਵਰਤ ਰਿਹਾ ਹੈ। ਲੱਖਾਂ ਜਾਅਲੀ ਖਾਤੇ ਤਿਆਰ ਕੀਤੇ ਗਏ ਨੇ ਜਿਹੜੇ ਸੋਸ਼ਲ ਮੀਡੀਆ ਉੱਪਰ ਝੂਠੀ ਜਾਣਕਾਰੀ ਫੈਲਾਉਂਦੇ ਹਨ। ਇਹ ਅਜਿਹੇ ਦੌਰ ਵਿਚ ਗਾਜ਼ਾ ਦੀ ਅਸਲੀਅਤ ਬਾਰੇ ਭੰਬਲਭੂਸੇ ਪੈਦਾ ਕਰਦਾ ਹੈ ਜਦੋਂ ਇਹ ਚਿੱਟੇ ਦਿਨ ਵਾਂਗ ਸਾਫ਼ ਹੋ ਗਿਆ ਹੈ ਕਿ ਇਜ਼ਰਾਈਲ ਜਮਹੂਰੀਅਤ ਦੀ ਖੱਲ ਵਿਚ ਕਾਤਲ ਬਸਤੀਵਾਦੀ ਮੁਲਕ ਹੈ। ਜੈਨਰੇਟਿਵ ਏਆਈ ਜਾਅਲੀ ਜਾਣਕਾਰੀ ਤਿਆਰ ਕਰਦਾ ਹੈ, ਜਾਅਲੀ ਤਸਵੀਰਾਂ ਅਤੇ ਜਾਅਲੀ ਵੀਡੀਓ। ਸ਼ੁਰੂਆਤ ਵਿਚ ਹਮਾਸ ਵੱਲੋਂ ਬੱਚਿਆਂ ਦੇ ਸਿਰ ਕਲਮ ਕਰਨ ਅਤੇ ਯਹੂਦੀ ਔਰਤਾਂ ਨਾਲ ਜਬਰ ਜਨਾਹ ਦੀਆਂ ਵੀਡੀਓਜ਼ ਝੂਠੀਆਂ ਨਿਕਲੀਆਂ ਪਰ ਇਨ੍ਹਾਂ ਦੇ ਜਾਰੀ ਕਰਨ ਅਤੇ ਫੈਲਾਉਣ ਨਾਲ ਇਜ਼ਰਾਈਲ ਦੇ 'ਜਵਾਬੀ' ਹਮਲੇ ਦੀ ਕਰੂਰਤਾ ਨੂੰ ਹੱਕੀ ਅਤੇ ਜਾਇਜ਼ ਠਹਿਰਾਇਆ ਜਾ ਸਕਿਆ। 7 ਅਕਤੂਬਰ ਦੀਆਂ ਬਹੁਤ ਸਾਰੀਆਂ ਵੀਡੀਓਜ਼ ਅਤੇ ਖ਼ਬਰਾਂ ਇਜ਼ਰਾਈਲ ਭੰਡੀ ਪ੍ਰਚਾਰ ਸਾਬਿਤ ਹੋਈਆਂ ਹਨ।

ਸਵਾਲ ਹੈ: ਜਦੋਂ ਏਆਈ ਸਿਸਟਮ ਆਮ ਸ਼ਹਿਰੀਆਂ, ਜਨਤਕ ਇਮਾਰਤਾਂ, ਮਿਲਟਰੀ ਸਰਵੇਲੈਂਸ ਤੋਂ ਇਕੱਠੀ ਕੀਤੀ ਜਾਣਕਾਰੀ ਨਾਲ ਸਿਖਲਾਈ ਹਾਸਿਲ ਕਰਦਾ ਹੈ ਤੇ ਇਸ ਟੀਚੇ ਨਾਲ ਕਿ ਵੱਧ ਤੋਂ ਵੱਧ ਜਾਨੀ ਨੁਕਸਾਨ ਪਹੁੰਚਾਇਆ ਜਾਵੇ ਤਾਂ ਦੋਸ਼ ਕਿਸ ਦਾ ਹੈ? ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਜਾਂ ਸਿਆਸੀ ਤੰਤਰ ਦਾ ਜਿਸ ਵਿਚ ਇਸ ਦੀ ਵਰਤੋਂ ਹੁੰਦੀ ਹੈ।

ਜਵਾਬ ਸਿਆਸੀ ਵਿਦਵਾਨ ਲੈਂਗਡੋਨ ਵਿਨਰ ਦੇ ਖੋਜ ਪੱਤਰ 'ਕੀ ਚੀਜ਼ਾਂ ਵਿਚ ਸਿਆਸਤ ਹੁੰਦੀ ਹੈ?' (Do Artifacts have Politics?); ਵਿਨਰ ਨਿਊ ਯਾਰਕ ਸ਼ਹਿਰ ਦੇ ਯੋਜਨਾਕਾਰ ਰੌਬਰਟ ਮੋਜੇਜ ਦੀ ਮਿਸਾਲ ਦਿੰਦਾ ਹੈ ਜਿਸ ਨੇ ਲੌਂਗ ਆਈਲੈਂਡ ਟਾਪੂ ਦੇ ਪਾਰਕ, ਸ਼ਾਹਰਾਹ ਅਤੇ ਪੁਲ ਡਿਜ਼ਾਈਨ ਕਰਦਿਆਂ ਪੁਲਾਂ ਦੀ ਉਚਾਈ 9 ਫੁੱਟ ਰੱਖੀ ਜਿਸ ਨਾਲ ਕਾਰਾਂ ਤਾਂ ਲੰਘ ਜਾਣ ਜਿਨ੍ਹਾਂ ਵਿਚ ਗੋਰੇ ਅਮੀਰ ਸਫ਼ਰ ਕਰਦੇ ਸਨ ਪਰ ਬੱਸਾਂ ਨਾ ਲੰਘ ਸਕਣ ਜਿਸ ਵਿਚ ਹਮਾਤੜ ਜਿ ?ਆਦਾਤਾਰ ਸਿਆਹਫ਼ਾਮ ਸ਼ਹਿਰੀ ਸਫ਼ਰ ਕਰਦੇ ਸਨ। ਇਸ ਤਰ੍ਹਾਂ ਉਸ ਨੇ ਡਿਜ਼ਾਈਨ ਰਾਹੀਂ ਵਿਤਕਰਾ ਪੱਕਾ ਕਰ ਦਿੱਤਾ। ਤਕਨਾਲੋਜੀ ਅਤੇ ਇਸ ਦੀਆਂ ਵਸਤਾਂ ਸਿਆਸੀ ਹੋ ਸਕਦੀਆਂ ਹਨ, ਇਨ੍ਹਾਂ ਦੀ ਸਿਆਸਤ ਡਿਜ਼ਾਈਨ ਦੇ ਫ਼ੈਸਲਿਆਂ ਰਾਹੀਂ ਜਮਹੂਰੀ ਜਾਂ ਤਾਨਾਸ਼ਾਹੀ ਹੋ ਸਕਦੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਵਿਚ ਸਿਆਸਤ ਹੈ? ਹਾਂ ਹੈ। ਮਨੁੱਖ ਨੂੰ ਏਆਈ ਤੋਂ ਖ਼ਤਰਾ ਇਸ ਕਰ ਕੇ ਨਹੀਂ ਕਿ ਬਹੁਤ ਸਾਰੀਆਂ ਨੌਕਰੀਆਂ ਚਲੀਆਂ ਜਾਣਗੀਆਂ ਪਰ ਇਸ ਕਰ ਕੇ ਹੈ ਕਿ ਵਿਤਕਰੇ ਅਤੇ ਜਬਰ ਜ਼ੁਲਮ ਦੀ ਲਗਾਤਾਰਤਾ ਮਨੁੱਖੀ ਦੁਖ ਦਰਦ ਨੂੰ ਹੋਰ ਵਧਾਏਗੀ। ਮਨੁੱਖਤਾ ਨੂੰ ਏਆਈ ਤੋਂ ਜੋ ਖਤਰਾ ਹੈ, ਉਹ ਸਾਡੀਆਂ ਅੱਖਾਂ ਸਾਹਮਣੇ ਹੋ ਰਹੇ ਫ਼ਲਸਤੀਨੀਆਂ ਦੇ ਕਤਲੇਆਮ ਵਿਚ ਜ਼ਾਹਿਰ ਹੈ। ਹਾਲੀਆ ਜੰਗ ਵਿਚ ਹਬਸੋਰਾ ਨੇ ਕਿੰਨੇ ਹੀ ਫ਼ੌਜੀ ਕਮਾਂਡਰਾਂ ਦੀ ਯੋਗਤਾ ਵਧਾ ਦਿੱਤੀ, ਅਸੀਂ ਏਆਈ ਰਾਹੀਂ ਅਸਲੀਅਤ ਵਿਚ ਲਿਆਂਦੇ ਕਿਆਮਤੀ ਵਰਤਮਾਨ ਦੇ ਚਸ਼ਮਦੀਦ ਹਾਂ ਜਿਹੜਾ ਫ਼ੌਜਾਂ ਦੇ ਹੱਥ ਵਿਚ ਹੈ ਜਿਸ ਦਾ ਟੀਚਾ ਫ਼ਲਸਤੀਨੀ ਨਸਲ ਦਾ ਘਾਣ ਕਰਨਾ ਹੈ। ਏਆਈ ਘਾਤਕ ਬਣ ਜਾਂਦੀ ਹੈ ਜਦ ਡਿਜ਼ਾਈਨ ਦੇ ਫ਼ੈਸਲੇ, ਮਤਲਬ ਜਾਣਕਾਰੀ ਦੇ ਸਰੋਤਾਂ ਦੀ ਚੋਣ ਜਾਂ ਫ਼ੌਜਾਂ ਦੇ ਖ਼ਤਰਨਾਕ ਇਰਾਦੇ ਇਸ ਨੂੰ ਨਿਰੰਕੁਸ਼ ਸੱਤਾ ਜ਼ਾਹਿਰ ਕਰਨ ਲਈ ਵਰਤਣ ਦੇ ਹੋਣ। ਏਆਈ ਲੋਕਾਈ ਲਈ ਤਾਂ ਖ਼ਤਰਨਾਕ ਹੈ ਕਿਉਂਕਿ ਇਸ ਦੀ ਵਰਤੋਂ ਖ਼ਤਰਨਾਕ ਹੱਥਾਂ ਵਿਚ ਹੈ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

**Disclaimer :** Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com
ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-99

**ਸਾਡੇ ਧੜ ਦੇ ਪਿਛਲੇ ਪਾਸੇ ਦੀਆਂ ਮਾਸਪੇਸੀਆਂ**

ਪਿਛਲੇ ਪਾਲੇ ਦੇ ਧੜ ਦੀਆਂ ਮਾਸਪੇਸ਼ੀਆਂ ਦੀ ਜਾਣਕਾਰੀ ਕਰਨ ਲਈ ਅਸੀਂ ਗਰਦਨ ਤੋਂ ਸ਼ੁਰੂ ਕਰਦੇ ਹਾਂ।

**ਗਰਦਨ ਦੀਆਂ ਮਾਸਪੇਸੀਆਂ**

ਖ਼ੁੱਤੀ ਦੀਆਂ ਦੋਹਾਂ ਸੱਜੇ ਤੇ ਖੱਬੇ ਪਾਸੇ ਦੀਆਂ ਉੱਭਰੀਆਂ ਹੋਈਆਂ ਹੱਡੀਆਂ ਨੂੰ ਔਕਸੀਪੀਟਲ ਪ੍ਰੋਟਰੂਬਰੈਸ ਕਹਿੰਦੇ ਹਨ ਇਹਨਾਂ ਤੋਂ ਸ਼ੁਰੂ ਹੋਣ ਵਾਲੀਆਂ ਮਾਸਪੇਸੀਆਂ ਨੂੰ PTOTRUBRENCE OCCIPITAL EXTERNAL AND INTERNAL ਪਰੋਟਰੁਬਰੈਸ ਔਕਸੀਪੀਟਲਅਕਸਟਰਨਲ AND INTERNAL ਯਾਨੀ ਬਾਹਰ ਵਾਲੀ ਅਤੇ ਅੰਦਰ ਵਾਲੀ ਮਾਸਪੇਸੀ ਕਹਿੰਦੇ ਹਨ।

**ਸਟਰਨੋ ਕਲਾਇਡੋ ਮਸਟੋਆਇਡ ਮਾਸਪੇਸੀ**

ਇਹ ਟੇਡੀ ਮਾਸਪੇਸੀ ਸਾਡੀ ਹਸਲੀ ਦੀ ਹੱਡੀ ਅਤੇ ਮੈਨੂਬਰੀਅਮ ਸਟਰਨਾਈ ਤੋਂ ਸ਼ੁਰੂ ਹੋਕੇ ਖੋਪੜੀ ਦੀ ਹੱਡੀ ਦੇ ਬਾਹਰਲੇ ਉੱਭਰੇ ਟਿੱਬਾਨੁਮਾ ਹੱਡੀਆਂ ਉਪਰ ਟੇਡੇ ਤਰੀਕੇ ਜਾਕੇ ਲਗਦਾ ਹੈ।

ਇਹ ਗਰਦਨ ਦੇ ਪਿਛਲੇ ਪਾਸੇ ਸਤਵੀਂ ਗੀੜ ਦੀ ਹੱਡੀ ਅਤੇ ਤਿੰਨ ਉਪਰ ਵਾਲੀਆਂ ਛਾਤੀ ਦੇ ਬਰਾਬਰ ਗੀੜ ਦੀ ਹੱਡੀ ਦੇ ਉਭਾਰ ਤੋਂ ਸ਼ੁਰੂ ਹੋ ਕੇ ਖ਼ੁੱਤੀ ਦੇ ਪਿਛਲੇ ਪਾਸੇ ਜਾਕੇ ਲਗਦੀ ਹੈ।

**ਟਰੈਪੀਜੀਅਸ**

ਇਹ ਖ਼ੁੱਤੀ ਦੀ ਹੱਡੀ ਤੋ ਸ਼ੁਰੂ ਹੋ ਕੇ ਛਾਤੀ ਦੇ ਪਿਛਲੇ ਪਾਸੇ ਥੋਰੈਸਿਕ ਵਰਟੇਬਰਿਆ ਦੀਆਂ ਪੂਛਾਂ ਤੋਂ ਸ਼ੁਰੂ ਹੁੰਦਾ ਹੈ ਅਤੇ ਕਲੈਵੀਕਲ ਦੇ ਬਾਹਰੀ ਹਿੱਸੇ ਤੇ ਜਾਕੇ ਲਗਦਾ ਹੈ ਅਤੇ ਸਕੈਪੂਲਾ ਹੱਡੀ ਦੇ ਅਕਰੋਮੀਅਲ ਉਭਾਰ ਯਾਨੀ ਪ੍ਰੌਸਿਸ ਅਤੇ ਸਕੈਪੂਲਾ ਦੀ ਗਰਦਨ ਯਾਨੀਸਪਾਈਨ ਤੇ ਵੀ ਜਾਕੇ ਖਤਮ ਕਰਦਾ ਹੈ।

ਸਕੈਪੂਲਾ ਦੇ ਹੇਠਲੇ ਕੋਣ ਤੋਂ ਘੁੰਮ ਕੇ ਜਾਣ ਵਾਲੀ ਇਹ ਮਾਸਪੇਸੀ ਸਕੈਪੂਲਾਂ ਨੂੰ ਅੱਗੇ ਪਿਛੇ ਕਰਨ ਲਈ ਕੰਮ ਕਰਦੀ ਹੈ।

ਪਿਛਲੇ ਪਾਸੇ ਦੀ ਇਹ ਮਾਸਪੇਸੀ ਹੇਠਲੀਆਂ ਚਾਰ ਪਸਲੀਆਂ ਤੇ ਸਕੈਪੂਲਾਂ ਦੀ ਹੇਠਲੀ ਚੁੰਝ ਯਾਨੀ ਗੀੜ ਦੀ ਹੱਡੀ ਦੇ ਛਾਤੀ ਦੇ ਪਿਛਲੇ ਪਾਸੇ ਤੋਂ ਸਤਵੇਂ ਤੋਂ ਬਾਹਰਵੇਂ ਵਰਟੇਬਰੇ ਦੀਆਂ ਚੁੰਝਾਂ ਤੋਂ hip bone ਦੀ ਉਪਰਲੀ ਉੱਚੀ ਹੱਡੀ ਇਲੀਅਕ ਕਰੈਸਟ ਯਾਨੀ ਹਰੇਕ ਥਾਂ ਤੋਂ ਇਸ ਦੀਆਂ ਸ਼ੁਰੂਆਤੀ ਰਸੀਆ ਸ਼ੁਰੂ ਹੋਕੇ ਹਿਊਮਰਸ ਦੇ ਉਪਰਲੇ ਸਿਰ ਦੇ ਦੋ ਪਾਸੀ ਟਿਊਬਰਕ ਲਾਗੇ ਵਿਕਾਰ ਦੀ ਡੂੰਘਾਈ ਵਿੱਚ ਜਾਕੇ ਲਗਦੀ ਹੈ।

ਇਹ ਛਾਤੀ ਤੇ ਲੰਬਰ ਯਾਨੀ ਕਮਰ ਵਿੱਚ ਐਸੀ ਮਾਸਪੇਸੀ ਦੀ ਲਟ ਯਾਨੀ sheeth ਹੈ ਜਿਸ ਨਾਲ ਹੋਰ ਮਾਸਪੇਸੀਆ ਆਪਣੇ ਆਪ ਨੂੰ ਬੇਨਤੀਆਂ ਜੁੜਦੀਆਂ ਹਨ। ਜਿਵੇਂ ਟਰੈਪੀਜੀਅਸ ਲੈਟੀਸੀਮਸ ਡੌਰਸਾਈ ਤੇ ਜਿਹੜਾਦੀਆ ਮਾਸਪੇਸੀਆਂ ਜਿਵੇਂ ਗਲੂਟੀਅਲ ਮੈਸੀਮਸ ਅਤੇ ਲੱਤ ਦੇ ਹੈਮਸਟਿੰਗ ਮਾਸਪੇਸੀਆਂ ਨੂੰ ਬੰਨ੍ਹੀ ਰੱਖਣ ਲਈ ਸਹਾਰੇ ਦੀ ਕੰਮ ਕਰਦੀ ਹੈ।

ਪਿਛਲੇ ਪਾਸੇ ਛਾਤੀ ਦੇ ਬਰਾਬਰ ਵਾਲੇ ਏਰੀਏ ਵਿਚੋਂ ਸ਼ੁਰੂ ਹੋਣ ਨਾਲੀ ਮਾਸਪੇਸੀ। ਬਹੁਤ ਸਾਰੀਆਂ ਵੱਖ ਵੱਖ ਤੰਦਾਂ ਰਾਹੀਂ ਸ਼ੁਰੂ ਹੋਣ ਵਾਲੀ ਇਹ ਮਾਸਪੇਸੀ ਬਹੁਤ ਸਾਰੀਆਂ ਗੀੜ ਦੀ ਹੱਡੀ ਦੇ ਬਾਹਰ ਵੱਲ ਉਭਾਰਾਂ ਯਾਨੀ ਸਪਾਈਨਲ ਪਰੌਸਿਸ ਤੋਂ ਸ਼ੁਰੂ ਹੁੰਦੀ ਹੈ। ਸਿਵਾਏ ਪਹਿਲੀ ਸਰਵਾਈਕਲ ਵਰਟੇਬਰਾ ਦੇ ਉਭਾਰ ਤੋਂ ਅੱਕੇ ਅੰਦਰ ਵਾਲੇ ਪਾਸੇ ਨੂੰ ਗੀੜ ਦੀ ਹੱਡੀ ਦੇ ਨਾਲ ਨਾਲ ਮਦਦ ਕਰਦੀ ਹੈ।

**ਹੇਠਲੇ ਧੜ ਦੀਆ ਮਾਸਪੇਸੀਆ**

**ਗਲੂਟੀਅਸ ਮੀਡੀਅਸ**

ਇਹ ਬਹੁਤ ਵੱਡੀ ਪੱਖੇ ਵਰਗੀ ਫੈਲੀ ਹੋਈ ਮਾਸਪੇਸੀ ਹੈ ਜਿਹੜੀ ਹਿਪ ਦੇ ਪਿਛਲੇ ਪਾਸੇ ਇਲੀਅਮ ਹੱਡੀ ਤੋ ਲੈ ਕੇ ਪੱਟ ਦੀ ਫੀਮਰ ਹੱਡੀ ਦੇ ਉਪਰਲੇ ਹਿੱਸੇ ਤੱਕ ਫੈਲੀ ਹੋਈ ਹੈ। ਗਲੂਟੀਅਸ ਮੈਕਸੀਮਸ ਪੈਲਵਿਸ ਤੋਂ ਸ਼ੁਰੂ ਹੋ ਕੇ ਫੀਮਰ ਦੀ ਗਲੂਟੀਅਲ ਟਿਊਬਰੋਸਿਟੀ ਤੱਕ ਪਹੁੰਚਦੀ ਹੈ। ਦੂਸਰੇ ਲਫਜ਼ਾਂ ਵਿੱਚ ਸੈਕਰਮ ਕੋਕਸਿਕਸ ਅਤੇ ਇਲੀਅਮ ਦੇ ਗਲੂਟੀਅਲ ਹਿੱਸੇ ਦੇ ਨਾਲ ਨਾਲ ਛਾਤੀ ਤੇ ਪਿੱਠ ਦੇ ਪਿਛਲੇ ਪਾਸੇ ਸੈਕਰੋਟਿਊਬਰਸ ਲਿਗਾਮੈਂਟ ਤੋਂ ਵੀ ਸ਼ੁਰੂ ਹੁੰਦੀ ਹੈ। ਇਲੀਓ ਟਿਬੀਅਲ ਲਾਈਨ ਯਾਨੀ ਟਰੈਕਟ ਦੇ ਨਾਲ ਨਾਲ ਫੀਮਰ ਦੀ ਗਲੂਟੀਅਲ ਟਿਊਬਰੋਸਿਟੀ ਤੱਕ ਜਾਦੀ ਮਾਸਪੇਸੀ ਹੈ।

**ਟੈਨਸ਼ਨ ਫੇਸੀਆਈ ਲਾਟਾ**

ਇਹ ਮਾਸਪੇਸੀ ਪੱਟ ਦੇ ਬਾਹਰਲੇ ਪਾਸੇ ਹੁੜਦੀ ਹੈ ਅਤੇ ਸਾਹਮਣੇ ਪਾਸੇ ਇਲੀਅਕ ਹੱਡੀ ਦੀ ਚੋਟੀ ਦਾ ਅੰਦਰ ਵਾਲਾ ਸਿਰਾ ਯਾਨੀ ਸਾਡੀ ਧੁੰਨੀ ਤੋਂ ਹੇਠਾਂ ਆਉਂਦੀ ਲਾਈਨ ਦੇ ਨੇੜੇ ਯਾਨੀ ਇਲੀਅਕ ਚੋਟੀ ਤੇ ਤੇ ਸਾਹਮਣੇ ਦੀ ਇਸੇ ਹੱਡੀ ਦੀ ਉੱਚੀ ਚੋਟੀ ਤੋਂ ਸ਼ੁਰੂ ਹੁੰਦੀ ਹੈ ਅਤੇ ਪਿੱਟ ਦੀ ਹੱਡੀ ਲੰਘ ਕੇ ਲੱਤ ਦੀ ਟਿੱਬੀਆਂ ਹੱਡੀ ਦੇ ਉਪਰਲੇ ਸਿਰੇ ਦੇ ਬਾਹਰ ਵਾਲੇ ਉਭਾਰ ਨਾਲ ਜੁੜਦੀ ਹੈ।

ਇਹ ਮਾਸਪੇਸੀ ਦੋ ਭਾਗਾ ਵਿੱਚ ਸ਼ੁਰੂ ਹੁੰਦੀ ਹੈ ਉੱਪਰ ਵਾਲਾ ਹਿੱਸਾ ਹਿਪ ਬੋਨ ਦੀ ਸਾਹਮਣੇ ਵਾਲੀ ਹੱਡੀ ਪਿਊਬਿਕ ਤੋਂ ਸ਼ੁਰੂ ਹੁੰਦਾ ਹੈ ਅਤੇ ਦੂਜਾ ਹੇਠ ਵਾਲਾ ਹਿੱਸਾ ਹਿਪ ਬੋਨ ਦੀ ਹੀ ਇਸਚੀਅਮ ਹੱਡੀ ਯਾਨੀ ਹਿਪ ਦੀ ਸਭ ਤੋਂ ਹੇਠਲੀ ਹੇਠੀ ਤੋਂ ਸ਼ੁਰੂ ਹੁੰਦਾ ਹੈ ਅਤੇ ਇਹ ਹੇਠਾਂ ਵੱਲ ਜਾਂਦਿਆਂ ਟੇਡੇ ਹੋਕੇ ਲੀਨੀਆ ਅਸਪੈਰਾ ਨਾਲ ਮਿਲਦੇ ਹਨ। ਗਰੇਸਿਲਿਸ ਮਾਸਪੇਸੀ ਇਸਚੀਅਮ ਤੇ ਪਿੰਉਬਿਸ ਨੂੰ ਮਿਲਾਉਣ ਵਾਲੀ ਹੱਡੀ ਦੀ ਬਾਹੀ ਵਿਚੋਂ ਸ਼ੁਰੂ ਹੁੰਦੀ ਹੈ ਅਤੇ ਉਥੋ ਸਿਧੀ ਹੇਠਾਂ ਵੱਲ ਜਾ ਕੇ ਲੱਤ ਗੀ ਟਿੱਬੀਆਂ ਹੱਡੀ ਨਾਲ ਜੁੜਦੀ ਹੈ। ਜਿਥੇ ਸਾਰਟੋਰੀਅਸ ਤੇ ਸੈਮੀਟੈਂਡੀਨਸ ਮਾਸਪੇਸੀਆਂ ਵੀ ਆਕੇ ਜੁੜਦੀਆ ਹਨ।

**ਬਾਹਰ ਵਾਲੀ ਵਾਸਟਸ ਮਾਸਪੇਸੀ**

ਇਹ ਪੱਟ ਦੀ ਫੀਮਰ ਹੱਡੀ ਦੇ ਉਪਰ ਵਾਲੇ ਸਿਰੇ ਦੇ ਟਰੌਕੈਟਰਾ ਤੋਂ ਸ਼ੁਰੂ ਹੁੰਦਾ ਹੈ ਅਤੇ ਲੱਤ ਦੀ ਟਿੱਬੀਆਂ ਹੱਡੀ ਦੀ ਸਾਹਮਣੇ ਦੀ ਟਿਬੀਅਲ ਟਿਉਬਰੋਸਿਟੀ ਨਾਲ ਜਾਕੇ ਲਗਦਾ ਹੈ ਜਿਥੇ ਇਕ ਹੋਰ ਮਾਸਪੇਸੀ ਕੁਆਡਰਾਈਸੈਪਸ ਯਾਨੀ ਚਾਰ ਸਿਰਾ ਨਾਲੀ ਮਾਸਪੇਸੀਦਾ ਟੈਨਡਨ ਯਾਨੀ ਆਖਰੀ ਰਸੀ ਵੀ ਆਕੇ ਬੱਝਦੀ ਹੈ।

ਵਾਸਟਸ ਇੰਟਰਮੀਡੀਆਲਿਸ ਇਹ ਪਿੰਡ ਦੀ ਫੀਮਰ ਹੱਡੀ ਦੇ ਅੱਧ ਕੋ ਪਹਿਲਾ ਯਾਨੀ ਉੱਪਰ ਵਾਲੇ ਪਾਸੇ ਤੋਂ ਸ਼ੁਰੂ ਹੋ ਜਾਂਦੀ ਹੈ। ਇਹ ਵੀ ਲੱਤ ਦੀ ਟਿੱਬੀਆਂ ਹੱਡੀ ਦੀ ਦੇ ਉੱਪਰ ਵਾਲੇ ਸਿਰੇ ਤੇ ਬਣੀ ਟਿਊਬਰੋਸਿਟੀ ਉੱਪਰ ਹੀ ਆ ਕੇ ਲਗਦੀ ਹੈ।

ਵਾਸਟਸ ਮੀਡੀਆਲਸ ਇਹ ਮਾਸਪੇਸੀ ਵੀ ਚਾਰ ਸਿਰਾ ਵਾਲੀ ਮਾਸਪੇਸੀ ਦਾ ਹੀ ਹਿਸਾ ਹੈ ਅਤੇ ਪੱਟ ਦੀ ਫੀਮਰ ਹੱਡੀ ਦੇ ਉਪਰ ਵਾਲੇ ਹਿੱਸੇ ਵਿਚੋਂ ਸ਼ੁਰੂ ਹੋਕੇ ਗੋਡੇ ਦੀ ਚਪਨੀ ਦੇ ਉੱਪਰ ਵਾਲੇ ਪਾਸੇ ਦੀ ਬਾਰਡਰ ਲਾਈਨ ਨਾਲ ਲਗਦੀ ਹੈ।

**ਬਾਈਸੈਪਸ ਫੀਮੋਰਿਸ ਲੌਂਗਸ**

ਪੱਟ ਦੀ ਹੱਡੀ ਦੀ ਦੋ ਸਿਰਾ ਵਾਲੀ ਲੰਬ੍ਰੀ।

(ਚਲਦਾ)







CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524




ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ





ਕਮਿਉਨਟੀ ਦੇ ਹਰ ਕੰਮ ਨੂੰ ਸੇਵਾ ਭਾਵਨਾ ਨਾਲ ਹਮੇਸ਼ਾ ਪਹਿਲ ਦੇ
ਅਧਾਰ ਉਪਰ ਕਰਨ ਵਾਲੇ ਨਿਸ਼ਕਾਮ ਸੇਵਕ ਅਤੇ
ਸ਼੍ਰੋਮਣੀ ਅਕਾਲੀ ਦਲ ਬਾਦਲ ਕੈਲੀਫੋਰਨੀਆਂ ਸੀਨੀਅਰ ਆਗੂ

## ਸ: ਸਰਬਜੀਤ ਸਿੰਘ ਸਰਾਉ

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖ਼ਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸਤਵੰਤ ਦਾ ਵਿਆਹ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਤਵੰਤ ਦਾ ਵਿਆਹ ਮੇਰੇ ਤੇ ਮੇਰੀ ਪਤਨੀ ਦੇ ਵਿਚ ਦੀ ਹੋਇਆ। ਸਤਵੰਤ ਦਾ ਸਹੁਰਾ ਸ. ਗੜਗੱਜ ਸਿੰਘ ਮੇਰੀ ਸੱਸ ਸਰਦਾਰਨੀ ਸਤਵੰਤ ਕੌਰ ਮੰਡ ਦਾ ਰਿਸ਼ਤੇਦਾਰੀ ਵਿਚ ਭਤੀਜਾ ਲੱਗਦਾ ਸੀ। ਮੇਰਾ ਵਿਆਹ 18 ਜੂਨ 1972 ਵਿਚ ਪਟਿਆਲਾ ਵਿਖੇ ਹੋਇਆ। ਸੁਭਾਵਿਕ ਹੀ ਸੀ ਕਿ ਸ. ਗੜਗੱਜ ਸਿੰਘ ਤੇ ਸਾਰਾ ਪਰਿਵਾਰ ਮੇਰੀ ਪਤਨੀ ਦੇ ਰਿਸ਼ਤੇਦਾਰਾਂ ਵਜੋਂ ਵਿਆਹ ਵਿਚ ਆਏ। ਸਾਰਾ ਪਰਿਵਾਰ ਹੀ ਕੁਝ ਦਿਨ ਮੇਰੇ ਸੱਸ ਸਹੁਰਾ ਨਾਲ ਪਟਿਆਲਾ ਵਿਖੇ ਰਿਹਾ। ਸ. ਗੜਗੱਜ ਸਿੰਘ ਨੇ ਮੇਰੇ ਸਹੁਰੇ ਤੋਂ ਪੁੱਛਿਆ ਕਿ ਉਹ ਮੈਨੂੰ ਦਾਜ ਵਿਚ ਸਕੂਟਰ ਦੇ ਰਹੇ ਹਨ ਜਾਂ ਮੋਟਰ ਸਾਈਕਲ। ਉਹਨਾਂ ਦਿਨਾਂ ਵਿਚ ਕਾਰ ਆਦਿਕ ਦਾਜ ਵਜੋਂ ਦੇਣਾ ਪ੍ਰਚਲਿਤ ਨਹੀਂ ਸੀ। ਪਿੰਡਾਂ ਵਿਚ ਗਰੀਬ ਲੋਕ ਵਿਆਹ ਵਿਚ ਸਾਈਕਲ ਦਿੰਦੇ ਸਨ। ਸਾਡੇ ਪਰਿਵਾਰ ਵਿਚ ਮੰਗਣੇ ਵਿਚ ਅੱਠ ਮਾਸੀਆਂ ਲੈਣ-ਦੇਣ ਦਾ ਰਿਵਾਜ ਸੀ। ਅੱਠ ਮਾਸੀਆਂ ਜਿਵੇਂ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਇਹ ਅੱਠ ਮਾਸਿਆਂ ਦੀ ਹੁੰਦੀ ਹੈ। ਤੋਲੇ ਵਿਚ 12 ਮਾਸੇ ਹੁੰਦੇ ਹਨ। ਸੋ ਇਹ ਤੋਲੇ ਦਾ 2/3 ਹਿੱਸਾ ਹੁੰਦੀਆਂ ਹਨ। ਮੈਂ ਸ਼ੁਰੂ ਤੋਂ ਹੀ ਆਦਰਸ਼ਵਾਦੀ ਇਨਸਾਨ ਰਿਹਾ ਹਾਂ, ਮੈਂ ਆਪਣੇ ਸਹੁਰਾ ਪਰਿਵਾਰ ਨੂੰ ਕੁਝ ਵੀ ਦੇਣ ਤੋਂ ਮਨਾਂ ਕਰ ਦਿੱਤਾ ਅਤੇ ਸਾਦਾ ਵਿਆਹ ਕਰਨ ਲਈ ਕਿਹਾ। ਮੇਰੇ ਸਹੁਰਾ ਪਰਿਵਾਰ ਨੇ ਸ. ਗੜਗੱਜ ਸਿੰਘ ਨੂੰ ਦੱਸਿਆ ਕਿ ਲੜਕੇ ਵਾਲਿਆਂ ਦੀ ਸਕੂਟਰ ਜਾਂ ਮੋਟਰ ਸਾਈਕਲ ਆਦਿ ਕਿਸੇ ਪ੍ਰਕਾਰ ਦੀ ਕੋਈ ਮੰਗ ਨਹੀਂ ਹੈ। ਉਹ ਸਾਦਾ ਵਿਆਹ ਕਰਕੇ ਹੀ ਖੁਸ਼ ਹਨ। ਇਹ ਗੱਲ ਸੁਣ ਕੇ ਸ. ਗੜਗੱਜ ਸਿੰਘ ਬਹੁਤ ਖੁਸ਼ ਹੋਏ। ਸ. ਗੜਗੱਜ ਸਿੰਘ ਨੇ ਮੇਰੀ ਸੱਸ ਸਰਦਾਰਨੀ ਸਤਵੰਤ ਕੌਰ ਨੂੰ ਕਿਹਾ ਕਿ ਜੇ ਇਹਨਾਂ ਦਾ ਕੋਈ ਹੋਰ ਲੜਕਾ ਜੋ ਖੇਤੀਬਾੜੀ ਕਰਦਾ ਹੋਵੇ, ਨਾਲ ਮੇਰੀ ਲੜਕੀ ਸਤਪਾਲ ਦਾ ਰਿਸ਼ਤਾ ਵੀ ਕਰਵਾ ਦਿਉ।




ਖੈਰ ਵਿਆਹ ਤੋਂ ਬਾਅਦ ਦੋ ਚਾਰ ਮਹੀਨੇ ਲੰਘ ਗਏ। ਉਸ ਵੇਲੇ ਦੋਵੇਂ ਭਰਾ ਸਤਵੰਤ (ਜਨਮ 1947) ਅਤੇ ਗੁਰਵੰਤ (ਜਨਮ 1950) ਦੁਗਾਲ ਪਿੰਡ ਵਿਖੇ ਖੇਤੀਬਾੜੀ ਕਰ ਰਹੇ ਸਨ। ਕੁਝ ਦੇਰ ਬਾਅਦ ਅਸੀਂ ਸੋਚਣ ਲੱਗੇ ਕਿ ਖੇਤੀਬਾੜੀ ਲਈ ਇਕ ਲੜਕਾ ਹੀ ਬਹੁਤ ਹੈ। ਗੁਰਵੰਤ ਮੇਰੇ ਕੋਲ ਪਟਿਆਲੇ ਆ ਗਿਆ ਅਤੇ ਕੰਪੀਟੀਸ਼ਨ ਦੀ ਤਿਆਰੀ ਕਰਨ ਲੱਗਾ। ਖੇਤੀਬਾੜੀ ਦੀ ਸਾਰੀ ਜ਼ਿੰਮੇਵਾਰੀ ਸਤਵੰਤ 'ਤੇ ਆ ਗਈ।

ਤਿੰਨ ਚਾਰ ਮਹੀਨਿਆਂ ਬਾਅਦ ਮੇਰੀ ਸੱਸ ਨੇ ਮੇਰੇ ਨਾਲ ਸਤਵੰਤ ਦੇ ਰਿਸ਼ਤੇ ਦੀ ਗੱਲ ਕੀਤੀ। ਮੈਂ ਪਿੰਡ ਜਾ ਕੇ ਆਪਣੇ ਮਾਤਾ ਪਿਤਾ ਜੀ ਨਾਲ ਸਲਾਹ ਕੀਤੀ। ਮੇਰੇ ਮਾਪੇ ਇਸ ਰਿਸ਼ਤੇ ਲਈ ਰਾਜ਼ੀ ਹੋ ਗਏ। ਸ. ਗੜਗੱਜ ਸਿੰਘ ਕੋਲ ਸਾਡੇ ਨਾਲੋਂ ਕਾਫ਼ੀ ਵੱਧ ਜ਼ਮੀਨ ਸੀ। ਉਹਨਾਂ ਨੇ ਸਾਡੇ ਤੋਂ ਕਦੇ ਸਾਡੀ ਜ਼ਮੀਨ ਬਾਰੇ ਨਹੀਂ ਪੁੱਛਿਆ। ਸ. ਗੜਗੱਜ ਸਿੰਘ ਨੇ ਸਤਵੰਤ ਨੂੰ ਦੇਖਿਆ ਵੀ ਨਹੀਂ ਸੀ। ਜਿਸ ਦਿਨ ਸਤਵੰਤ ਨੂੰ ਸ਼ਗਨ ਪਾਉਣਾ ਸੀ, ਉਸੇ ਦਿਨ ਉਹਨਾਂ ਨੇ ਸਤਵੰਤ ਨੂੰ ਪਹਿਲੀ ਵਾਰ ਦੇਖਿਆ। ਮੈਂ ਅਤੇ ਮੇਰੀ ਪਤਨੀ ਉਸ ਵੇਲੇ ਪਿਤਾ ਜੀ ਦੇ ਉਸਾਰੇ ਤੋਪਖਾਨੇ ਵਾਲੇ ਘਰ ਵਿਚ ਰਹਿੰਦੇ ਸੀ। ਪਿਤਾ ਜੀ ਅਤੇ ਸਤਵੰਤ ਵੀ ਪਟਿਆਲੇ ਆ ਗਏ। ਸਤੰਬਰ 1973 ਵਿਚ ਸ਼ਗਨ ਦੀ ਰਸਮ ਪੂਰੀ ਹੋਈ।

ਅਗਲੇ ਸਾਲ ਦਸੰਬਰ 1974 ਵਿਚ ਸਤਵੰਤ ਦਾ ਵਿਆਹ ਹੋਇਆ। ਭੈਣਾਂ ਅਤੇ ਭਰਜਾਈਆਂ ਦੀਆਂ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਅਸੀਂ 20 ਕੁ ਰਿਸ਼ਤੇਦਾਰ ਸਤਵੰਤ ਦੀ ਜੰਞ ਲੈ ਕੇ ਗਏ। ਅਸੀਂ ਰਾਤ ਨੂੰ 9 ਕੁ ਵਜੇ ਅੰਬਾਲੇ ਤੋਂ ਟ੍ਰੇਨ ਫੜੀ ਅਤੇ ਅਗਲੇ ਦਿਨ ਸਵੇਰੇ 8 ਕੁ ਵਜੇ ਸ਼ਾਹਾਜਾਨਪੁਰ ਪਹੁੰਚ ਗਏ। ਰੇਲਵੇ ਸਟੇਸ਼ਨ ਤੇ ਸਤਵੰਤ ਦੇ ਦੋ ਤਿੰਨ ਰਿਸ਼ਤੇਦਾਰ ਸਾਨੂੰ ਲੈਣ ਲਈ ਖੜ੍ਹੇ ਸਨ। ਸਟੇਸ਼ਨ ਦੇ ਨਜ਼ਦੀਕ ਹੀ ਇਕ ਹੋਟਲ ਬੁੱਕ ਕਰਵਾਇਆ ਗਿਆ ਸੀ। ਜਿਥੇ ਸਾਨੂੰ ਨਹਾਉਣ ਧੋਣ ਲਈ ਕਿਹਾ ਗਿਆ ਅਤੇ ਸਵੇਰ ਦਾ ਨਾਸ਼ਤਾ ਦਿੱਤਾ ਗਿਆ। ਜੰਞ ਨੂੰ ਲਿਜਾਣ ਲਈ ਇਕ ਬੱਸ ਦਾ ਇੰਤਜਾਮ ਕੀਤਾ ਗਿਆ ਸੀ। ਜਿਸ ਵਿਚ ਬੈਠ ਕੇ ਅਸੀਂ ਪਲੀਆ ਮੰਡੀ ਤੋਂ ਹੁੰਦੇ ਹੋਏ ਸਮੇਰਪੁਰ ਪਿੰਡ ਪਹੁੰਚੇ। ਇਹ ਸਿਰਫ਼ ਨਾਮ ਦਾ ਹੀ ਪਿੰਡ ਸੀ। ਅਸਲ ਵਿਚ ਇਥੇ ਸਤਪਾਲ ਦੇ ਪਿਤਾ ਅਤੇ ਉਹਨਾਂ ਦੇ ਪੰਜ ਭਰਾਵਾਂ ਦੇ ਮਹਿਲਾਂ ਵਰਗੇ ਘਰ ਸਨ। ਇਕ ਬੈਂਡ ਸਤਪਾਲ ਦੇ ਘਰ ਬੈਠਾ ਸੀ। ਸਾਨੂੰ ਸਤਪਾਲ ਦੇ ਚਾਚਿਆਂ ਦੀਆਂ ਖਾਲੀ ਕੋਠੀਆਂ ਵਿਚ ਠਹਿਰਾਇਆ ਗਿਆ, ਜੋ ਕਿ ਸੜਕ ਤੋਂ ਦੂਜੇ ਪਾਸੇ ਸਨ। ਕੈਟਰਿੰਗ ਆਦਿ ਦਾ ਸਾਰਾ ਪ੍ਰਬੰਧ ਸਤਪਾਲ ਦੇ ਚਾਚਾ ਜੀ ਨੇ ਕੀਤਾ ਸੀ, ਜੋ ਕਿ ਪਹਿਲਾਂ ਲਖਨਊ ਵਿਖੇ ਰਹਿੰਦੇ ਸਨ। ਦੋ ਕੋਠੀਆਂ ਵਿਚ ਹੀ ਸਾਰੀ ਜੰਞ ਦੀ ਰਿਹਾਇਸ਼ ਅਤੇ ਖਾਣ-ਪੀਣ ਦਾ ਪ੍ਰਬੰਧ ਸੀ। ਸਾਨੂੰ ਬਿਲਕੁਲ ਵੀ ਮਹਿਸੂਸ ਨਹੀਂ ਹੋਇਆ ਕਿ ਅਸੀਂ ਕਿਸੇ ਪਿੰਡ ਵਿਚ ਜੰਞ ਲੈ ਕੇ ਆਏ ਹਾਂ। ਜਦੋਂ ਵੀ ਅਸੀਂ ਸਤਪਾਲ ਦੇ ਘਰ ਖਾਣਾ ਖਾਣ ਲਈ ਜਾਂਦੇ ਸੀ ਤਾਂ ਇਕ ਬੈਂਡ ਜੋ ਸਾਡੇ ਕੋਲ ਬੈਠਾ ਹੁੰਦਾ ਸੀ, ਸਾਨੂੰ ਲੈ ਕੇ ਆਉਂਦਾ ਸੀ ਅਤੇ ਖਾਣਾ ਖਾਣ ਤੋਂ ਬਾਅਦ ਵਾਪਸ ਛੱਡ ਕੇ ਆਉਂਦਾ ਸੀ। ਖਾਣੇ ਦਾ ਸਾਰਾ ਬੰਦੋਬਸਤ ਲਖਨਊ ਤੋਂ ਹੀ ਕੀਤਾ ਗਿਆ ਸੀ। ਦੋ ਰਾਤਾਂ ਉਥੇ ਜੰਞ ਰਹੀ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜੇਕਰ ਅਸੀਂ ਆਪਣੇ ਨਿੱਜੀ ਘਰ-ਮਕਾਨ-ਦੁਕਾਨ ਜਾਂ ਵਪਾਰਕ ਅਦਾਰਿਆਂ ਨੂੰ ਖੁੱਲ੍ਹਾ ਨਹੀਂ ਛੱਡਦੇ ਤਾਂ ਫਿਰ ਗੁਰੂ ਗ੍ਰੰਥ ਸਾਹਿ ਦੇ ਪ੍ਰਕਾਸ਼ ਦੌਰਾਨ ਵੀ ਸੇਵਾ ਸੰਭਾਲ ਲਈ ਕਿਸੇ ਦੀ ਹਾਜ਼ਰੀ ਹੋਣੀ ਚਾਹੀਦੀ ਹੈ। ਗੁਰਦੁਆਰਿਆਂ ਦੇ ਪ੍ਰਬੰਧਕ ਇਸ ਜ਼ਿੰਮੇਵਾਰੀ ਤੋਂ ਬਰੀ ਨਹੀਂ ਹੋ ਸਕਦੇ।

ਸਾਹਿਬ ਸ੍ਰੀ ਗੁਰੂ ਸਾਹਿਬ ਜੀ ਦੇ ਪਾਵਨ ਸਰੂਪ ਬਾਰੇ ਦੋ ਨੁਕਤੇ ਹੋਰ ਵੀ ਮਹੱਤਵਪੁਰਨ ਹਨ। ਇਕ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਕ ਬਾਰੇ ਅਤੇ ਦੂਸਰਾ ਇਸਦੇ ਪਦ-ਛੇਦ ਸਰੂਪ ਬਾਰੇ।

ਸ੍ਰ. ਨ੍ਰਿਪਇੰਦਰ ਸਿੰਘ ਜੀ ਰਤਨ ਰਚਿਤ ਪੁਸਤਕ 'ਰਤਨ ਕੋਠੜੀ ਖੁੱਲ੍ਹੀ ਅਨੂਪਾ' ਮੁਤਾਬਕ ਵੀਹਵੀਂ ਸਦੀ ਦੇ ਆਰੰਭ ਤੱਕ ਪਾਵਨ ਬੀੜਾਂ ਦੇ ਅੰਗਾਂ ਦੀ ਗਿਣਤੀ ਇਕ ਸਾਰ ਨਹੀਂ ਸੀ। ਇਏ 1257, 1352, 1430, 1752 ਅਤੇ 2452 ਹੁੰਦੇ ਸਨ। ਪਹਿਲੀ ਵਾਰ ਸਰਦਾਰ ਬੁੱਧ ਸਿੰਘ ਜੀ ਨੇ 48 ਪੁਆਇੰਟ ਵਿਚ 2452 ਪੰਨਿਆਂ ਵਾਲੀ ਬੀੜ ਛਾਪੀ।

ਦੋਬਾਰਾ ਸੰਨ 1933 ਈਸਵੀ ਵਿਚ, "ਸ੍ਰਦਾਰ ਖੜਕ ਸਿੰਘ ਜੀ ਤਾਰ ਬਾਬੂ ਦੀ ਸ਼ਰਧਾ ਭਿੰਨੀ ਪ੍ਰੇਰਨਾ ਨਾਲ 32 ਪੁਆਇੰਟ ਟਾਈਪ ਵਿਚ 1430 ਪੰਨਿਆਂ ਦੀ ਬੀੜ ਛਾਪੀ। ਇਸ ਬੀੜ ਦਾ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸ਼ੀਸ਼ ਮਹੱਲ ਵਿਖੇ ਅਖੰਡ ਪਾਠ ਹੋਇਆ ਅਤੇ ਖਾਲਸਾ ਦਰਬਾਰ ਦੇ ਮੁਖੀ ਸ੍ਰੀਮਾਨ ਮਹੰਤ ਮੂਲ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਵਲੋਂ 'ਲਗਮਾਤ੍ਰਾ ਤੱਕ ਸ਼ੁੱਧ ਬੀੜ', ਦਾ ਪ੍ਰਸ਼ੰਸਾ ਪੱਤਰ ਅਤੇ ਸਿਰੋਪਾਓ ਪ੍ਰਾਪਤ ਹੋਇਆ।

(ਰਤਨ ਕੋਠੜੀ ਖੁੱਲ੍ਹੀ ਅਨੂਪਾ, ਪੰਨਾ ੧੧)

ਇਸ ਸਮੇਂ ਤੱਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਸਰੂਪ ਜੁੜਵੇਂ ਅੱਖਰਾਂ ਵਿਚ ਹੁੰਦੇ ਸਨ। ਇਹੀ ਸਰੂਪ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਹੈ। ਇਸ ਸਰੂਪ ਦੇ ਦਰਸ਼ਨ ਕੀਤਿਆਂ ਆਤਮਕ ਤੌਰ 'ਤੇ ਸਿੱਖ ਆਪ ਮੁਹਾਰੇ ਗੁਰੂ ਕਾਲ ਵਿਚ ਪਹੁੰਚ ਜਾਂਦਾ ਹੈ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਵਿਚ ਇਹੀ ਸਰੂਪ ਪ੍ਰਕਾਸ਼ਮਾਨ ਹਨ। ਪਰ ਹਰ ਚੀਜ਼ ਨੂੰ ਆਪਣੀ ਸਹੂਲਤ ਲਈ ਤਬਦੀਲੀ ਕਰਨ ਦੀ ਰੁਚੀ ਨੇ ਰਾਗ, ਸਾਜ਼, ਕੀਰਤਨ, ਪੁਰਾਤਨ ਗ੍ਰੰਥਾਂ ਨੂੰ ਸੁਖੈਨ ਕਰਦਿਆ ਕਰਦਿਆਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਵੀ ਬਦਲ ਦਿੱਤਾ। ਆਪਣੇ ਆਪ ਨੂੰ ਉਚ ਪ੍ਰੰਪਰਾ ਦੇ ਅਨੁਰੂਪ ਢਾਲਣ ਦੀ ਬਜਾਇ ਉਹਨਾਂ ਮਹਾਨ ਪੁਰਾਤਨ ਪ੍ਰੰਪਰਾਵਾਂ ਅਤੇ ਵਿਰਾਸਤ ਨੂੰ ਹੀ ਆਪਣੇ ਅਨੁਰੂਪ ਢਾਲ ਲਿਆ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਪਦ-ਛੇਦ ਕਰਨ ਬਾਰੇ ਖਾਲਸਾ ਧਰਮ ਸ਼ਾਸਤ੍ਰ ਵਿਚ ਇਸ ਤਰ੍ਹਾਂ ਅੰਕਤ ਹੈ,


"(178) ਸ੍ਰੀ ਗੁਰੂ ਗ੍ਰੰਥਣ ਸਾਹਿਬ ਜੀ ਦੀ ਜੈਸੀ ਮ੍ਰਿਜਾਦਾ ਸ੍ਰੀ ਗੁਰੂ ਜੀ ਨੇ ਰਚੀ ਹੈ ਉਸਦੇ ਜਿਉਂ ਦੇ ਤਿਉਂ ਕਾਇਮ ਰੱਖਣ ਦਾ ਗੁਰੂ ਕੇ ਸਿੱਖਾਂ ਦਾ ਪਰਮ ਧਰਮ ਹੈ। ਕਿਸੀ ਪ੍ਰਕਾਰ ਦਾ ਹਸਤਖੇਪ ਮੂਲੋਂ ਹੀ ਨਾ ਪੌਣਾ ਪਾਏ। ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਵਿਚ ਭੀ ਅਤੇ ਛਪਵਾਈ ਵਿਚ ਭੀ ਪਦ ਛੇਦ ਕਰਕੇ ਲਿਖਣ ਅਥਵਾ ਛਾਪਣ ਦੀ ਕਤੇਈ ਮਮਾਨੀਅਤ ਹੈ ਕੋਈ ਪਦ ਛੇਦ ਨਾ ਕਰੇ॥"

(ਖਾਲਸਾ ਧਰਮ ਸ਼ਾਸਤ੍ਰ, - ਪੂਰਬ ਮੀਮਾਂਸਾ, ੧੯੧੪, ਸੋਢੀ ਰਾਮਨਰੈਣ ਸਿੰਘ, ਪੰਨਾ ੧੦੫)

ਇਸ ਸਮੇਂ ਤੱਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਲੜੀਵਾਰ ਹੀ ਹੁੰਦੇ ਸਨ। ਚੀਫ਼ ਖਾਲਸਾ ਦੀਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿਦ "ਪਦਛੇਦ ਬੀੜ ਚਵਰ ਤਖ਼ਤ ਦੀ ਮਾਲਕ ਨਹੀਂ।" ਧਾਰਮਿਕ ਸਲਾਹਕਾਰ ਕਮੇਟੀ ਦੀ 1 ਜਨਵਰੀ, 1950 ਦੀ ਸਤਾਰਵੀਂ ਇਕੱਤਰਤਾ ਵਿਚ ਮਤਾ ਨੰਬਰ 7 ਰਾਹੀਂ ਨਿਰਣਾ ਲਿਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਛਾਪਣ ਜਾਂ ਪ੍ਰਕਾਸ਼ ਕਰਨ ਬਾਰੇ ਸ਼੍ਰੋਛ ਕਮੇਟੀ ਦੀ ਅੰਤ੍ਰਿੰਗ ਕਮੇਟੀ ਦਾ ਮਤਾ ਨੰਬਰ 1637 ਮਿਤੀ 28-5-49, ਜਿਸ ਰਾਹੀਂ ਧਾਰਮਿਕ ਸਲਾਹਕਾਰ ਕਮੇਟੀ ਦੀ ਰਾਏ ਪੁੱਛੀ ਗਈ ਸੀ, ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਜਿਤਨਾ ਚਿਰ ਪੰਥਕ ਤੌਰ 'ਤੇ ਇਸ ਬਾਰੇ ਫੈਸਲਾ ਨਾ ਹੋ ਜਾਵੇ ਕਿਸੇ ਇਕ ਪੁਰਸ਼ ਜਾਂ ਸਭਾ ਸੁਸਾਇਟੀ ਨੂੰ ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।

(ਪੰਥਕ ਮਤੇ, ਪੰਨਾ 88)




ਆਖ਼ਰ ਲਮੇਰੇ ਵਿਵਾਦ ਦੇ ਬਾਅਦ 12 ਸਿਤੰਬਰ, 1970 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਦਵੰਡ ਬੀੜ ਛਾਪਣ ਦਾ ਮਤਾ ਪ੍ਰਵਾਨ ਕਰ ਦਿੱਤਾ ਅਤੇ ਨਾਲ ਹੀ ਇਹ ਪਦਛੇਦ ਵਾਲੇ ਸਰੂਪ ਵੀ ਛਾਪਣੇ ਸ਼ੁਰੂ ਕਰ ਦਿੱਤੇ। ਪਰ ਇਸ ਨਿਰਣੇ ਨੂੰ ਇਤਿਹਾਸਕ ਗੁਰਦੁਆਰਾ ਸਾਹਿਬਾਨ 'ਤੇ ਲਾਗੂ ਨਹੀਂ ਕੀਤਾ।

10 ਅਕਤੂਬਰ, 2003 ਨੂੰ ਧਰਮ ਪ੍ਰਚਾਰ ਕਮੇਟੀ ਨੇਮ ਤਾ ਨੰਬਰ 6000 ਰਾਹੀਂ ਨਿਰਣਾ ਲਿਆ ਕਿ ਸੈਕਸ਼ਨ 85 ਦੇ ਸਮੂਹ ਗੁਰਦੁਆਰਾ ਸਾਹਿਬਾਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਵਾਰ ਪਾਵਨ ਸਰੂਪ ਹੀ ਪ੍ਰਕਾਸ਼ ਕਰਨ ਦਾ ਯੋਗ ਪ੍ਰਬੰਧ ਕੀਤਾ ਜਾਵੇ। ਇਸ ਮਤੇ ਨੂੰ ਸ਼੍ਰੋਮਣੀ ਕਮੇਟੀ ਨੇ 09 ਦਿਸੰਬਰ, 2003 ਦੇ ਗਸ਼ਤੀ ਪੱਤਰ ਰਾਹੀਂ ਸਾਰੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਨੂੰ ਇਸ ਦੀ ਸੂਚਨਾ ਜਾਰੀ ਕੀਤੀ।

ਇਸ ਦੇ ਬਾਵਜੂਦ ਇਸ ਮੱਦ 'ਤੇ ਸਾਰਾ ਪੰਥ ਇਕਮਤ ਨਹੀਂ ਹੋ ਸਕਿਆ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾ ਕੇਵਲ ਸਿੱਖ ਲਈ ਇਸ਼ਟ ਅਤੇ ਮੁਕਤੀ ਦਾਤਾ ਹਨ, ਬਲਕਿ ਇਹ ਸਿੱਖੀ ਦੀ ਸਾਹ ਰਗ, ਸਿੱਖੀ ਦੀ ਬੁਨਿਆਦ ਹਨ। ਕੀ ਇਸ ਦੀ ਅਭੇਦਤਾ, ਅਛੇਦਤਾ ਅਤੇ ਅਡੋਲਤਾ ਵਿਚ ਤਬਦੀਲੀ ਦਾ ਹੱਕ ਕਿਸੇ ਵੱਡੀ ਤੋਂ ਵੱਡੀ ਸੰਸਥਾਜਾਂ ਜਥੇਬੰਦੀ ਨੂੰ ਹੈ? ਸਿੱਖ ਰਹਿਤ ਮਰਯਾਦਾ ਮੁਤਾਬਕ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨਿਰੋਲਤਾ ਵਿਚ ਤਬਦੀਲੀ ਆਮ ਮਤੇ ਰਾਹੀਂ ਨਹੀਂ ਕੀਤੀ ਜਾ ਸਕਦੀ। ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਉਹੀ ਹੋਣਾ ਚਾਹੀਦਾ ਹੈ ਜਿਸ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਸਰੂਪ ਛਾਪਣ ਲਈ ਫ਼ੌਂਟ ਦਾ ਡਿਜ਼ਾਇਨ ਪੁਰਾਤਨ ਸਰੂਪ ਤੋਂ ਲੈ ਕੇ ਤਿਆਰ ਕਰਾਇਆ ਜਾ ਸਕਦਾ ਹੈ। ਇਸ ਨਾਲ ਭਾਵੇਂ ਸੁਰਤ ਵਿਚ ਹੀ ਪੁਰਾਤਨਤਾ ਦੇ ਦਰਸ਼ਨ ਹੋ ਸਕਣਗੇ।

ਇਸਦੇ ਨਾਲ ਹੀ ਇਕ ਬਹੁਤ ਹੀ ਮਹੱਤਵਪੂਰਨ ਅਤੇ ਚਿੰਤਾ ਦਾ ਵਿਸ਼ਾ ਹੈ ਕਿ ਹੁਣ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਤਬਦੀਲ ਕਰ ਕੇ ਗੁਰਬਾਣੀ ਦੇ ਨਾਲ ਉਸ ਦਾ ਸਪੈਨਿਸ਼ ਜਾਂ ਅੰਗਰੇਜ਼ੀ ਵਿਚ ਤਰਜਮਾ ਅਤੇ ਨਾਲ ਹੀ ਨਿਪਿਅੰਤਰਣ ਕਰਕੇ ਇਕੋ ਗ੍ਰੰਥ ਤਿਆਰ ਕਰ ਕੇ ਉਸਦਾ ਪ੍ਰਕਾਸ਼ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਇਸ ਸਰੂਪ ਦੇ ਹਿੱਸੇ ਦੀਆਂ ਪੋਥੀਆਂ ਵੀ ਛਾਪੀਆਂ ਜਾ ਰਹੀਆਂ ਹਨ ਅਤੇ ਇਕ ਪੋਥੀ ਦਾ ਪ੍ਰਕਾਸ਼ ਗੁਰਦੁਆਰਾ ਸਾਹਿਬ ਵਿਚ ਮੰਜੀ ਸਾਹਿਬ 'ਤੇ ਕੀਤੇ ਜਾਣ ਦੀ ਸੂਚਨਾ ਵੀ ਹੈ। ਸਿੱਖ ਦਾ ਇਸ਼ਟ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹੈ ਜਿਸ ਦਾ ਸਰੂਪ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬੰਨ੍ਹਿਆ ਹੈ। ਇਹ ਬਹੁਤ ਹੀ ਗੰਭੀਰ ਵਿਸ਼ਾ ਹੈ ਅਤੇ ਇਸ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਦਾ ਕਹਿਣਾ ਹੈ ਕਿ ਇਹ ਸਰਾਸਰ ਗਲਤ ਅਤੇ ਗੰਭੀਰ ਹੈ।

(ਚਲਦਾ)

# ਸ਼੍ਰੋਮਣੀ ਕਮੇਟੀ ਦੇ 159 ਮੈਂਬਰੀ ਹਾਊਸ ਲਈ ਚੋਣਾਂ ਜੂਨ-ਜੁਲਾਈ 'ਚ : ਜਸਟਿਸ ਸਾਰੋਂ

## *20 ਦਸੰਬਰ ਤਕ ਸਿਰਫ਼ 7 ਲੱਖ ਵੋਟਰ ਫਾਰਮ ਭਰੇ ਗਏ*

ਅੰਮ੍ਰਿਤਸਰ : ਸਿੱਖਾਂ ਦੀ ਸਿਰਮੌਰ ਧਾਰਮਕ ਸੰਸਥਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵਾਸਤੇ ਚੋਣਾਂ ਹੁਣ ਜੂਨ-ਜੁਲਾਈ 2024 'ਚ ਹੋਣ ਦੀ ਪੱਕੀ ਆਸ ਬੱਝੀ ਹੈ। ਢਾਈ ਸਾਲ ਪਹਿਲਾਂ ਇਕ ਜੁਲਾਈ 2021 ਨੂੰ ਬਤੌਰ ਚੀਫ਼ ਕਮਿਸ਼ਨਰ ਗੁਰਦਵਾਰਾ ਚੋਣਾਂ ਦਾ ਚਾਰਜ ਸੰਭਾਲਣ ਵਾਲੇ ਸੇਵਾ ਮੁਕਤ ਜਸਟਿਸ ਐਸ.ਐਸ.ਸਾਰੋਂ ਵਲੋਂ ਸਿੱਖ ਵੋਟਰ ਫਾਰਮ ਭਰਨ ਦੀ ਤਰੀਖ਼ 29 ਫ਼ਰਵਰੀ ਤਕ ਵਧਾਉਣ ਦੇ ਇਕ ਮਹੀਨੇ ਮਗਰੋਂ ਦਸਦਿਆਂ ਇਸ਼ਾਰਾ ਕੀਤਾ ਹੈ ਕਿ 15 ਨਵੰਬਰ ਤਕ ਸਿਰਫ਼ 1,32,332 ਵੋਟਰ ਫਾਰਮ ਭਰੇ ਗਏ ਸਨ ਜੋ ਵੱਧ ਕੇ 7 ਲੱਖ ਹੋ ਗਏ ਹਨ।

ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਤੋਂ ਮਿਲੀ ਜਾਣਕਾਰੀ ਮੁਤਾਬਕ 20 ਦਸੰਬਰ ਤਕ ਸਿੱਖ ਪੁਰਸ਼ਾਂ ਤੇ ਬੀਬੀਆਂ ਨੇ ਵੋਟਾਂ ਬਣਾਉਣ 'ਚ ਕਾਫੀ ਦਿਲਚਸਪੀ ਦਿਖਾਈ ਹੈ ਪਰ ਇਕ ਮੋਟੇ ਅੰਦਾਜ਼ੇ ਮੁਤਾਬਕ ਪਿਛਲੇ ਸਾਲਾਂ ਦੌਰਾਨ ਸ਼੍ਰੋਮਣੀ ਕਮੇਟੀ ਦੀਆਂ ਕੁੱਲ ਵੋਟਾਂ ਦਾ ਇਹ ਅੰਕੜਾ ਅਜੇ ਵੀ 15 ਤੋਂ 20 ਫ਼ੀ ਸਦੀ ਹੀ ਬਣਦਾ ਹੈ।

ਸਾਰੇ ਜ਼ਿਲ੍ਹਿਆਂ ਦੇ ਭਰੇ ਫਾਰਮਾਂ ਦੀ ਪੜਚੋਲ ਕਰਨ ਤੇ ਪਤਾ ਲੱਗਾ ਹੈ ਕਿ ਲੁਧਿਆਣਾ ਜ਼ਿਲ੍ਹੇ ਦੀਆਂ 13 ਸੀਟਾਂ ਤੋਂ ਸੱਭ ਤੋਂ ਵੱਧ 86498 ਵੋਟਰ ਫਾਰਮ ਭਰੇ ਗਏ ਜਦੋਂ ਕਿ ਪਠਾਨਕੋਟ ਜ਼ਿਲ੍ਹੇ ਤੋਂ ਸਭ ਤੋਂ ਘੱਟ 11972 ਫਾਰਮ ਭਰੇ ਗਏ।

ਨਵੇਂ ਪ੍ਰੋਗਰਾਮ ਅਨੁਸਾਰ ਮੁਢਲੀਆਂ ਵੋਟਰ ਲਿਸਟਾਂ 20 ਮਾਰਚ ਤਕ ਛਪਣਗੀਆਂ ਅਤੇ ਇਤਰਾਜ ਦੂਰ ਕਰਨ ਉਪਰੰਤ ਆਖ਼ਰੀ ਸਿੱਖ ਵੋਟਰ ਲਿਸਟਾਂ 3 ਮਈ ਨੂੰ ਛਪਣਗੀਆਂ ਤੇ ਆਸ ਹੈ ਕਿ ਲੋਕ ਸਭਾ ਚੋਣਾਂ ਮਈ-ਜੂਨ 'ਚ ਖ਼ਾਤਮੇ ਮਗਰੋਂ ਇਹ ਸਿੱਖ ਵੋਟਰ, ਅਪਣੇ ਅਧਿਕਾਰ ਦੀ ਵਰਤੋਂ ਜੂਨ ਜੁਲਾਈ 2024 'ਚ ਹੀ ਕਰ ਸਕਣਗੇ। ਜਸਟਿਸ ਸਾਰੋਂ ਦਾ ਕਹਿਣਾ ਹੈ ਕਿ ਹਰਿਆਣਾ ਲਈ ਵੱਖਰੀ ਕਮੇਟੀ ਬਣਨ ਮਗਰੋਂ ਸ਼੍ਰੋਮਣੀ ਕਮੇਟੀ ਦੀਆਂ ਕੁੱਲ 120 ਸੀਟਾਂ 'ਚੋਂ 8 ਘੱਟ ਕੇ ਹੁਣ 112 ਸੀਟਾਂ ਹੀ ਰਹਿ ਗਈਆਂ ਹਨ ਜਿਨ੍ਹਾਂ ਤੋਂ 159 ਮੈਂਬਰ ਚੁਣੇ ਜਾਣੇ ਹਨ ਕਿਉਂਕਿ 47 ਸੀਟਾਂ ਦੋਹਰੀ ਮੈਂਬਰਸ਼ਿੱਪ ਵਾਲੀਆਂ ਹਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਤੰਬਰ 2011 'ਚ ਚੋਣਾਂ ਹੋਈਆਂ ਸਨ ਅਤੇ 12 ਸਾਲ ਅਦਾਲਤੀ ਕੇਸਾਂ 'ਚ ਸਹਿਜਧਾਰੀ ਸਿੱਖ ਵੋਟਾਂ ਕੱਅਣ ਕਾਰਨ ਲੰਮੀ ਉਲਝਣ ਪਈ ਰਹੀ। ਆਜ਼ਾਦੀ ਮਗਰੋਂ ਸ਼੍ਰੋਮਣੀ ਕਮੇਟੀ ਚੋਣਾਂ 1953, 1959, 1964, 1978, 1996, 2004 ਤੇ 2011 'ਚ ਹੋਈਆਂ ਸਨ ਜਦੋਂ ਕਿ ਗੁਰਦਵਾਰਾ ਐਕਟ ਅਨੁਸਾਰ ਜਨਰਲ ਹਾਊਸ ਦੀ ਮਿਆਦ ਸਿਰਫ਼ 5 ਸਾਲ ਹੁੰਦੀ ਹੈ। ਚੋਣਾਂ ਨਾ ਹੋਣ ਦੀ ਸੂਰਤ 'ਚ ਪੁਰਾਣਾ ਹਾਊਸ ਹੀ ਕੰਮ ਕਰਦਾ ਹੈ ਅਤੇ ਪ੍ਰਧਾਨ ਸਮੇਤ ਕਾਰਜਕਾਰਨੀ ਕਮੇਟੀ ਹਰ ਸਾਲ ਨਵੰਬਰ 'ਚ ਚੁਣੀ ਜਾਂਦੀ ਹੈ।



# ਕੈਲੀਫੋਰਨੀਆ ਅਮਰੀਕਾ 'ਚ ਮੰਦਰ ਦੀਆਂ ਕੰਧਾਂ 'ਤੇ ਲਿਖੇ ਗਏ ਨਾਅਰਿਆਂ ਦੀ ਏਜੀਪੀਸੀ ਵਲੋਂ ਨਿੰਦਾ

## ਸਿੱਖਾਂ ਨੂੰ ਬਦਨਾਮ ਕਰਨ ਵਾਲਿਆਂ ਵਿਰੁੱਧ ਹੋਵੇ ਕਾਰਵਾਈ : ਡਾ. ਪ੍ਰਿਤਪਾਲ ਸਿੰਘ



ਨਿਊਯਾਰਕ : ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨੇਵਾਰਕ/ਕੈਲੇਫੋਰਨੀਆ ਵਿਚਲੇ ਇੱਕ ਮੰਦਰ ਉਤੇ ਕੀਤੀ ਗਰੈਫਿਟੀ ਬਾਰੇ ਫਿਕਰ ਜਤਾਉਂਦਿਆਂ ਇਸਨੂੰ ਕੈਨੇਡਾ-ਆਸਟਰੇਲੀਆ ਦੀ ਤਰਜ਼ ਤੇ ਇੱਕੋ ਤਰੀਕੇ ਨਾਲ ਅਮਰੀਕਾ ਵਿੱਚ ਵਾਪਰਨ ਨੂੰ ਕੌਮਾਂਤਰੀ ਤੋੜ-ਭੰਨ ਦੀ ਸ਼ਰਾਰਤ ਕਹਿੰਦਿਆਂ ਐਫ ਬੀ ਆਈ ਤੇ ਪੁਲੀਸ ਨੂੰ ਜਾਂਚ ਕਰਦਿਆਂ ਸ਼ਰਾਰਤੀ ਅਨਸਰਾਂ ਨੂੰ ਗ੍ਰਿਫਤਾਰ ਕਰਨ ਲਈ ਕਿਹਾ ਹੈ।

ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਹੁਰਾਂ ਮੰਦਰ ਉਤੇ ਵਾਹੀ ਗਈ ਗਰੈਫਿਟੀ ਨੂੰ ਇੱਕੋ ਤਰਜ਼ ਉਤੇ ਕੀਤੀ ਕੌਮਾਂਤਰੀ ਭੰਨਤੋੜ ਦੀ ਸ਼ਰਾਰਤੀ ਕਾਰਵਾਈ ਕਹਿੰਦਿਆਂ ਇਸ ਗੱਲ ਉਤੇ ਜ਼ੋਰ ਦਿੱਤਾ ਹੈ ਕਿ ਜਦ ਵੀ ਕਿਸੇ ਦੇਸ਼ ਵਿੱਚ ਖਾਲਿਸਤਾਨ ਰੈਫਰੈਂਡਮ ਦੀਆਂ ਚੋਣਾ ਨੇੜੇ ਹੁੰਦੀਆਂ ਹਨ ਤਾਂ ਕਿਸੇ ਮੰਦਰ ਦੇ ਬਾਹਰ ਕੰਧਾਂ ਉਤੇ ਗਰੈਫਿਟੀ ਵਾਹਣ ਦੀ ਖ਼ਬਰ ਆ ਜਾਂਦੀ ਹੈ ਤੇ ਪੁਲੀਸ ਦੀ ਜਾਂਚ ਤੋਂ ਆਸਟਰੇਲੀਆ-ਕੈਨੇਡਾ ਵਿੱਚ ਅਜਿਹੀਆਂ ਕਾਰਵਾਈਆਂ ਝੂਠੀਆਂ ਤੇ ਸਿੱਖਾਂ ਨੂੰ ਬਦਨਾਮ ਕਰਨ ਵਾਲੀਆਂ ਕਾਰਵਾਈਆਂ ਪਾਇਆ ਗਿਆ ਹੈ ਡਾ: ਪ੍ਰਿਤਪਾਲ ਸਿੰਘ ਹੁਰਾਂ ਕਿਹਾ ਕਿ ਜਾਂਚ ਸਮੇਂ ਸਾਰੀ ਗੱਲ ਸਾਹਮਣੇ ਆ ਜਾਵੇਗੀ ਪਰ ਸਾਡਾ ਇਸ ਬਾਰੇ ਇਹ ਸਟੈਂਡ ਹੈ ਕਿ ਅਸੀਂ ਹਰ ਧਰਮ ਤੇ ਉਸਦੇ ਧਾਰਮਿਕ ਵੀਚਾਰਾਂ ਤੇ ਸਥਾਨਾਂ ਦਾ ਸਤਿਕਾਰ ਕਰਦੇ ਹਾਂ ਤੇ ਮਸਲੇ ਦੇ ਹੱਲ ਲਈ ਹਿੰਦੂ ਭਾਈਚਾਰੇ ਦੇ ਨਾਲ ਹਾਂ, ਇਸਦੀ ਜਾਂਚ ਹੋਣੀ ਚਾਹੀਦੀ ਹੈ ਤੇ ਦੋਸ਼ੀਆਂ ਨੂੰ ਕਨੂੰਨ ਅਨੁਸਾਰ ਸਜ਼ਾ ਮਿਲਣੀ ਚਾਹੀਦੀ ਹੈ।


## ●ਭਾਰਤੀ ਕੌਂਸੁਲੇਟ ਨੇ ਘਟਨਾ ਦੀ ਨਿਖੇਧੀ ਕਰਦਿਆਂ ਫੌਰੀ ਕਾਰਵਾਈ ਦੀ ਕੀਤੀ ਮੰਗ












ਨਿਊਯਾਰਕ : ਅਮਰੀਕਾ ਦੇ ਕੈਲੀਫੋਰਨੀਆ ਸੂਬੇ 'ਚ ਇਕ ਮੰਦਰ 'ਚ ਦੀਆਂ ਕੰਧਾਂ 'ਤੇ ਨਾਅਰੇ ਲਿਖੇ ਗਏ। ਪੁਲਿਸ ਇਸ ਮਾਮਲੇ ਦੀ ਜਾਂਚ ਸੰਭਾਵੀ ਨਫ਼ਰਤੀ ਅਪਰਾਧ ਦੇ ਪੱਖ ਤੋਂ ਕਰ ਰਹੀ ਹੈ। ਕੈਲੀਫੋਰਨੀਆ ਦੇ ਨੇਵਾਰਕ 'ਚ ਸਿਟੀ ਆਫ਼ ਨੇਵਾਰਕ ਪੁਲੀਸ ਵਿਭਾਗ ਨੇ ਈ-ਮੇਲ ਰਾਹੀਂ ਖ਼ਬਰ ਏਜੰਸੀ ਨੂੰ ਦੱਸਿਆ ਕਿ ਸ਼ੁੱਕਰਵਾਰ ਨੂੰ ਸਵੇਰੇ ਕਰੀਬ 8.35 ਵਜੇ ਉਨ੍ਹਾਂ ਨੂੰ ਸ੍ਰੀ ਸਵਾਮੀਨਾਰਾਇਣ ਮੰਦਰ 'ਚ ਭਾਰਤ ਵਿਰੋਧੀ ਨਾਅਰੇ ਲਿਖੇ ਜਾਣ ਦੀ ਜਾਣਕਾਰੀ ਮਿਲੀ ਸੀ। ਇਸ ਮਗਰੋਂ ਅਧਿਕਾਰੀਆਂ ਨੇ ਕਾਰਵਾਈ ਕਰਦਿਆਂ ਮੰਦਰ ਦੇ ਪ੍ਰਬੰਧਕਾਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਇਸ ਨੂੰ ਡਰਾਉਣ ਦੇ ਉਦੇਸ਼ ਨਾਲ ਕੀਤੀ ਗਈ ਘਟਨਾ ਕਰਾਰ ਦਿੱਤਾ। ਸਿਟੀ ਆਫ਼ ਨੇਵਾਰਕ ਪੁਲੀਸ ਵਿਭਾਗ ਨੇ ਇਕ ਬਿਆਨ 'ਚ ਕਿਹਾ,"ਕੰਧਾਂ 'ਤੇ ਮੌਜੂਦ ਨਾਅਰਿਆਂ ਦੀ ਸਮੱਗਰੀ ਦੇ ਆਧਾਰ 'ਤੇ ਇਹ ਮੰਨਿਆ ਜਾ ਰਿਹਾ ਹੈ ਕਿ ਮੰਦਰ ਦੀ ਦਿੱਖ ਖ਼ਰਾਬ ਕਰਨ ਦੀ ਸਾਜ਼ਿਸ਼ ਘੜੀ ਗਈ ਸੀ ਅਤੇ ਭੰਨ-ਤੋੜ ਦੀ ਘਟਨਾ ਦੀ ਸੰਭਾਵੀ ਨਫ਼ਰਤੀ ਅਪਰਾਧ ਵਜੋਂ ਜਾਂਚ ਕੀਤੀ ਜਾ ਰਹੀ ਹੈ।" ਭਾਰਤ ਦੇ ਸਾਂ ਫਰਾਂਸਿਸਕੋ ਸਥਿਤ ਕੌਂਸੁਲੇਟ ਜਨਰਲ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਕੌਂਸੁਲੇਟ ਨੇ 'ਐਕਸ' 'ਤੇ ਪੋਸਟ 'ਚ ਕਿਹਾ,"ਅਸੀਂ ਕੈਲੀਫੋਰਨੀਆ ਦੇ ਨੇਵਾਰਕ 'ਚ ਐੱਸਐੱਮਵੀਐੱਸ ਸ੍ਰੀ ਸਵਾਮੀਨਾਰਾਇਣ ਮੰਦਰ ਨੂੰ ਭਾਰਤ ਵਿਰੋਧੀ ਨਾਅਰਿਆਂ ਨਾਲ ਵਿਗਾੜਨ ਦੀ ਸਖ਼ਤ ਨਿੰਦਾ ਕਰਦੇ ਹਾਂ। ਇਸ ਘਟਨਾ ਨਾਲ ਭਾਰਤੀ ਫਿਰਕੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਅਸੀਂ ਇਸ ਮਾਮਲੇ 'ਚ ਅਮਰੀਕੀ ਅਧਿਕਾਰੀਆਂ ਵੱਲੋਂ ਫੌਰੀ ਜਾਂਚ ਅਤੇ ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਛੇਤੀ ਕਾਰਵਾਈ ਲਈ ਦਬਾਅ ਪਾਇਆ ਹੈ।" ਸੋਸ਼ਲ ਮੀਡੀਆ 'ਤੇ ਇਸ ਘਟਨਾ ਨਾਲ ਜੁੜੀਆਂ ਤਸਵੀਰਾਂ ਪੋਸਟ ਕੀਤੀਆਂ ਗਈਆਂ ਹਨ।

## ਹਿੰਦੂ ਅਮਰੀਕੀਆਂ ਨੇ ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਮਨਾਉਣ ਲਈ ਕਾਰ ਰੈਲੀ ਦਾ ਕੀਤਾ ਆਯੋਜਨ



ਵਾਸ਼ਿੰਗਟਨ: ਅਗਲੇ ਮਹੀਨੇ ਅਯੁੱਧਿਆ ਵਿੱਚ ਰਾਮ ਮੰਦਰ ਦੇ ਉਦਘਾਟਨ ਤੋਂ ਪਹਿਲਾਂ, ਹਿੰਦੂ ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨੇ ਵਾਸ਼ਿੰਗਟਨ ਡੀਸੀ ਦੇ ਇੱਕ ਉਪਨਗਰ ਵਿੱਚ ਇੱਕ ਕਾਰ ਰੈਲੀ ਦਾ ਆਯੋਜਨ ਕਰਕੇ ਇਸ ਸਮਾਗਮ ਦੀ ਯਾਦ ਵਿੱਚ ਮਹੀਨਾ ਭਰ ਚੱਲਣ ਵਾਲੇ ਜਸ਼ਨਾਂ ਦੀ ਸ਼ੁਰੂਆਤ ਕੀਤੀ।

ਸ਼ਨਿੱਚਰਵਾਰ ਦੁਪਹਿਰ ਨੂੰ ਕਈ ਭਾਈਚਾਰੇ ਦੇ ਮੈਂਬਰ ਰੈਲੀ ਲਈ ਫਰੈਡਰਿਕ ਸਿਟੀ ਮੈਰੀਲੈਂਡ ਨੇੜੇ ਅਯੁੱਧਿਆ ਵੇਅ ਸਥਿਤ ਸ਼੍ਰੀ ਭਗਤ ਅੰਜਨੇਯ ਮੰਦਿਰ ਵਿਖੇ ਇਕੱਠੇ ਹੋਏ।

ਅਯੁੱਧਿਆ ਵਿੱਚ ਰਾਮ ਮੰਦਰ ਦਾ ਸ਼ਾਨਦਾਰ ਉਦਘਾਟਨ 22 ਜਨਵਰੀ, 2024 ਨੂੰ ਤੈਅ ਹੈ।

ਪ੍ਰਬੰਧਕਾਂ ਨੇ ਕਿਹਾ ਕਿ ਰੈਲੀ ਨੇ ਭਾਰਤ ਵਿੱਚ ਰਾਮ ਮੰਦਰ ਦੇ ਮਹੀਨੇ ਭਰ ਚੱਲਣ ਵਾਲੇ ਜਸ਼ਨਾਂ ਦੀ ਸ਼ੁਰੂਆਤ ਕੀਤੀ।

ਮਹਿੰਦਰ ਸਾਪਾ ਨੇ ਕਿਹਾ ਕਿ ਹਿੰਦੂਆਂ ਦੇ 500 ਸਾਲਾਂ ਦੇ ਸੰਘਰਸ਼ ਤੋਂ ਬਾਅਦ, ਭਗਵਾਨ ਸ਼੍ਰੀ ਰਾਮ ਮੰਦਰ ਦਾ ਉਦਘਾਟਨ ਕੀਤਾ ਜਾ ਰਿਹਾ ਹੈ ਅਤੇ ਇਸ ਲਈ ਅਸੀਂ ਅਗਲੇ ਸਾਲ 20 ਜਨਵਰੀ ਨੂੰ ਵਾਸ਼ਿੰਗਟਨ, ਡੀਸੀ ਖੇਤਰ ਵਿੱਚ ਲਗਭਗ 1,000 ਅਮਰੀਕੀ ਹਿੰਦੂ ਪਰਿਵਾਰਾਂ ਦੇ ਨਾਲ ਇੱਕ ਇਤਿਹਾਸਕ ਜਸ਼ਨ ਦਾ ਆਯੋਜਨ ਕਰ ਰਹੇ ਹਾਂ।

ਉਨ੍ਹਾਂ ਕਿਹਾ ਕਿ ਇਸ ਜਸ਼ਨ ਵਿੱਚ ਵੱਖ-ਵੱਖ ਉਮਰਾਂ ਦੇ ਬੱਚਿਆਂ ਦੁਆਰਾ ਭਗਵਾਨ ਸ਼੍ਰੀ ਰਾਮ ਦੇ ਜੀਵਨ ਬਾਰੇ ਕਾਨੂੰਨ ਨੂੰ ਲਗਭਗ 45 ਮਿੰਟਾਂ ਤੱਕ ਪੇਸ਼ ਕੀਤਾ ਜਾਵੇਗਾ, ਜਿਸ ਤਰ੍ਹਾਂ ਅਮਰੀਕਾ ਵਿੱਚ ਪੈਦਾ ਹੋਏ ਬੱਚਿਆਂ ਨੂੰ ਸਮਝ ਆ ਸਕਦੀ ਹੈ।

ਸਹਿ-ਸੰਯੋਜਕ ਅਤੇ ਇੱਕ ਸਥਾਨਕ ਤਮਿਲ ਹਿੰਦੂ ਨੇਤਾ, ਪ੍ਰੇਮਕੁਮਾਰ ਸਵਾਮੀਨਾਥਨ, ਨੇ ਤਾਮਿਲ ਭਾਸ਼ਾ ਵਿੱਚ ਭਗਵਾਨ ਸ਼੍ਰੀ ਰਾਮ ਦੀ ਉਸਤਤ ਵਿੱਚ ਇੱਕ ਗੀਤ ਗਾਇਆ ਅਤੇ ਅਮਰੀਕਾ ਵਿੱਚ 20 ਜਨਵਰੀ ਦੇ ਜਸ਼ਨ ਦੇ ਨਾਲ-ਨਾਲ ਅਗਲੇ ਸਾਲ 22 ਜਨਵਰੀ ਨੂੰ ਅਯੁੱਧਿਆ ਵਿੱਚ ਅਸਲ ਉਦਘਾਟਨ ਲਈ ਸਾਰੇ ਪਰਿਵਾਰਾਂ ਨੂੰ ਸੱਦਾ ਦਿੱਤਾ।

ਹੋਰ ਪ੍ਰਬੰਧਕਾਂ ਨੇ ਕੰਨੜ, ਤੇਲਗੂ ਅਤੇ ਹੋਰ ਭਾਸ਼ਾਵਾਂ ਵਿੱਚ ਗੱਲ ਕੀਤੀ, ਭਗਵਾਨ ਸ਼੍ਰੀ ਰਾਮ ਦੀ ਮਹੱਤਤਾ ਦਾ ਵਰਣਨ ਕੀਤਾ, ਜੋ ਕਿ ਵਿਸ਼ਵ ਭਰ ਵਿੱਚ ਰਹਿਣ ਵਾਲੇ ਹਿੰਦੂਆਂ ਲਈ ਮਿਸਾਲੀ ਹੈ।

## ਅਮਰੀਕਾ ਵਿੱਚ ਮੰਦਿਰ ਦੀਆਂ ਕੰਧਾਂ ਤੇ ਖਾਲਿਸਤਾਨ ਸਬੰਧੀ ਲਫਜ਼ ਲਿਖਣ ਦਾ ਮਾਮਲਾ



ਡਾ. ਗੁਰਦੀਪ ਸਿੰਘ ਸੰਧੂ

ਨਿਉਜ਼ੀਲੈਂਡ ਵਿੱਚ ਵੀ ਇਹ ਵਰਤਾਰਾ ਬੀਜੇਪੀ ਦੇ ਕਰਿੰਦਿਆਂ ਵੱਲੋਂ ਕੀਤਾ ਗਿਆ ਸੀ, ਜੋ ਬਾਦ ਵਿੱਚ ਫੜੇ ਗਏ।

ਅਮਰੀਕਾ ਵਿੱਚ ਇਹ ਵਰਤਾਰਾ ਗੁਰਪਤਵੰਤ ਪੰਨੂੰ ਦੇ ਕਤਲ ਦੀ ਸਾਜਿਸ ਦਾ ਪਰਦਾਫਾਸ਼ ਹੋਣ ਤੋਂ ਬਾਅਦ ਅਮਰੀਕਾ ਦੀਆਂ ਨਜ਼ਰਾਂ ਵਿੱਚ ਉਹਨਾਂ ਦੀ ਸ਼ਾਖ ਨੂੰ ਬਦਨਾਮ ਕਰਨ ਲਈ ਕੀਤਾ ਗਿਆ ਹੈ।

ਇਹ ਨਵੀਂ ਗੱਲ ਨਹੀਂ ਬੀਜੇਪੀ/ਆਰਐਸਐਸ ਦੇ ਕਾਰਕੁਨਾਂ ਦੀ ਪੁਰਾਣੀ ਆਦਤ ਹੈ।

ਮੈਂ ਜਦ ਯੂਨਾਈਟਿਡ ਅਕਾਲੀ ਦਲ ਦਾ ਫਿਰੋਜਪੁਰ ਦਾ ਜਨਰਲ ਸੈਕਟਰੀ ਸਾਂ (ਇਹ 1984 ਤੋਂ ਬਾਅਦ ਦੇ ਵਰਤਾਰੇ ਦੀ ਗੱਲ ਹੈ) ਉਸ ਵਕਤ ਵੀ ਮੰਦਰਾਂ ਵਿੱਚ ਗਾਵਾਂ ਦੀਆਂ ਪੂਛਾਂ ਤੇ ਸਿਰ ਸੁੱਟਣ ਦੀਆਂ ਕਾਰਵਾਈਆਂ ਹੋਈਆਂ ਸਨ ਤੇ ਮੈਨੂੰ ਯਾਦ ਹੈ ਅਵਤਾਰ ਸਿੰਘ ਐਸਐਚਓਸੀ ਕੋਟ ਈਸਾ ਖਾਂ ਸਿੱਖ ਅੰਮ੍ਰਿਤਧਾਰੀ ਮੁੰਡਿਆਂ ਨੂੰ ਫੜ ਫੜ ਕੇ ਕੁੱਟਿਆ ਮਾਰਦਾ ਰਿਹਾ ਸੀ।

ਮੈਨੂੰ ਮਿਲੀ ਖੁਫੀਆ ਰਿਪੋਰਟ ਅਨੁਸਾਰ ਉਸ ਵਕਤ "ਪੰਡਿਤਾਂ ਦੀ ਇੱਕ ਕੁੜੀ ਨੇ ਜਵਾਨ ਹਿੰਦੂ ਮੁੰਡਿਆਂ ਦੀ ਇੱਕ ਟੀਮ" ਬਣਾਈ ਸੀ ਇੱਕ ਰਾਤ ਇਹ ਟੀਮ ਸਮੇਤ ਉਹ ਪੰਡਿਤਾਂ ਦੀ ਕੁੜੀ ਕੋਟ ਈਸਾ ਖਾਂ ਦੇ ਨਾਮੀ ਡਾਕਟਰ ਦੇ ਘਰ ਡਾਕਾ ਮਾਰਨ ਗਏ।

ਉਸ ਡਾਕਟਰ ਨੇ ਮੈਨੂੰ ਡਰਦਿਆਂ ਆ ਕੇ ਦੱਸਿਆ ਕਿ ਡਾਕੂਆਂ ਵਿੱਚ ਇੱਕ ਕੁੜੀ ਸੀ ਇਸੇ ਸ਼ਹਿਰ ਦੀ। ਬੇਸ਼ੱਕ ਸਭ ਦੇ ਚਿਹਰੇ ਢੱਕੇ ਸਨ ਪਰ ਮੈਂ ਉਸ ਕੁੜੀ ਦੀ ਅਵਾਜ਼ ਪਹਿਚਾਨਦਾ ਹਾਂ।

ਮੈਂ ਅਵਤਾਰ ਸਿੰਘ ਨੂੰ ਸੱਦਿਆ ਆਪਣੀ ਕੋਠੀ (ਕਿਉਂਕਿ ਉਸ ਵਕਤ ਪੁਲਸ ਦੇ ਆਪਸੀ ਝਗੜੇ ਦੇ ਕੇਸ ਵੀ ਮੇਰੀ ਕੋਠੀ ਫੈਸਲੇ ਲਈ ਪਹੁਚਦੇ ਸਨ ਤੇ ਮੈਂ ਉਹਨਾਂ ਦੇ ਫੈਸਲੇ ਕਰਵਾਉਂਦਾ ਰਿਹਾ ਸਾ ਕਿਉਂਕਿ ਰੋਜ਼ ਸਵੇਰੇ ਮੇਰੀ ਕੋਠੀ ਆਮ ਇਲਾਕੇ ਦੇ ਲੋਕ ਆਪਣੀਆਂ ਮੁਸ਼ਕਲਾਂ ਨਾਲ ਪਹੁੰਚਦੇ ਸਨ। ਕੋਰਟ ਕਚਹਿਰੀਆਂ ਜਾਂ ਜ਼ਮੀਨਾਂ ਦੇ ਝਗੜੇ ਮੈਂ ਆਪਣੀ ਕੋਠੀ ਸੁਲਝਾਉਂਦਾ ਰਿਹਾ ਹਾਂ। ਸੋ ਜਦ ਮੈਂ ਅਵਤਾਰ ਸਿੰਘ ਨੂੰ ਇਸ ਬਾਰੇ ਦੱਸਿਆ ਤਾਂ ਉਹ ਯਕੀਨ ਨਾ ਕਰੇ ਪਰ ਜਦ ਜ਼ੁੰਮੇਵਾਰ ਚੁੱਕ ਕੇ, "ਲੇਡੀ ਕੰਨਸਟੇਬਲ ਜੀਰੇ ਤੋਂ ਮੰਗਵਾ ਕੇ ਪੁਲਸ ਫੋਰਸ ਉਹਦੇ ਘਰ ਗਈ ਤੇ ਕੁੜੀ ਨੂੰ ਥਾਣੇ ਲੈ ਆਦਾ ਉਹਨੇ ਦੋ ਡੰਡੇ ਨਹੀ ਖਾਧੇ ਸਭ ਕੁਝ ਬਕ" ਦਿੱਤਾ। ਉਹਦੇ ਘਰੋਂ ਖਾਲਿਸਤਾਨ ਦੇ ਲੈਟਰ ਪੈਡ ਵੀ ਫੜੇ ਗਏ ਜਿਸ ਤੇ ਉਹ ਚਿੱਠੀਆਂ ਲਿਖ ਕੇ ਲੋਕਾਂ ਤੋਂ ਪੈਸੇ ਲੁੱਟਦੇ ਸਨ।

ਉਹਨਾਂ ਦਾ ਸ਼ਿਕਾਰ ਚੀਮਿਆਂ ਦਾ ਸਰਪੰਚ ਜਗਤਾਰ ਸਿੰਘ ਵੀ ਹੋਇਆ ਉਹ ਚਿੱਠੀ ਲੈਕੇ ਮੇਰੇ ਕੋਲ ਆਇਆ ਪਰ ਚਿੱਠੀ ਦੀ ਅਬਾਰਤ ਇਹ ਸਾਬਤ ਨਹੀਂ ਸੀ ਕਰਦੀ ਕਿ ਕਿਸੇ ਖਾਲਿਸਕਾਨ ਕਮਾਂਡੋ ਫੋਰਸ ਦੀ ਚਿੱਠੀ ਹੈ ਤੇ ਅੰਮ੍ਰਿਤਸਰ ਤੋਂ ਆਈ ਹੈ। ਇਹ ਉੱਪਰ ਵਾਲੀ ਵਾਰਤਾ ਤੋਂ ਪਹਿਲਾਂ ਦੀ ਗੱਲ ਹੈ ਆਪਣੇ ਸੋਰਸ ਨਾਲ ਉਹ ਚਿੱਠੀ ਵਿਖਾ ਕੇ ਪਤਾ ਕੀਤਾ ਤਾਂ ਕਿਸੇ ਨਹੀਂ ਮੰਨਿਆ ਕਿ ਇਹ ਸਾਡੀ ਚਿੱਠੀ ਹੈ।

ਖੈਰ ਹਿੰਦੂ ਬਾਹਮਣਾ ਦੀ ਲੜਕੀ ਦਾ ਕਾਰਨਾਮਾ ਨਾ ਸ਼ੱਕ ਯੋਗ ਸੀ ਨਾ ਯਕੀਨ ਯੋਗ ਸੀ ਜੋ ਉਸ ਵਕਤ ਵਾਪਰਿਆ ਮੈਂ ਮੁੰਡਿਆਂ ਨੂੰ ਛੁਡਵਾਇਆ ਤੇ ਕੁੜੀ ਤੇ ਕੇਸ ਬਣਾਉਣ ਲਈ ਰਿਹਾ।

ਮੈਂ ਹਾਲੇ ਘਰ ਨਹੀਂ ਸਾਂ ਪਹੁੰਚਿਆ ਕਿ ਸ਼ਹਿਰ ਦੇ ਨਾਮੀ ਗਰਾਮੀ ਲਾਲੇ ਜਿਹਨਾਂ ਦੇ ਚੰਗੇ ਬਿਜਨਿਸ ਸਨ ਬੇਸ਼ੱਕ ਉਹ ਕਾਂਗਰਸੀ ਸਨ ਪਰ ਮੇਰੀ ਇੱਜ਼ਤ ਕਰਦੇ ਸਨ ਮੇਰੇ ਘਰੇ ਆਏ। (ਮੈਂ ਬਿਨਾ ਭੇਤ ਭਾਵ ਦੇ ਸਭ ਦੇ ਕੰਮ ਆਉਂਦਾ ਸਾਂ। ਹਾਲਾਤ ਕਾਮਰੇਡ ਕਾਂਗਰਸੀ ਸਭ ਮੇਰੇ ਘਰੇ ਆਏ ਤੇ ਕਿਹਾ ਕਿ ਜੇ ਤੂੰ ਇਲੈਕਸ਼ਨ ਲੜੇ ਤਾਂ ਪਾਰਟੀ ਤੋਂ ਉੱਪਰ ਉਠ ਕੇ ਤੇਰੀ ਮਦਦ ਕਰਾਂਗੇ) ਤੇ ਇੱਕ ਵਾਰ ਕੁੜੀ ਹੋਣ ਕਰਕੇ ਸ਼ਹਿਰ ਦੀ ਇੱਜ਼ਤ ਹੋਣ ਕਰੇ ਕਾਰਵਾਈ ਨਾ ਕਰਨ ਦੀ ਬੇਨਤੀ ਕੀਤੀ।

ਸਭ ਦੀ ਸਾਂਝੀ ਰਾਏ ਨਾਲ ਕਾਰਵਾਈ ਰੋਕ ਦਿੱਤੀ।

ਇਹ ਵਾਰਤਾ ਲਿਖਣ ਤੋਂ ਮਤਲਬ ਸਿਰਫ ਏਨਾ ਹੀ ਹੈ ਕਿ ਇਹ ਇਨ੍ਹਾਂ ਦੀ ਪੁਰਾਣੀ ਆਦਤ ਹੈ ਕਰਨਾ ਆਪ ਦੋਸ਼ ਉਹਨਾਂ ਸਿਰ ਮੜ੍ਹਨਾ ਜਿਹਨਾਂ ਨੂੰ ਫਸਾਉਣਾ ਹੁੰਦਾ ਹੈ।

ਸੋ ਸਿੱਖਾਂ ਦੀ ਵੱਧ ਰਹੀ ਸ਼ਾਖ ਨੂੰ ਅਮਰੀਕਾ ਵਿੱਚ ਢਾਹ ਲਾਉਣ ਲਈ ਤੇ ਗੁਰਪਤਵੰਤ ਪੰਨੂੰ ਸਾਜ਼ਿਸ਼ ਕਾਂਡ ਦੇ ਖੁਲਣ ਦੀ ਨਮੋਸ਼ੀ ਤੋਂ ਬਚਣ ਲਈ ਅਮਰੀਕਾ ਦੀਆਂ ਨਜ਼ਰਾਂ ਵਿੱਚ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਝੀ ਚਾਲ ਹੈ।

# ਸਾਹਿਬਜ਼ਾਦਿਆਂ ਨੂੰ ਨਾ ਸਿਰਫ਼ ਭਾਰਤ ’ਚ ਬਲਕਿ ਪੂਰੇ ਵਿਸ਼ਵ ਵਿੱਚ ਯਾਦ ਕੀਤਾ ਜਾਂਦਾ ਹੈ: ਨਰਿੰਦਰ ਮੋਦੀ

## ਪ੍ਰਧਾਨ ਮੰਤਰੀ ਨੇ ‘ਵੀਰ ਬਾਲ ਦਿਵਸ’ ਸਮਾਗਮ ’ਚ ਕੀਤੀ ਸ਼ਿਰਕਤ


















ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਸਿੱਖ ਗੁਰੂਆਂ ਨੇ ਭਾਰਤੀਆਂ ਨੂੰ ਆਪਣੀ ਧਰਤੀ ਦੇ ਮਾਣ ਲਈ ਜਿਉਣਾ ਸਿਖਾਇਆ ਅਤੇ ਦੇਸ਼ ਨੂੰ ਬਿਹਤਰ ਅਤੇ ਵਿਕਸਤ ਬਣਾਉਣ ਲਈ ਪ੍ਰੇਰਨਾ ਸਰੋਤ ਵਜੋਂ ਕੰਮ ਕੀਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਵਿਚ ਕਰਵਾਏ ਗਏ ‘ਵੀਰ ਬਾਲ ਦਿਵਸ’ ਪ੍ਰੋਗਰਾਮ ਵਿਚ ਬੋਲਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅਮਰੀਕਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿਚ ਪ੍ਰੋਗਰਾਮਾਂ ਰਾਹੀਂ ਉਨ੍ਹਾਂ ਦੀ ਕੁਰਬਾਨੀ ਨੂੰ ਨਾ ਸਿਰਫ਼ ਭਾਰਤ ਵਿਚ ਸਗੋਂ ਵਿਸ਼ਵ ਪੱਧਰ ’ਤੇ ਯਾਦ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਭਾਰਤ ਦੇ ਬਹਾਦਰ ਸਾਹਿਬਜ਼ਾਦਿਆਂ ਬਾਰੇ ਪੂਰੀ ਦੁਨੀਆ ਜਾਣੇਗੀ ਅਤੇ ਉਨ੍ਹਾਂ ਦੇ ਮਹਾਨ ਕੰਮਾਂ ਤੋਂ ਲੋਕਾਂ ਨੂੰ ਸਿੱਖਿਆ ਮਿਲੇਗੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੋਲ ਭਾਰਤ ਦੇ ਨੌਜਵਾਨਾਂ ਦੇ ਬੇਅੰਤ ਸੁਪਨਿਆਂ ਨੂੰ ਪੂਰਾ ਕਰਨ ਲਈ ਸਪੱਸ਼ਟ ਦ੍ਰਿਸ਼ਟੀਕੋਣ ਅਤੇ ਰੋਡਮੈਪ ਹੈ, ਚਾਹੇ ਉਹ ਕਿਸੇ ਵੀ ਖੇਤਰ ਅਤੇ ਸਮਾਜ ਵਿਚ ਪੈਦਾ ਹੋਏ ਹੋਣ।

ਭਾਰਤੀ ਅਰਥਵਿਵਸਥਾ ਦੇ ਆਕਾਰ ਵਿਚ ਵਾਧੇ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਰਕਾਰ ਦੀ ਸਪੱਸ਼ਟ ਨੀਤੀ ਹੈ ਅਤੇ ਇਸ ਦੇ ਇਰਾਦਿਆਂ ਵਿਚ ਕੋਈ ਪ੍ਰਵਾਹ ਨਹੀਂ ਹੈ। ਪ੍ਰਧਾਨ ਮੰਤਰੀ ਨੇ ਨੌਜਵਾਨਾਂ ਨੂੰ ਆਪਣੀ ਸਿਹਤ ਨੂੰ ਸਭ ਤੋਂ ਵੱਧ ਤਰਜੀਹ ਦੇਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਜਦੋਂ ਉਹ ਤੰਦਰੁਸਤ ਹੋਣਗੇ, ਤਾਂ ਉਹ ਆਪਣੇ ਕਰੀਅਰ ਅਤੇ ਜੀਵਨ ਵਿਚ ‘ਸੁਪਰ ਹਿੱਟ’ ਹੋਣਗੇ। ਉਨ੍ਹਾਂ ਲੋਕਾਂ ਨੂੰ ਚੰਗੀ ਖ਼ੁਰਾਕ ਖਾਣ ਅਤੇ ਨਸ਼ਿਆਂ ਦੀ ਵਰਤੋਂ ਤੋਂ ਦੂਰ ਰਹਿਣ ਲਈ ਕਿਹਾ। ਮੋਦੀ ਨੇ ਧਾਰਮਿਕ ਨੇਤਾਵਾਂ ਅਤੇ ਸਮਾਜਿਕ ਸੰਗਠਨਾਂ ਨੂੰ ਨਸ਼ੇ ਖਿਲਾਫ਼ ਅੰਦੋਲਨ ਸ਼ੁਰੂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅੱਜ ਜਦੋਂ ਭਾਰਤ ਨੂੰ ਆਪਣੀ ਵਿਰਾਸਤ ’ਤੇ ਮਾਣ ਹੈ ਤਾਂ ਇਸ ਪ੍ਰਤੀ ਵਿਸ਼ਵ ਦਾ ਨਜ਼ਰੀਆ ਵੀ ਬਦਲ ਗਿਆ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਭਾਰਤ ਦੁਨੀਆ ਦੇ ਸਭ ਤੋਂ ਨੌਜਵਾਨ ਦੇਸ਼ਾਂ ਵਿਚੋਂ ਇੱਕ ਹੈ। ਆਜ਼ਾਦੀ ਦੀ ਲੜਾਈ ਦੇ ਸਮੇਂ ਭਾਰਤ ਦੀ ਉਮਰ ਵੀ ਇੰਨੀ ਛੋਟੀ ਨਹੀਂ ਸੀ। ਜਦੋਂ ਉਸ ਨੌਜਵਾਨ ਸ਼ਕਤੀ ਨੇ ਦੇਸ਼ ਨੂੰ ਆਜ਼ਾਦੀ ਦਿਵਾਈ ਤਾਂ ਅੱਜ ਦੀ ਨੌਜਵਾਨ ਸ਼ਕਤੀ ਭਾਰਤ ਨੂੰ ਕਿਹੜੀਆਂ ਉਚਾਈਆਂ ’ਤੇ ਲੈ ਜਾ ਸਕਦੀ ਹੈ, ਇਹ ਕਲਪਨਾ ਤੋਂ ਪਰੇ ਹੈ।

ਉਨ੍ਹਾਂ ਖੁਸ਼ੀ ਜ਼ਾਹਰ ਕੀਤੀ ਕਿ ਅੱਜ ਦਾ ਭਾਰਤ ‘ਗੁਲਾਮੀ ਮਾਨਸਿਕਤਾ’ ਵਿਚੋਂ ਬਾਹਰ ਆ ਰਿਹਾ ਹੈ ਅਤੇ ਅੱਜ ਦੇ ਭਾਰਤ ਨੂੰ ਆਪਣੇ ਲੋਕਾਂ, ਆਪਣੀਆਂ ਸਮਰੱਥਾਵਾਂ ਅਤੇ ਆਪਣੀਆਂ ਪ੍ਰੇਰਨਾਵਾਂ ’ਤੇ ਪੂਰਾ ਭਰੋਸਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਅਸੀਂ ਆਪਣੇ ਵਿਰਸੇ ਦਾ ਸਤਿਕਾਰ ਨਹੀਂ ਕਰਦੇ, ਦੁਨੀਆਂ ਨੇ ਵੀ ਸਾਡੇ ਵਿਰਸੇ ਦੀ ਕਦਰ ਨਹੀਂ ਕੀਤੀ। ਅੱਜ ਜਦੋਂ ਅਸੀਂ ਆਪਣੇ ਵਿਰਸੇ ’ਤੇ ਮਾਣ ਮਹਿਸੂਸ ਕਰ ਰਹੇ ਹਾਂ ਤਾਂ ਦੁਨੀਆ ਦਾ ਨਜ਼ਰੀਆ ਵੀ ਬਦਲ ਗਿਆ ਹੈ।

ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਨੌਜਵਾਨਾਂ ਦੇ ਮਾਰਚ ਪਾਸਟ ਨੂੰ ਹਰੀ ਝੰਡੀ ਦੇ ਕੇ ਰਵਾਨਾ ਵੀ ਕੀਤਾ। ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਵਜੋਂ ਵੀਰ ਬਾਲ ਦਿਵਸ ਮਨਾਇਆ ਜਾਂਦਾ ਹੈ। ਪਿਛਲੇ ਸਾਲ ਜਨਵਰੀ ਵਿਚ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ, ਪ੍ਰਧਾਨ ਮੰਤਰੀ ਨੇ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਸੀ।









# ‘ਵੀਰ ਬਾਲ ਦਿਵਸ’ ਮੌਕੇ ਮੁੱਖ ਮੰਤਰੀ ਆਦਿਤਿਆ ਨਾਥ ਯੋਗੀ ਨੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੀਤਾ ਯਾਦ





ਲਖਨਊ- ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਨੇ ‘ਵੀਰ ਬਾਲ ਦਿਵਸ’ ਮੌਕੇ ਸਿੱਖ ਧਰਮ ਦੇ ਦੱਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਉਨ੍ਹਾਂ ਨੂੰ ਨਮਨ ਕੀਤਾ। ਇਸ ਮੌਕੇ ਲਖਨਊ ਸਥਿਤ ਸੀ.ਐੱਮ. ਨਿਵਾਸ ’ਤੇ ਸੀ.ਐੱਮ. ਯੋਗੀ ਨੇ ਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਿਸ ਵਿਚ ਸਿੱਖ ਧਰਮ ਦੇ ਪੰਥੀ ਅਤੇ ਨੁਮਾਇੰਦੇ ਸ਼ਾਮਲ ਰਹੇ ਹਨ। ਪ੍ਰੋਗਰਾਮ ਨੂੰ ਸੰਬੋਧਿਤ ਕਰਦੇ ਹੋਏ ਸੀ.ਐੱਮ. ਯੋਗੀ ਨੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕੀਤਾ। ਸੀ.ਐੱਮ. ਯੋਗੀ ਨੇ ਕਿਹਾ ਕਿ ਸਿੱਖ ਧਰਮ ਨੇ ਦੇਸ਼ ਲਈ ਹਮੇਸ਼ਾ ਸ਼ਹਾਦਤਾਂ ਦਿੱਤੀਆਂ ਹਨ। ਚਾਰ ਸਾਹਿਬਜ਼ਾਦਿਆਂ ਨੂੰ ਅੱਜ ਪੂਰਾ ਦੇਸ਼ ਯਾਦ ਕਰ ਰਿਹਾ ਹੈ, ਉਨ੍ਹਾਂ ਨੂੰ ਨਮਨ ਕਰ ਰਿਹਾ ਹੈ। ਇਸ ਮੌਕੇ ਸੀ.ਐੱਮ. ਯੋਗੀ ਨੇ ਸਿੱਖ ਧਰਮ ਦੀ ਪ੍ਰਤੀਗ ਦਸਤਾਰ ਸਜਾਈ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਿਰ ’ਤੇ ਚੁੱਕ ਕੇ ਉਨ੍ਹਾਂ ਨੂੰ ਨਮਨ ਕੀਤਾ। ਉਨ੍ਹਾਂ ਦੇ ਨਾਲ ਸਿੱਖ ਧਰਮ ਦੇ ਨੁਮਾਇੰਦੇ ਵੀ ਚਲਦੇ ਨਜ਼ਰ ਆਏ।









# ‘ਵੀਰ ਬਾਲ ਦਿਵਸ’ ਮੌਕੇ ਪਟਨਾ ਸਾਹਿਬ ਗੁਰਦੁਆਰਾ ਪਹੁੰਚੇ ਹਰਦੀਪ ਪੁਰੀ






ਪਟਨਾ- ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਮੰਗਲਵਾਰ ਨੂੰ ਵੀਰ ਬਾਲ ਦਿਵਸ ਮੌਕੇ ਇੱਥੇ ਪਟਨਾ ਸਾਹਿਬ ਗੁਰਦੁਆਰਾ 'ਚ ਅਰਦਾਸ ਕੀਤੀ। ਵੀਰ ਬਾਲ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੀ ਸ਼ਹਾਦਤ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਪਿਛਲੇ ਸਾਲ ਜਨਵਰੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਦਿਨ ਪ੍ਰਧਾਨ ਮੰਤਰੀ ਮੋਦੀ ਨੇ 26 ਦਸੰਬਰ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਸੀ।

ਨਰਿੰਦਰ ਮੋਦੀ ਕੈਬਨਿਟ 'ਚ ਇਕਮਾਤਰ ਸਿੱਖ ਮੰਤਰੀ ਹਰਦੀਪ ਪੁਰੀ ਨੇ ਸਿੱਖਾਂ ਦੇ 10ਵੇਂ ਗੁਰੂ ਦੇ ਜਨਮ ਅਸਥਾਨ ਦੇ ਦਰਸ਼ਨ ਕਰਨ ਮਗਰੋਂ ਕਿਹਾ ਕਿ ਮੈਂ ਇਸ ਮੌਕੇ ਇੱਥੇ ਆ ਕੇ ਖ਼ੁਦ ਨੂੰ ਕਿਸਮਤ ਵਾਲਾ ਮੰਨਦਾ ਹਾਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ ਐਲਾਨ ਕੀਤਾ ਸੀ ਕਿ 26 ਦਸੰਬਰ ਨੂੰ ਵੀਰ ਬਾਲ ਦਿਵਸ ਦੇ ਰੂਪ ਵਿਚ ਮਨਾਇਆ ਜਾਵੇਗਾ।

ਮੰਤਰੀ ਪੁਰੀ ਨੇ ਦੇਸ਼ ਦੀ ਪ੍ਰਭਾਵਸ਼ਾਲੀ ਆਰਥਿਕ ਸੰਭਾਵਨਾਵਾਂ ਬਾਰੇ ਕਿਹਾ ਕਿ ਮੋਦੀ ਜੀ ਦੀ ਅਗਵਾਈ 'ਚ ਅਸੀਂ ਦੁਨੀਆ ਦੀ 5ਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਏ ਹਾਂ। ਬਹੁਤ ਜਲਦੀ ਅਸੀਂ ਉੱਚ ਤਿੰਨ ਵਿਚ ਸ਼ਾਮਲ ਹੋਵਾਂਗੇ। ਬਿਹਾਰ ਵਿਚ ਭਾਜਪਾ ਦੇ ਸੀਨੀਅਰ ਨੇਤਾਵਾਂ ਨਾਲ ਗੁਰਦੁਆਰਾ ਪਹੁੰਚੇ ਕੇਂਦਰੀ ਮੰਤਰੀ ਪੁਰੀ ਨੇ ਕਿਹਾ ਕਿ ਅਸੀਂ ਇਤਿਹਾਸ ਬਣਾਉਣ ਦੇ ਕਗਾਰ 'ਤੇ ਹਾਂ। ਭਾਰਤ 2047 ਤੱਕ ਇਕ ਵਿਕਸਿਤ ਰਾਸ਼ਟਰ ਬਣ ਦੀ ਆਸ ਰੱਖਦਾ ਹੈ।

## ਦਸਮੇਸ਼ ਪਿਤਾ ਨੇ ਦੇਸ਼ ਤੇ ਧਰਮ ਦੀ ਖਾਤਰ ਸਰਬੰਸ ਵਾਰਿਆ: ਮਨੋਹਰ ਲਾਲ ਖੱਟਰ



ਕੁਰੂਕਸ਼ੇਤਰ : ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਦੇਸ਼, ਸਮਾਜ ਅਤੇ ਧਰਮ ਦੀ ਰੱਖਿਆ ਲਈ ਕੁਰਬਾਨੀਆਂ ਦਿੱਤੀਆਂ ਹਨ, ਜਿਨ੍ਹਾਂ ਸਦਕਾ ਅੱਜ ਦੇਸ਼ ਵਾਸੀ ਖੁੱਲ੍ਹੀ ਹਵਾ ਵਿੱਚ ਸਾਹ ਲੈ ਰਹੇ ਹਨ। ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸਮਾਜ ਅਤੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ। ਮੁੱਖ ਮੰਤਰੀ ਮੰਗਲਵਾਰ ਨੂੰ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਵਿਖੇ ਭਾਜਪਾ ਦੇ ਸੂਬਾਈ ਪ੍ਰਧਾਨ ਅਤੇ ਸਾਂਸਦ ਨਾਇਬ ਸਿੰਘ ਸੈਣੀ ਵੱਲੋਂ ਵੀਰ ਬਾਲ ਦਿਵਸ ਮੌਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਭਾਜਪਾ ਦੇ ਸੂਬਾਈ ਪ੍ਰਧਾਨ ਅਤੇ ਸੰਸਦ ਮੈਂਬਰ ਨਾਇਬ ਸਿੰਘ ਸੈਣੀ, ਮੰਤਰੀ ਸੰਦੀਪ ਸਿੰਘ, ਵਿਧਾਇਕ ਸੁਭਾਸ਼ ਸੁਧਾ, ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਅਸੰਧ ਨੇ ਖ਼ੂਨਦਾਨ ਕੈਂਪ ਦਾ ਉਦਘਾਟਨ ਕੀਤਾ। ਖ਼ੂਨਦਾਨ ਕੈਂਪ ਵਿੱਚ 324 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸ ਤੋਂ ਬਾਅਦ ਮੁੱਖ ਮੰਤਰੀ ਮਨੋਹਰ ਲਾਲ ਨੇ ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ 'ਤੇ ਆਧਾਰਿਤ ਪ੍ਰਦਰਸ਼ਨੀ ਦਾ ਨਿਰੀਖਣ ਕੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ। ਇੱਥੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਭੁਪਿੰਦਰ ਸਿੰਘ ਤੇ ਹੋਰਨਾਂ ਨੇ ਮੁੱਖ ਮੰਤਰੀ ਮਨੋਹਰ ਲਾਲ ਨੂੰ ਕਿਰਪਾਨ ਅਤੇ ਸਿਰੋਪਾਓ ਭੇਟ ਕੀਤਾ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ, “ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਗੁਰੂ ਸਾਹਿਬਾਨ ਵੱਲੋਂ ਧਰਮ ਦੀ ਰੱਖਿਆ ਲਈ ਦਿੱਤੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਖੁੱਲ੍ਹੀ ਹਵਾ ਵਿੱਚ ਸਾਹ ਲੈ ਰਹੇ ਹਾਂ।” ਉਨ੍ਹਾਂ ਕਿਹਾ ਕਿ ਮੁਗ਼ਲ ਹਾਕਮਾਂ ਦੇ ਜ਼ੁਲਮਾਂ ਖ਼ਿਲਾਫ਼ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਜੰਗ ਵਿੱਚ ਆਪਣੇ ਦੋ ਸਾਹਿਬਜ਼ਾਦਿਆਂ ਦੀ ਕੁਰਬਾਨੀ ਦਿੱਤੀ ਅਤੇ ਦੋ ਸਾਹਿਬਜ਼ਾਦਿਆਂ ਨੇ ਖ਼ੁਦ ਨੂੰ ਦੀਵਾਰ ਵਿੱਚ ਚਿਣਵਾ ਕੇ ਧਰਮ ਅਤੇ ਕੌਮ ਲਈ ਕੁਰਬਾਨੀ ਦਿੱਤੀ। ਸੰਸਦ ਮੈਂਬਰ ਨਾਇਬ ਸਿੰਘ ਸੈਣੀ ਨੇ ਕਿਹਾ ਕਿ 26 ਦਸੰਬਰ ਦਾ ਦਿਨ ਪੂਰੇ ਦੇਸ਼ ਵਿੱਚ ਵੀਰ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ। ਗੁਰੂ ਸਾਹਿਬਾਨ ਨੇ ਦੇਸ਼ ਅਤੇ ਸਮਾਜ ਦੀ ਰੱਖਿਆ ਲਈ ਆਪਣਾ ਬਲੀਦਾਨ ਦਿੱਤਾ।

## ਪ੍ਰਧਾਨ ਮੰਤਰੀ ਮੋਦੀ ਨੇ ਵੀਰ ਬਾਲ ਦਿਵਸ ਜ਼ਰੀਏ ਸਾਹਿਬਜ਼ਾਦਿਆਂ ਦੀ ਵੀਰ ਗਾਥਾ ਨੂੰ ਲੋਕਾਂ ਤਕ ਪਹੁੰਚਾਇਆ : ਅਨੁਰਾਗ



ਨਵੀਂ ਦਿੱਲੀ- ਭਾਰਤ ਮੰਡਪਮ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਨੂੰ 'ਵੀਰ ਬਾਲ ਦਿਵਸ' ਦੇ ਰੂਪ 'ਚ ਮਨਾਇਆ ਗਿਆ। ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮਾਂ ਦੌਰਾਨ ਪ੍ਰਧਾਨ ਮੰਤਰੀ ਨੇ ਬਹਾਦਰ ਸ਼ਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਪ੍ਰਧਾਨ ਮੰਤਰੀ ਨੇ ਇਸ ਦੌਰਾਨ ਮੌਜੂਦ ਨੌਜਵਾਨਾਂ ਨੂੰ ਵਿਕਸਤ ਭਾਰਤ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਯਕੀਨੀ ਬਣਾਉਣ ਦਾ ਸੱਦਾ ਦਿੱਤਾ। ਇਸ ਦੌਰਾਨ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਅਤੇ ਯੁਵਾ ਅਤੇ ਖੇਡ ਮਾਮਲਿਆਂ ਦੇ ਮੰਤਰੀ ਅਨੁਰਾਗ ਸਿੰਘ ਠਾਕੁਰ ਵੀ ਮੌਜੂਦ ਸਨ।

ਇਸ ਮੌਕੇ ਅਨੁਰਾਗ ਸਿੰਘ ਠਾਕੁਰ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਨੂੰ ਹਮੇਸ਼ਾ ਕੁਰਬਾਨੀ, ਤਿਆਗ ਅਤੇ ਅਮਰਤਾ ਦਾ ਸੰਦੇਸ਼ ਦਿੰਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ÷ਵੀਰ ਬਾਲ ਦਿਵਸ÷ ਰਾਹੀਂ ਸਾਹਿਬਜ਼ਾਦਿਆਂ ਦੀ ਬਹਾਦਰੀ ਦੀ ਕਹਾਣੀ ਅਤੇ ਸਮਰਪਣ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦਾ ਸ਼ਲਾਘਾਯੋਗ ਕੰਮ ਕੀਤਾ ਹੈ। ਅੱਜ ਭਾਰਤ ਮੰਡਪਮ ਵਿੱਚ ਵੀਰ ਬਾਲ ਦਿਵਸ ਮੌਕੇ ਇੱਕ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਦੇਖਿਆ ਗਿਆ, ਜਿਸ ਵਿੱਚ ਪ੍ਰਧਾਨ ਮੰਤਰੀ ਨੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪ੍ਰੋਗਰਾਮ ਵਿੱਚ ਹਾਜ਼ਰ ਨੌਜਵਾਨਾਂ ਨੂੰ ਇੱਕ ਵਿਕਸਤ ਭਾਰਤ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਯਕੀਨੀ ਬਣਾਉਣ ਦਾ ਸੱਦਾ ਦਿੱਤਾ। ਵੀਰ ਬਾਲ ਦਿਵਸ ਦੇ ਮੌਕੇ 'ਤੇ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੀ ਧਰਮ, ਕੌਮ ਅਤੇ ਮਾਤ ਭੂਮੀ ਦੀ ਰਾਖੀ ਲਈ ਮਹਾਨ ਸ਼ਹਾਦਤ ਨੂੰ ਪ੍ਰਣਾਮ ਕਰਦਾ ਹਾਂ। ਉਨ੍ਹਾਂ ਦੀ ਸ਼ਹਾਦਤ, ਤਿਆਗ ਅਤੇ ਸਮਰਪਣ ਯੁਗਾਂ ਤੱਕ ਪ੍ਰੇਰਨਾ ਸਰੋਤ ਬਣੇ ਰਹਿਣਗੇ।”

ਪ੍ਰੋਗਰਾਮ ਤੋਂ ਬਾਅਦ ਅਨੁਰਾਗ ਠਾਕੁਰ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਨਤਮਸਤਕ ਹੋ ਕੇ ਅਰਦਾਸ ਕੀਤੀ। ਇਸ ਦੌਰਾਨ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਦੇਸ਼ ਹੀ ਨਹੀਂ ਬਲਕਿ ਪੂਰੀ ਦੁਨੀਆ ਬਹਾਦਰ ਬਾਲ ਦਿਵਸ ਮਨਾ ਰਹੀ ਹੈ। ਇਸ ਮੌਕੇ ਪ੍ਰਧਾਨ ਮੰਤਰੀ ਨੇ ਸਮੁੱਚੇ ਭਾਰਤ ਦੇ ਨੌਜਵਾਨਾਂ ਨੂੰ ਨਸ਼ਾ ਮੁਕਤ ਹੋਣ ਅਤੇ ਖੇਡਾਂ ਵੱਲ ਧਿਆਨ ਦੇਣ ਦਾ ਸੱਦਾ ਦਿੱਤਾ। ਵਿਕਸਤ ਭਾਰਤ ਦਾ ਨਿਰਮਾਣ ਉਦੋਂ ਹੀ ਸੰਭਵ ਹੈ ਜਦੋਂ ਭਾਰਤ ਦੇ ਨੌਜਵਾਨ ਤੰਦਰੁਸਤ ਅਤੇ ਨਸ਼ਾ ਮੁਕਤ ਹੋਣਗੇ। ਅੱਜ ਸਕਿੱਲ ਇੰਡੀਆ ਰਾਹੀਂ ਭਾਰਤ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਹੁਨਰਮੰਦ ਮੈਨਪਾਵਰ ਤਿਆਰ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਮਾਈ ਭਾਰਤ ਪਲੇਟਫਾਰਮ ਨਾਲ ਜੁੜ ਕੇ ਭੌਤਿਕ ਅਤੇ ਡਿਜੀਟਲ ਗਤੀਵਿਧੀਆਂ ਰਾਹੀਂ ਵਿਕਸਤ ਭਾਰਤ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ।

## ਬੰਦੀ ਸਿੰਘਾਂ ਲਈ ਇਨਸਾਫ਼ ਦੀ ਲੜਾਈ ਲੜ ਰਹੇ ਹਾਂ, ਭੀਖ ਨਹੀਂ ਮੰਗ ਰਹੇ: ਧਾਮੀ

### ਬਿੱਟੂ 'ਤੇ ਸਿਆਸੀ ਰੋਟੀਆਂ ਸੇਕਣ ਦੇ ਦੋਸ਼ ਲਗਾਏ



ਮਾਛੀਵਾੜਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਗਤ ਇਨਸਾਫ਼ ਦੀ ਲੜਾਈ ਲੜ ਰਹੀ ਹੈ ਅਤੇ ਉਹ ਕੇਂਦਰ ਤੋਂ ਕੋਈ ਭੀਖ ਨਹੀਂ ਮੰਗ ਰਹੇ ਹਨ। ਉਨ੍ਹਾਂ ਭਾਈ ਰਾਜੋਆਣਾ ਦੀ ਰਿਹਾਈ 'ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਦਿੱਤੇ ਗਏ ਬਿਆਨ ਨੂੰ ਗ਼ਲਤ ਕਰਾਰ ਦਿੰਦਿਆਂ ਕਿਹਾ ਕਿ ਉਹ ਇਸ ਮੁੱਦੇ ਨੂੰ ਗੱਲਬਾਤ ਰਾਹੀਂ ਹੱਲ ਕਰਨ ਦਾ ਯਤਨ ਕਰਨਗੇ। ਸ੍ਰੀ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਮੁੱਦੇ 'ਤੇ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ। ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਗਿਆ ਹੈ ਜਿਸ ਦਾ ਜਵਾਬ ਆਇਆ ਹੈ ਕਿ ਇਸ ਮਾਮਲੇ ਬਾਰੇ ਕੇਂਦਰੀ ਗ੍ਰਹਿ ਮੰਤਰੀ ਨਾਲ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਜੋ ਹੋਰ ਕੈਦੀਆਂ ਨੂੰ ਛੱਡਿਆ ਹੈ ਉਹ ਕਿਹੜੀਆਂ ਮੁਆਫ਼ੀਆਂ ਮੰਗ ਕੇ ਛੱਡੇ ਗਏ ਹਨ, ਇਸ ਲਈ ਗੁਰੂ ਸਾਹਿਬ ਦੇ ਸਿਧਾਂਤ ਸਰਬ ਸਾਂਝੀਵਾਲਤਾ ਦੇ ਪ੍ਰਤੀਕ ਨੂੰ ਮੁੱਖ ਰੱਖਦਿਆਂ ਕੇਂਦਰ ਸਰਕਾਰ ਬੰਦੀ ਸਿੰਘਾਂ ਦੀ ਰਿਹਾਈ ਲਈ ਗੰਭੀਰਤਾ ਦਿਖਾਵੇ। ਐੱਸਜੀਪੀਸੀ ਪ੍ਰਧਾਨ ਨੇ ਕਿਹਾ ਕਿ ਉਹ ਜੇਲ੍ਹ ਵਿੱਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਦੋ ਮੀਟਿੰਗਾਂ ਕਰ ਚੁੱਕੇ ਹਨ ਪਰ ਇਸ ਬਾਰੇ ਗੱਲਾਂ ਨੂੰ ਜਨਤਕ ਨਹੀਂ ਕਰ ਸਕਦੇ। ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਭਾਈ ਰਾਜੋਆਣਾ ਨੂੰ ਲੋਕ ਸਭਾ ਚੋਣਾਂ ਲੜਨ ਦੇ ਮੁੱਦੇ ਬਾਰੇ ਪੁੱਛੇ ਜਾਣ 'ਤੇ ਧਾਮੀ ਨੇ ਕਿਹਾ ਕਿ ਬਿੱਟੂ ਨੂੰ ਤਾਂ ਰਾਤ ਨੂੰ ਸੁਫ਼ਨਿਆਂ ਵਿੱਚ ਵੀ ਭਾਈ ਰਾਜੋਆਣਾ ਅਤੇ ਸ਼੍ਰੋਮਣੀ ਕਮੇਟੀ ਦਿਖਾਈ ਦਿੰਦੀ ਹੈ। ਬਿੱਟੂ ਸਿਆਸੀ ਰੋਟੀਆਂ ਸੇਕ ਰਿਹਾ ਹੈ ਕਿਉਂਕਿ ਉਸ ਨੇ ਲੋਕ ਸਭਾ ਚੋਣਾਂ ਵਿੱਚ ਵੋਟਾਂ ਬਟੋਰਨੀਆਂ ਹਨ। ਭਾਈ ਰਾਜੋਆਣਾ ਕੋਈ ਸਿਆਸੀ ਆਗੂ ਨਹੀਂ ਹੈ ਜੋ ਚੋਣਾਂ ਲੜਨ। ਉਨ੍ਹਾਂ ਕਿਹਾ ਕਿ ਸ਼ਹੀਦੀ ਪੰਦਰਵਾੜੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਾਤਮੀ ਬਿਗਲ ਵਜਾਉਣ ਦਾ ਫੈਸਲਾ ਵਾਪਸ ਲੈ ਕੇ ਠੀਕ ਕੀਤਾ ਹੈ। ਇਸ ਮੌਕੇ ਹਲਕਾ ਸਮਰਾਲਾ ਦੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਸ਼੍ਰੋਮਣੀ ਕਮੇਟੀ ਦੇ ਸਕੱਤਰ ਵਿੱਦਿਆ ਸੁਖਮਿੰਦਰ ਸਿੰਘ, ਸਰਬੰਸ ਸਿੰਘ ਮਾਣਕੀ, ਰਣਜੀਤ ਸਿੰਘ ਮੰਗਲੀ, ਰਘਵੀਰ ਸਿੰਘ ਸਹਾਰਨਮਾਜਰਾ ਅਤੇ ਬੀਬੀ ਹਰਜਿੰਦਰ ਕੌਰ ਬਾਜਵਾ (ਸਾਰੇ ਸ਼੍ਰੋਮਣੀ ਕਮੇਟੀ ਮੈਂਬਰ) ਮੌਜੂਦ ਸਨ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

**ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ**

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ 100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਗੁਰਦੁਆਰਾ ਸ੍ਰੀ ਰੱਥ ਸਾਹਿਬ ਤੋਂ ਫਤਿਹਗੜ੍ਹ ਸਾਹਿਬ ਤੱਕ ਨਗਰ ਕੀਰਤਨ ਸਜਾਇਆ

## ਪੰਜ ਪਿਆਰਿਆਂ ਅਤੇ ਨਿਸ਼ਾਨਚੀ ਸਿੰਘਾਂ ਨੇ ਕੀਤੀ ਨਗਰ ਕੀਰਤਨ ਦੀ ਅਗਵਾਈ; ਸੰਗਤ ਲਈ ਥਾਂ-ਥਾਂ ਲੰਗਰ ਲਗਾਏ





ਮੋਰਿੰਡਾ : ਗੁਰਦੁਆਰਾ ਸ੍ਰੀ ਰੱਥ ਸਾਹਿਬ ਪਿੰਡ ਸਹੇੜੀ ਤੋਂ ਸ੍ਰੀ ਫਤਿਹਗੜ੍ਹ ਸਾਹਿਬ ਤੱਕ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਦੀ ਪਵਿੱਤਰ ਯਾਦ ਵਿੱਚ ਅਤੇ ਉਨ੍ਹਾਂ ਦੀ ਮਹਾਨ ਤੇ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਖਾਲਸਾਈ ਬਾਣੇ ਵਿੱਚ ਸਜੇ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀ ਸਿੰਘਾਂ ਵੱਲੋਂ ਕੀਤੀ ਗਈ, ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੌਰ ਸਾਹਿਬ ਦੀ ਸੇਵਾ ਗੁਰਦੁਆਰਾ ਸ੍ਰੀ ਰਥ ਸਾਹਿਬ ਦੀ ਮੁੱਖ ਸੇਵਾਦਾਰ ਬੀਬੀ ਹਰਭਜਨ ਕੌਰ ਨਿਭਾ ਰਹੇ ਸਨ।

ਉਨ੍ਹਾਂ ਪਿੱਛੇ ਖੁੱਲ੍ਹੇ ਟਰਾਲੇ ਵਿੱਚ ਬਾਬਾ ਅਵਤਾਰ ਸਿੰਘ ਧੂਲਕੋਟ ਵਾਲਿਆਂ ਨੇ ਮੁਗਲ ਫੌਜ ਵੱਲੋਂ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਪਿੰਡ ਸਹੇੜੀ ਤੋਂ ਗ੍ਰਿਫਤਾਰ ਕਰਨ ਉਪਰੰਤ ਮੋਰਿੰਡਾ ਦੀ ਕੋਤਵਾਲੀ ਵਿੱਚ ਕੈਦ ਕਰਨ ਤੋਂ ਲੈ ਕੇ ਠੰਡੇ ਬੁਰਜ ਅਤੇ ਸ਼ਹਾਦਤ ਦਾ ਪ੍ਰਸੰਗ ਵੈਰਾਗਮਈ ਕੀਰਤਨ ਰਾਹੀਂ ਸਰਵਣ ਕਰਵਾ ਕੇ ਸੰਗਤ ਨੂੰ ਭਾਵੁਕ ਕਰ ਦਿੱਤਾ। ਲਗਭਗ ਤਿੰਨ ਕਿਲੋਮੀਟਰ ਲੰਮੇ ਇਸ ਨਗਰ ਕੀਰਤਨ ਦੌਰਾਨ ਇੱਕ ਛੋਟਾ ਰੱਥ ਸੰਗਤ ਲਈ ਖਿੱਚ ਦਾ ਕਾਰਨ ਬਣਿਆ ਰਿਹਾ, ਜਿਸ ਬਾਰੇ ਪ੍ਰਬੰਧਕਾਂ ਨੇ ਦੱਸਿਆ ਕਿ ਮਹਾਨ ਸ਼ਹੀਦਾਂ ਨੂੰ ਗੰਗੂ ਬ੍ਰਾਹਮਣ ਦੇ ਘਰ ਤੋਂ ਗ੍ਰਿਫ਼ਤਾਰ ਕਰਨ ਉਪਰੰਤ ਪਿੰਡ ਸਹੇੜੀ ਤੋਂ ਅਜਿਹੇ ਹੀ ਰੱਥ ਰਾਹੀਂ ਮੋਰਿੰਡਾ ਦੀ ਕੋਤਵਾਲੀ ਵਿੱਚ ਲਿਆਂਦਾ ਗਿਆ ਸੀ। ਇਸ ਮੌਕੇ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਪੰਜ ਪਿਆਰਿਆਂ ਨੂੰ ਸਿਰਪਾਓ ਭੇਂਟ ਕੀਤੇ ਗਏ, ਜਦਕਿ ਵਰਡ ਸਿੱਖ ਮਿਸ਼ਨ ਦੇ ਪ੍ਰਧਾਨ ਜਥੇਦਾਰ ਨਰਿੰਦਰ ਸਿੰਘ ਹਰਨੌਲੀ ਅਤੇ ਜਨਰਲ ਸਕੱਤਰ ਤੀਰਥ ਸਿੰਘ ਭਟੋਆ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾ ਸਾਹਿਬ ਭੇਟ ਕੀਤੇ ਗਏ।

American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver With 2 Year Experience




(209) 405-1544
127 Darcy Parkway, Lathrop, CA 95330

# ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਵਾਲੇ ਖ਼ੁਦ ਸ਼ਰਾਬ ਘੁਟਾਲੇ 'ਚ ਉਲਝੇ: ਸਿੱਧੂ

## *ਕਾਂਗਰਸ ਵਿੱਚ ਰਹਿ ਕੇ ਹੀ ਪੰਜਾਬ ਦੇ ਲੋਕਾਂ ਦੀ ਆਵਾਜ਼ ਬੁਲੰਦ ਕਰਦੇ ਰਹਿਣ ਦਾ ਕੀਤਾ ਐਲਾਨ*



ਪਟਿਆਲਾ : ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਸੂਬੇ ਦੀ 'ਆਪ' ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਦੇ ਦਾਅਵੇ ਕਰਨ ਵਾਲੇ ਖ਼ੁਦ ਸ਼ਰਾਬ ਘੁਟਾਲੇ ਵਿੱਚ ਉਲਝ ਗਏ ਹਨ। ਉਹ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੇ ਨਾਲ ਹੀ ਸਿੱਧੂ ਨੇ ਕਾਂਗਰਸ ਦੇ ਸਾਬਕਾ ਵਿਧਾਇਕ ਅਤੇ ਫ਼ਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਨੂੰ ਆਪਣਾ ਛੋਟਾ ਭਰਾ ਦੱਸਿਆ। ਜ਼ਿਕਰਯੋਗ ਹੈ ਕਿ ਜ਼ੀਰਾ ਨੇ ਕੁਝ ਦਿਨ ਪਹਿਲਾਂ ਸਿੱਧੂ ਨੂੰ ਪਾਰਟੀ ਵਿੱਚੋਂ ਕੱਢਣ ਦੀ ਮੰਗ ਕੀਤੀ ਸੀ। ਕਾਂਗਰਸ ਪਾਰਟੀ ਦੇ ਅੰਦਰ ਹੀ ਵਿਰੋਧ ਹੋਣ ਬਾਰੇ ਪੁੱਛਣ 'ਤੇ ਸ੍ਰੀ ਸਿੱਧੂ ਨੇ ਕਿਹਾ ਕਿ ਵਿਰੋਧ ਵਿੱਚੋਂ ਹੀ ਵਿਕਾਸ ਹੁੰਦਾ ਹੈ। ਉਹ ਕਦੇ ਕਿਸੇ ਵਰਕਰ ਦੀ ਗੱਲ ਨਹੀਂ ਕਰਦੇ ਕਿਉਂਕਿ ਉਨ੍ਹਾਂ ਦੀ ਲੜਾਈ ਨਿੱਜੀ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਵਿੱਚ ਰਹਿ ਕੇ ਹੀ ਪੰਜਾਬ ਦੇ ਲੋਕਾਂ ਦੀ ਆਵਾਜ਼ ਬੁਲੰਦ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਲੜਾਈ ਪੰਜਾਬ ਵਿੱਚ ਲੋਕ ਰਾਜ ਸਥਾਪਤ ਕਰਨ ਦੀ ਹੈ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਕਿਹਾ ਕਿ ਮੌਜੂਦਾ ਸਰਕਾਰ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਰਹੀ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਪੰਜਾਬ ਵਿੱਚ ਲੋਕ ਰਾਜ ਲਿਆਉਣਾ ਅਤੇ ਮਾਫ਼ੀਆ ਦਾ ਮੁਕੰਮਲ ਖ਼ਾਤਮਾ ਕਰਨਾ ਹੈ। ਇਸ ਵੇਲੇ ਪੰਜਾਬ ਕਰਜ਼ਈ ਹੋ ਗਿਆ ਹੈ ਅਤੇ ਮੁੱਖ ਮੰਤਰੀ ਹੈਲੀਕਾਪਟਰ 'ਤੇ ਸੈਰ ਕਰ ਰਹੇ ਹਨ। 'ਆਪ' ਆਗੂਆਂ 'ਤੇ ਨਿਸ਼ਾਨਾ ਸੇਧਦੇ ਹੋਏ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਅੱਜ ਪੰਜਾਬ ਦੇ 'ਆਪ' ਆਗੂ ਸੂਬੇ ਨੂੰ ਬਚਾਉਣ ਲਈ ਨਹੀਂ ਸਗੋਂ ਹੋਰ ਹੇਠਾਂ ਸੁੱਟਣ ਦਾ ਕੰਮ ਕਰ ਰਹੇ ਹਨ।

# ਉਗਰਾਹਾਂ ਵੱਲੋਂ 'ਖੇਤੀ ਨੀਤੀ' 21 ਜਨਵਰੀ ਤੱਕ ਐਲਾਨਣ ਦਾ ਅਲਟੀਮੇਟਮ

## *ਸਰਕਾਰ ਖ਼ਿਲਾਫ਼ 22 ਤੋਂ ਡੀਸੀ ਦਫ਼ਤਰਾਂ ਅੱਗੇ ਪੰਜ ਰੋਜ਼ਾ ਧਰਨੇ ਦੇਣ ਦੀ ਚਿਤਾਵਨੀ*



ਬਠਿੰਡਾ : ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਪੰਜਾਬ ਸਰਕਾਰ ਵੱਲੋਂ ਕੀਤਾ ਵਾਅਦਾ ਚੇਤੇ ਕਰਾਉਂਦਿਆਂ ਪੰਜਾਬ ਲਈ ਨਵੀਂ 'ਕਿਸਾਨ ਪੱਖੀ ਖੇਤੀ ਨੀਤੀ' 21 ਜਨਵਰੀ ਤੱਕ ਐਲਾਨਣ ਲਈ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਨਾਲ ਹੀ ਚਿਤਾਵਨੀ ਦਿੱਤੀ ਹੈ ਕਿ ਜੇਕਰ 21 ਜਨਵਰੀ ਤੱਕ ਨੀਤੀ ਜਾਰੀ ਨਾ ਕੀਤੀ ਗਈ ਤਾਂ ਪੰਜਾਬ ਸਰਕਾਰ ਕਿਸਾਨ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਉਨ੍ਹਾਂ ਐਲਾਨ ਕੀਤਾ ਕਿ ਨੀਤੀ ਸਮੇਤ ਹੋਰ ਮੰਗਾਂ ਦੀ ਪੂਰਤੀ ਲਈ 22 ਜਨਵਰੀ ਤੋਂ ਡੀਸੀ ਦਫ਼ਤਰਾਂ ਅੱਗੇ ਪੰਜ ਰੋਜ਼ਾ ਧਰਨੇ ਸ਼ੁਰੂ ਕੀਤੇ ਜਾਣਗੇ। ਸ੍ਰੀ ਉਗਰਾਹਾਂ ਨੇ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਤੋਂ ਬਾਅਦ ਇੱਥੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਫ਼ੈਸਲਾਕੁਨ ਮੰਗਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੂੰ ਖੇਤੀ ਨੀਤੀ ਐਲਾਨਣ ਲਈ ਕਹਿਣ ਪਿੱਛੇ ਜਥੇਬੰਦੀ ਦਾ ਉਦੇਸ਼ ਇਹ ਹੈ ਕਿ ਖੇਤੀ ਮਸਲੇ ਹੱਲ ਹੋ ਸਕਣ ਤੇ ਖੇਤੀ ਖੇਤਰ ਨੂੰ ਸੰਸਾਰ ਵਪਾਰ ਜਥੇਬੰਦੀ, ਸੰਸਾਰ ਬੈਂਕ ਅਤੇ ਕਾਰਪੋਰੇਟਾਂ ਦੇ ਪੰਜੇ 'ਚੋਂ ਮੁਕਤ ਕਰਵਾਇਆ ਜਾ ਸਕੇ। ਉਨ੍ਹਾਂ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਬੇਜ਼ਮੀਨੇ, ਗਰੀਬ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਜ਼ਮੀਨ ਦੀ ਤੋਟ ਪੂਰੀ ਕਰਨ, ਕਿਸਾਨਾਂ ਤੇ ਖੇਤ ਮਜ਼ਦੂਰਾਂ ਲਈ ਸਸਤੇ ਸਰਕਾਰੀ ਖੇਤੀ ਕਰਜ਼ਿਆਂ ਦਾ ਪ੍ਰਬੰਧ ਕਰਨ, ਕਿਸਾਨ ਪੱਖੀ ਕਰਜ਼ਾ ਕਾਨੂੰਨ ਬਣਾਉਣ, ਸੂਦਖੋਰੀ ਦਾ ਖਾਤਮਾ ਕਰਨ ਤੇ ਕਿਸਾਨਾਂ, ਮਜ਼ਦੂਰਾਂ ਦੇ ਕਰਜ਼ਿਆਂ 'ਤੇ ਲੀਕ ਮਾਰਨ ਦੀ ਗੱਲ ਵੀ ਕਹੀ। ਬੀਕੇਯੂ ਪ੍ਰਧਾਨ ਉਗਰਾਹਾਂ ਨੇ ਹੋਰ ਮੰਗਾਂ ਬਾਰੇ ਦੱਸਿਆ ਕਿ ਨਹਿਰੀ ਪਾਣੀ ਹਰੇਕ ਖੇਤ ਤੱਕ ਪੁੱਜਦਾ ਕੀਤਾ ਜਾਵੇ। ਪਾਣੀ ਨੂੰ ਪਲੀਤ ਕਰਨ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਮੁੜ ਵਧਾਉਣ ਲਈ ਵਿਗਿਆਨਕ ਢਾਂਚਾ ਉਸਾਰਿਆ ਜਾਵੇ। ਕਿਸਾਨ ਆਗੂ ਨੇ ਕਿਹਾ ਕਿ ਖੇਤੀ ਕਿੱਤਾ ਛੱਡ ਚੁੱਕੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਕ ਮੈਂਬਰਾਂ ਲਈ ਲਾਹੇਵੰਦ ਰੁਜ਼ਗਾਰ ਯਕੀਨੀ ਬਣਾਇਆ ਜਾਵੇ ਅਤੇ ਬਾਕੀ ਬੱਚਦੇ ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਉਨ੍ਹਾਂ ਕਿਸਾਨ ਪੱਖੀ ਖੇਤੀ ਨੀਤੀਆਂ ਲਾਗੂ ਕਰਨ ਲਈ ਚੰਗੀ ਪੂੰਜੀ ਜੁਟਾਉਣ ਲਈ ਜਗੀਰਦਾਰਾਂ, ਸੂਦਖੋਰਾਂ ਅਤੇ ਕਾਰਪੋਰੇਟਾਂ 'ਤੇ ਸਿੱਧੇ ਅਤੇ ਮੋਟੇ ਟੈਕਸ ਲਾਉਣ ਦੀ ਨੀਤੀ ਤਿਆਰ ਕਰਨ ਦੀ ਸਲਾਹ ਵੀ ਦਿੱਤੀ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਆਦਿ ਵੀ ਮੌਜੂਦ ਸਨ।

# ਸੁਖਬੀਰ ਬਾਦਲ ਦਾ ਮੁਆਫ਼ੀ ਮੰਗਣ ਦਾ ਤਰੀਕਾ ਸਹੀ ਨਹੀਂ: ਕਾਲਕਾ



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਲੰਘੇ ਦਿਨ ਦਿੱਲੀ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਦਰਮਿਆਨ ਹੋਏ ਸਮਝੌਤੇ ਨੂੰ ਨਿੱਜੀ ਮੁਫਾਦਾਂ ਲਈ ਕੀਤਾ ਗਿਆ ਸਮਝੌਤਾ ਕਰਾਰ ਦਿੰਦਿਆਂ ਕਿਹਾ ਹੈ ਕਿ 25 ਸਾਲ ਤੱਕ ਇਕ ਦੂਜੇ ਨੂੰ ਗਾਲ੍ਹਾਂ ਕੱਢਣ ਵਾਲੇ ਅੱਜ ਕੌਮ ਨੂੰ ਗੁੰਮਰਾਹ ਕਰਨ ਵਾਸਤੇ ਇਕਜੁੱਟ ਹੋਏ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਜਿਸ ਢੰਗ ਨਾਲ ਮੁਆਫ਼ੀ ਮੰਗੀ ਹੈ ਤੇ ਆਪਣੀ ਮੁਆਫ਼ੀ ਨੂੰ ਸਹੀ ਠਹਿਰਾਇਆ ਹੈ, ਉਹ ਬਹੁਤ ਹੀ ਗਲਤ ਹਰਕਤ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੁਆਫ਼ੀ ਮੰਗਣ ਲਈ ਇਕ ਸਥਾਪਿਤ ਵਿਧੀ ਵਿਧਾਨ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ, ਸਾਬਕਾ ਗ੍ਰਹਿ ਮੰਤਰੀ ਸ੍ਰੀ ਬੂਟਾ ਸਿੰਘ ਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਵੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਮੁਆਫ਼ੀ ਮੰਗੀ ਸੀ ਤੇ ਉਨ੍ਹਾਂ ਨੂੰ ਤਨਖਾਹ ਲਗਾਈ ਗਈ ਸੀ ਪਰ ਸੁਖਬੀਰ ਸਿੰਘ ਬਾਦਲ ਨੇ ਤਾਂ ਆਪ ਹੀ ਜੱਜ ਬਣ ਕੇ ਆਪਣੀ ਮੁਆਫ਼ੀ ਨੂੰ ਸਹੀ ਠਹਿਰਾ ਦਿੱਤਾ ਹੈ। ਅੱਜ ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਲਕਾ ਨੇ ਤਿੰਨਾਂ ਆਗੂਆਂ ਵੱਲੋਂ ਇਕ ਦੂਜੇ ਨੂੰ ਮੰਦਾ ਬੋਲਣ ਦੀਆਂ ਵੀਡੀਓ ਵਿਖਾਉਂਦਿਆਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਗੋਲਕ ਚੋਰੀ ਦੇ ਦੋਸ਼ਾਂ ਵਿਚ ਮਨਜੀਤ ਸਿੰਘ ਜੀ.ਕੇ. ਨੂੰ ਪਾਰਟੀ ਵਿਚੋਂ ਕੱਢਿਆ ਸੀ ਤੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਗੁਰਦੁਆਰਾ ਬੰਗਲਾ ਸਾਹਿਬ ਦੀ ਗੋਲਕ ਵਿਚੋਂ 10 ਕਰੋੜ ਰੁਪਏ ਦੀ ਕਥਿਤ ਦੁਰਵਰਤੋਂ ਕੀਤੀ। ਇਸੇ ਤਰੀਕੇ ਮਨਜੀਤ ਸਿੰਘ ਜੀ.ਕੇ. ਨੇ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਦਲ 'ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਨ ਤੇ 328 ਸਰੂਪ ਗਾਇਬ ਕਰਨ ਦੇ ਦੋਸ਼ ਲਾਏ ਸਨ। ਪਰ ਹੁਣ ਉਹ ਇਕੱਠੇ ਹੋ ਗਏ ਹਨ। ਅਕਾਲੀ ਦਲ ਦਿੱਲੀ ਸਟੇਟ ਦੇ ਪ੍ਰਧਾਨ ਐਮਪੀਐਸ ਚੱਢਾ ਨੇ ਕਿਹਾ ਕਿ ਪਹਿਲਾਂ ਸੁਖਬੀਰ ਸਿੰਘ ਬਾਦਲ ਪਹਿਲਾਂ ਦਿੱਲੀ ਵਿਚ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਮਨਾਉਂਦੇ ਸਨ ਪਰ ਸਰਕਾਰ ਨਾਲ ਨਾਅਤਾ ਟੁੱਟਣ ਮਗਰੋਂ ਉਨ੍ਹਾਂ ਗੁਰਪੁਰਬ ਮਨਾਉਣਾ ਹੀ ਛੱਡ ਦਿੱਤਾ। ਕਾਲਕਾ ਕਿਹਾ ਕਿ ਇਸੇ ਤਰੀਕੇ ਪਰਮਜੀਤ ਸਿੰਘ ਸਰਨਾ ਜਿਨ੍ਹਾਂ ਨੇ ਅਕਾਲੀ ਦਲ ਤੇ ਬਾਦਲ ਪਰਿਵਾਰ 'ਤੇ ਪੰਜਾਬ ਨੂੰ ਬਰਬਾਦ ਕਰਨ ਦੇ ਦੋਸ਼ ਲਾਏ ਸਨ ਪਰ ਹੁਣ ਸੁਖਬੀਰ ਸਿੰਘ ਬਾਦਲ ਤੇ ਸਰਨਾ ਵਿਚਾਲੇ ਸਮਝੌਤਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਇਹ ਲੋਕ ਕੌਮ ਨੂੰ ਗੁੰਮਰਾਹ ਕਰਨ ਦੀ ਖ਼ਾਤਰ ਇਕਜੁੱਟ ਹੋਏ ਹਨ ਤੇ ਫਿਰ ਤੋਂ ਦਿੱਲੀ ਵਿਚ ਪੈਰ ਜਮਾਉਣਾ ਚਾਹੁੰਦੇ ਹਨ।

# ਲੋਕ ਸਭਾ ਚੋਣ ਲੜਨ ਬਾਰੇ ਕਾਂਗਰਸ ਨੂੰ ਜਵਾਬ ਦਿੱਤਾ: ਬਲਕੌਰ ਸਿੰਘ



ਮਾਨਸਾ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਲੋਕ ਸਭਾ ਚੋਣ ਲੜਨ ਦੇ ਮੁੱਦੇ 'ਤੇ ਉਨ੍ਹਾਂ ਨੇ ਕਾਂਗਰਸ ਨੂੰ ਜਵਾਬ ਦੇ ਦਿੱਤਾ ਹੈ ਤੇ ਕਿਹਾ ਹੈ ਕਿ ਕੁੱਝ ਲੋਕ ਉਨ੍ਹਾਂ ਨੂੰ ਵਰਤਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕੁੱਝ ਲੋਕਾਂ ਨੇ ਸਿੱਧੂ ਮੂਸੇਵਾਲਾ ਨੂੰ ਉਤਪਾਦ ਵਾਂਗ ਵਰਤਿਆ ਅਤੇ ਉਸ ਦੇ ਕਤਲ ਮਗਰੋਂ ਵੀ ਫਾਇਦਾ ਲੈਣਾ ਚਾਹੁੰਦੇ ਹਨ। ਬਲਕੌਰ ਸਿੰਘ ਨੇ ਆਖਿਆ ਕਿ ਜੇਕਰ ਚੋਣ ਲੜਨੀ ਹੋਈ ਤਾਂ ਉਨ੍ਹਾਂ ਨੂੰ ਕਿਸੇ ਤੋਂ ਪੁੱਛਣ ਦੀ ਲੋੜ ਨਹੀਂ। ਉਹ ਅੱਜ ਪਿੰਡ ਮੂਸਾ ਵਿੱਚ ਆਪਣੇ ਬੇਟੇ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕੁੱਝ ਸਮਾਂ ਪਹਿਲਾਂ ਕਿਹਾ ਸੀ ਕਿ ਜੇਕਰ ਸਿੱਧੂ ਮੂਸੇਵਾਲਾ ਦੇ ਪਿਤਾ ਲੋਕ ਸਭਾ ਚੋਣ ਲੜਨੀ ਚਾਹੁਣਗੇ ਤਾਂ ਪਾਰਟੀ ਵੱਲੋਂ ਉਨ੍ਹਾਂ ਨੂੰ ਉਮੀਦਵਾਰ ਬਣਾਇਆ ਜਾਵੇਗਾ। ਬਲਕੌਰ ਸਿੰਘ ਨੇ ਸਿਆਸੀ ਆਗੂਆਂ 'ਤੇ ਵਰ੍ਹਦਿਆਂ ਕਿਹਾ, "ਤੁਸੀਂ ਜਿੱਥੋਂ ਵੀ ਸੰਸਦ ਮੈਂਬਰ ਜਾਂ ਵਿਧਾਇਕ ਦੀ ਚੋਣ ਲੜਨੀ ਹੋਵੇ ਲੜ ਸਕਦੇ ਹੋ ਪਰ ਮੈਨੂੰ ਮੇਰੇ ਹਾਲ 'ਤੇ ਛੱਡ ਦਿਓ।" ਉਨ੍ਹਾਂ ਕਿਹਾ, "ਮੇਰਾ ਪਰਿਵਾਰ, ਸ਼ੁਭਦੀਪ ਸਿੰਘ (ਸਿੱਧੂ ਮੂਸੇਵਾਲਾ) ਦੇ ਜਿਉਂਦੇ ਹੁੰਦੇ ਹੋਏ ਵੀ ਇਕ ਉਤਪਾਦ ਵਜੋਂ ਵਰਤਿਆ ਜਾਂਦਾ ਸੀ ਅਤੇ ਹੁਣ ਵੀ ਇਕ ਉਤਪਾਦ ਵਜੋਂ ਵਰਤਿਆ ਜਾ ਰਿਹਾ ਹੈ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਸਾਨੂੰ ਕੌਣ ਵਰਤਣਾ ਚਾਹੁੰਦਾ ਹੈ।" ਉਨ੍ਹਾਂ ਆਖਿਆ ਕਿ ਮੂਸੇਵਾਲਾ ਨੂੰ ਇਨਸਾਫ਼ ਦੇਣ ਲਈ ਪੰਜਾਬ ਅਤੇ ਕੇਂਦਰ ਸਰਕਾਰ ਦੇ ਦਰਵਾਜ਼ੇ ਬੰਦ ਹੋ ਚੁੱਕੇ ਹਨ। ਕਿਸੇ ਵਿਧਾਇਕ, ਵਜ਼ੀਰ ਜਾਂ ਮੁੱਖ ਮੰਤਰੀ ਵੱਲੋਂ ਇਸ ਮਾਮਲੇ ਲਈ ਆਵਾਜ਼ ਨਹੀਂ ਉਠਾਈ ਜਾ ਰਹੀ ਹੈ। ਉਨ੍ਹਾਂ ਸੂਬੇ ਵਿੱਚ ਹੋ ਰਹੇ ਪੁਲੀਸ ਮੁਕਾਬਲਿਆਂ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਸੂਬੇ ਵਿੱਚ ਵੱਡੇ ਗੈਂਗਸਟਰਾਂ ਦੀ ਕਥਿਤ ਆਓ-ਭਗਤ ਹੋ ਰਹੀ ਹੈ ਜਦੋਂ ਕਿ ਛੋਟਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਾਲੇ ਤੱਕ ਪੰਜਾਬ ਪੁਲੀਸ ਤੇ ਗੈਂਗਸਟਰ ਕਥਿਤ ਤੌਰ 'ਤੇ ਇੱਕਮਿਕ ਹੀ ਹਨ ਅਤੇ ਹਾਲੇ ਤੱਕ ਪੁਲੀਸ ਮੁਕਾਬਲੇ ਨਹੀਂ ਹੋਣ ਲੱਗੇ ਹਨ। ਸਿਰਫ ਲੀਹ ਤੋਂ ਭਟਕੇ ਹੋਏ ਜਵਾਕਾਂ ਦੇ ਗੋਡੇ ਗਿੱਟਿਆਂ 'ਚ ਗੋਲੀਆਂ ਮਾਰੀਆਂ ਜਾ ਰਹੀਆਂ ਹਨ। ਉਨ੍ਹਾਂ ਆਖਿਆ ਕਿ ਪੰਜਾਬ ਦੀਆਂ ਜੇਲ੍ਹਾਂ ਗੈਂਗਸਟਰਾਂ ਲਈ ਹੋਸਟਲ ਬਣੀਆਂ ਹੋਈਆਂ ਹਨ।

# ਸ਼ਹੀਦਾਂ ਦੀ ਧਰਤੀ ਚਮਕੌਰ ਸਾਹਿਬ ਖਾਲਸੇ ਦਾ ਮਾਣ: ਕੁਲਤਾਰ ਸਿੰਘ ਸੰਧਵਾਂ



ਚਮਕੌਰ ਸਾਹਿਬ : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇੱਥੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਸ਼ਹੀਦਾਂ ਦੀ ਧਰਤੀ ਚਮਕੌਰ ਸਾਹਿਬ ਖਾਲਸੇ ਦਾ ਮਾਣ ਹੈ, ਜਿੱਥੇ ਗੁਰੂ ਗੋਬਿੰਦ ਸਿੰਘ ਨੇ ਗਿਣਤੀ ਦੇ ਚਾਲੀ ਯੋਧੇ ਸਿੰਘਾਂ ਅਤੇ ਵੱਡੇ ਸਾਹਿਬਜ਼ਾਦਿਆਂ ਨਾਲ ਇਤਿਹਾਸ ਦੀ ਉਹ ਅਸਾਂਵੀ ਜੰਗ ਲੜੀ ਜਿਸ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਅੱਜ ਸਿੱਖੀ ਸਰੂਪ ਤੋਂ ਬੇਮੁੱਖ ਹੋਣ ਵਾਲੇ ਨੌਜਵਾਨਾਂ ਨੂੰ ਇਸ ਤੋਂ ਸਬਕ ਲੈਂਦੇ ਹੋਏ ਬਾਣੀ ਅਤੇ ਬਾਣੇ ਨਾਲ ਜੁੜਨਾ ਚਾਹੀਦਾ ਹੈ। ਸੰਧਵਾਂ ਪ੍ਰੈੱਸ ਕਲੱਬ ਵੱਲੋਂ ਲਗਾਏ ਖ਼ੂਨਦਾਨ ਕੈਂਪ ਵਿੱਚ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿੱਥੇ ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਆ। ਕਲੱਬ ਦੇ ਪ੍ਰਧਾਨ ਅਮਰਜੀਤ ਸਿੰਘ ਕਲਸੀ ਨੇ ਦੱਸਿਆ ਕਿ ਕੈਂਪ ਦੌਰਾਨ 42 ਦੇ ਕਰੀਬ ਯੂਨਿਟਾਂ ਇਕੱਠਾ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ, ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ, ਨਗਰ ਕੌਂਸਲ ਦੇ ਵਾਇਸ ਪ੍ਰਧਾਨ ਭੁਪਿੰਦਰ ਸਿੰਘ ਭੂਰਾ, ਕੌਂਸਲਰ ਸੁਖਬੀਰ ਸਿੰਘ, ਮੈਨੇਜਰ ਭਾਈ ਨੱਥਾ ਸਿੰਘ, ਕੌਂਸਲਰ ਕ੍ਰਿਪਾਲ ਸਿੰਘ ਗਿੱਲ ਅਤੇ ਹਰਜੀਤ ਸਿੰਘ ਹਾਜ਼ਰ ਸਨ।

# ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ









ਸ੍ਰੀ ਚਮਕੌਰ ਸਾਹਿਬ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਚਮਕੌਰ ਦੀ ਜੰਗ ਦੇ ਸ਼ਹੀਦਾਂ ਨੂੰ ਸਮਰਪਿਤ ਤਿੰਨ ਦਿਨਾਂ ਸ਼ਹੀਦੀ ਸਮਾਗਮ ਦੇ ਆਖ਼ਰੀ ਦਿਨ ਵੀ ਲੱਖਾਂ ਦੀ ਤਾਦਾਦ ’ਚ ਸੰਗਤ ਨੇ ਇੱਥੋਂ ਦੇ ਗੁਰਦੁਆਰਾ ਸਾਹਿਬਾਨ ’ਚ ਨਤਮਸਤਕ ਹੁੰਦਿਆਂ ਕੌਮ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਅੰਤਲੇ ਦਿਨ ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਲੋਂ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਭਾਈ ਗੁਰਚਰਨ ਸਿੰਘ ਗਰੇਵਾਲ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਪਰਮਜੀਤ ਸਿੰਘ ਲੱਖੇਵਾਲ ਤੇ ਜਥੇਦਾਰ ਅਜਮੇਰ ਸਿੰਘ ਖੇੜਾ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਇੰਦਰਪਾਲ ਸਿੰਘ ਚੱਢਾ ਵੀ ਮੌਜੂਦ ਸਨ। ਨਗਰ ਕੀਰਤਨ ਅੱਗੇ ਗਤਕਾ ਪਾਰਟੀਆਂ ਰਵਾਇਤੀ ਸ਼ਸਤਰਾਂ ਨਾਲ ਗਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਸ਼ੋਭਾ ਵਧਾ ਰਹੀਆਂ ਸਨ। ਉਨ੍ਹਾਂ ਪਿੱਛੇ ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ, ਖ਼ਾਲਸਾ ਸਕੂਲ ਸ੍ਰੀ ਜੰਡ ਸਾਹਿਬ ਦੇ ਵਿਦਿਆਰਥੀ, ਕੀਰਤਨ ਕਰਦਿਆਂ ਸ਼ਬਦ ਚੌਂਕੀ ਸੇਵਕ ਜਥਾ ਸ੍ਰੀ ਫ਼ਤਹਿਗੜ੍ਹ ਸਾਹਿਬ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸ੍ਰੀ ਫ਼ਤਹਿਗੜ੍ਹ ਸਾਹਿਬ, ਬਸੀ ਪਠਾਣਾ, ਪਟਿਆਲਾ ਦੀਆਂ ਸੰਗਤਾਂ ਤੇ ਸੁੰਦਰ ਪਾਲਕੀ ਇਕ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਨਗਰ ਕੀਰਤਨ ਦੀ ਆਰੰਭਤਾ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਨੇਜਰ ਭਾਈ ਨੱਥਾ ਸਿੰਘ, ਸੇਵਾ ਮੁਕਤ ਡੀ.ਟੀ.ਓ. ਕਰਨ ਸਿੰਘ, ਅਮਨਦੀਪ ਸਿੰਘ ਮਾਂਗਟ, ਬਲਦੇਵ ਸਿੰਘ ਹਾਫ਼ਜਾਬਾਦ, ਜਥੇਦਾਰ ਗੁਰਮੀਤ ਸਿੰਘ ਮਕੜੌਨਾ, ਪਰਗਟ ਸਿੰਘ ਰੋਲੂਮਾਜਰਾ, ਭਾਈ ਨਰਿੰਦਰ ਸਿੰਘ ਸੋਲਖੀਆਂ, ਗੁਰਪੁਰਬ ਸੇਵਾ ਸੁਸਾਇਟੀ ਚਮਕੌਰ ਸਾਹਿਬ ਦੇ ਪ੍ਰਧਾਨ ਮਨੋਹਰ ਸਿੰਘ ਮੱਕੜ, ਅਮਰਜੀਤ ਸਿੰਘ ਢਿੱਲੋਂ, ਤੇਜਪਾਲ ਸਿੰਘ ਸਿੱਧੂ, ਭਾਈ ਰਵਿੰਦਰ ਸਿੰਘ, ਪਰਮਜੀਤ ਸਿੰਘ ਚੱਢਾ, ਜਸਪਾਲ ਸਿੰਘ ਦਿਓਲ ਸਮੇਤ ਵੱਡੀ ਗਿਣਤੀ ’ਚ ਸੰਗਤ ਹਾਜ਼ਰ ਸੀ। ਨਗਰ ਕੀਰਤਨ ਦੇ ਸਮੁੱਚੇ ਰਸਤੇ ’ਤੇ ਪੁਲਿਸ ਪ੍ਰਸ਼ਾਸਨ ਵਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਸ਼ਹੀਦ ਜੋੜ ਮੇਲ ਅਮਨਪੂਰਵਕ ਨੇਪਰੇ ਚਾੜ੍ਹਨ ’ਤੇ ਇੰਚਾਰਜ ਐਸ.ਡੀ.ਐਮ. ਅਮਰੀਕ ਸਿੰਘ ਸਿੱਧੂ, ਡੀ.ਐਸ.ਪੀ. ਜਰਨੈਲ ਸਿੰਘ ਤੇ ਥਾਣਾ ਮੁਖੀ ਹਰਸ਼ ਮੋਹਨ ਗੌਤਮ ਨੇ ਸੰਗਤ ਦਾ ਧੰਨਵਾਦ ਕੀਤਾ।



# ਚਮਕੌਰ ਸਾਹਿਬ ਵਿਖੇ ਸ਼ਹੀਦੀ ਜੋੜ ਮੇਲੇ ਮੌਕੇ ਨਿਸ਼ਾਨ ਨਗਾਰਿਆਂ ਦੀ ਛਤਰ ਛਾਇਆ ਅਤੇ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਮਹੱਲਾ ਕੱਢਿਆ



ਚਮਕੌਰ ਸਾਹਿਬ : ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਣ ਵਾਲੇ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਰਣਜੀਤ ਗੜ੍ਹ, ਪਾ:10 ਵੀਂ ਚਮਕੌਰ ਸਾਹਿਬ ਛਾਉਣੀ ਬੁੱਢਾ ਦਲ ਤੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਅਤੇ ਇਤਿਹਾਸਕ ਨਿਸ਼ਾਨ ਨਿਗਾਰਿਆਂ ਦੀ ਛਤਰ ਛਾਇਆ ਹੇਠ ਮਹੱਲੇ ਦੀ ਆਰੰਭਤਾ ਹੋਈ। ਇਸ ਤੋਂ ਪਹਿਲਾਂ ਗੁਰਦੁਆਰਾ ਗੁਰਦੁਆਰਾ ਰਣਜੀਤਗੜ੍ਹ, ਪਾ:10 ਵੀਂ ਚਮਕੌਰ ਸਾਹਿਬ ਛਾਉਣੀ ਬੁੱਢਾ ਦਲ ਵਿਖੇ ਆਖੰਡ ਪਾਠਾਂ ਦੇ ਭੋਗ ਨਿਹੰਗ ਸਿੰਘਾਂ ਦੀ ਚਲੀ ਆਉਦੀ ਮਰਿਯਾਦਾ ਅਨੁਸਾਰ ਪਾਏ ਗਏ।ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨ ਵਾਲਿਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ।

ਨਰਸਿੰਙਿਆਂ ਬੈਂਡ ਵਾਜਿਆਂ ਦੀ ਸਬਦੀ ਧੁਨਾਂ ਖਾਲਸਾਈ ਜੈਕਾਰਿਆਂ ਦੀ ਗੂੰਜ਼ ਵਿੱਚ ਇਹ ਨਿਹੰਗ ਸਿੰਘਾਂ ਦਾ ਮਹੱਲਾ ਗੁਰਦੁਆਰਾ ਰਣਜੀਤ ਗੜ੍ਹ ਤੋਂ ਅਰੰਭ ਹੋ ਕੇ ਚਮਕੌਰ ਸਾਹਿਬ ਦੇ ਵੱਖ-ਵੱਖ ਬਜ਼ਾਰਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਕਤਲਗੜ੍ਹ ਸਾਹਿਬ ਤੋਂ ਖੁਲ੍ਹੀ ਗਰਾਊਂਡ ਵਿੱਚ ਪੁਜਾ ਜਿਥੇ ਨਿਹੰਗ ਸਿੰਘਾਂ ਨੇ ਘੋੜਿਆਂ ਦੀਆਂ ਦੌੜਾਂ ਕਰਾਈਆਂ। ਮਹੱਲੇ ਵਿੱਚ ਨਿਹੰਗ ਸਿੰਘ ਦਲਾਂ ਦੇ ਮੁਖੀਆਂ ਤੇ ਵੱਡੀ ਗਿਣਤੀ ਵਿੱਚ ਨਿਹੰਗ ਸਿੰਘਾਂ ਦੀ ਫੌਜ ਨੇ ਤਿਆਰ ਬਰ ਤਿਆਰ ਸ਼ਸਤਰਧਾਰੀ ਹੋ ਕੇ ਸ਼ਮੂਲੀਅਤ ਕੀਤੀ। ਨਿਹੰਗ ਸਿੰਘਾਂ ਨੇ ਸੁੰਦਰ ਦੁਮਾਲਿਆਂ ਤੇ ਚੱਕ੍ਰ, ਖੰਡੇ, ਚੰਦ, ਗੁਰਜ, ਸ਼ਿੰਗਾਰ, ਬਾਗਨਖਾ ਸਜਾਈ, ਛੋਟੀਆਂ ਵੱਡੀਆਂ ਕਿਰਪਾਨਾਂ ਪਹਿਨੀ ਤੇ ਲੱਕ ਪਿਛੇ ਢਾਲਾਂ ਸਜਾਏ, ਹੱਥਾਂ ਵਿੱਚ ਨੇਜੇ, ਖੰਡੇ ਫੜੀ, ਨੀਲਿਆਂ ਕੇਸਰੀ ਬਾਣਿਆਂ ਵਿੱਚ ਜੰਗੀ ਮਾਹੌਲ ਦਾ ਦ੍ਰਿਸ਼ ਪੇਸ਼ ਕਰ ਰਹੇ ਸਨ। ਉਪਰੰਤ ਨਿਹੰਗ ਸਿੰਘਾਂ ਨੇ ਗਤਕਾ, ਘੋੜ ਦੌੜ, ਨੇਜੇ ਨਾਲ ਕਿਲ੍ਹੇ ਪੁੱਟੇ ਅਤੇ ਇੱਕ ਤੋਂ ਦੋ, ਦੋ ਤੋਂ ਚਾਰ ਘੋੜਿਆਂ ਦੀ ਸਵਾਰੀ ਕਰਕੇ ਜੰਗੀ ਕਰਤੱਬ ਦਿਖਾਏ ਅਤੇ ਵੱਧ ਤੋਂ ਵੱਧ ਕਿੱਲ੍ਹੇ ਪੁੱਟਣ ਤੇ ਇਨਾਮ ਪ੍ਰਾਪਤ ਕੀਤੇ। ਗੱਤਕੇ ਦੇ ਖੁਲੇ ਪਰਦਰਸ਼ਨ ਰਾਹੀਂ ਨਿਹੰਗ ਸਿੰਘਾਂ ਗਤਕੇ ਦੇ ਜੌਹਰ ਵਿਖਾਏ।

ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਨੇ ਕਿਹਾ ਕਿ ਜਿਹੜੀ ਕੌਮ ਦੀ ਜੁਆਨੀ ਬਹਾਦਰ ਤੇ ਅਣਖੀਲੀ ਹੁੰਦੀ ਹੈ ਉਸ ਕੌਮ ਨੂੰ ਗੁਲਾਮ ਬਣਾਉਣ ਲਈ ਵੱਡੀ ਤੋਂ ਵੱਡੀ ਤਾਕਤਵਰ ਧਿਰ ਵੀ ਸਮਰੱਥ ਨਹੀਂ ਹੋ ਸਕਦੀ। ਜਿਹੜੀ ਕੌਮ ਦੇ ਲੋਕ ਡਰਪੋਕ ਤੇ ਸੁਆਰਥੀ ਹੋਣ ਉਹ ਕੌਮ ਸਿਰ ਸੁਟ ਕੇ ਜਿਊਣ ਵਾਲੇ ਗੁਲਾਮਾਂ 'ਚ ਸ਼ਾਮਲ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਦਸਮ ਪਿਤਾ ਦੇ ਸਾਹਿਬਜ਼ਾਦਿਆਂ ਨੇ ਕੌਮ ਦੀ ਅਗਵਾਈ ਕਰਦਿਆਂ ਕੌਮ ਨੂੰ ਅਣਖ, ਦਲੇਰ, ਨਿਰਭੈਅ ਹੋ ਕੇ ਜਿਊਣ ਦਾ ਮਾਰਗ ਦਿੱਤਾ। ਉਸ ਮਾਰਗ ਤੇ ਚੱਲਣ ਲਈ ਅੱਜ ਦੀ ਨੌਜਵਾਨ ਪੀੜੀ ਨੂੰ ਵਿਚਾਰ ਮਈ ਹੋਣਾ ਚਾਹੀਦਾ ਹੈ। ਪੰਧ ਤੋਂ ਉਖੜ ਕੇ ਕੌਮਾਂ ਦੁਸ਼ਵਾਰੀਆਂ ਦੇ ਰਾਹ ਪੈ ਜਾਦੀਆਂ ਹਨ, ਸੱਚੇ ਮਾਰਗ ਚਲਦਿਆਂ ਗੁਰੂ ਆਪ ਅੰਗ ਸੰਗ ਸਹਾਈ ਹੁੰਦਾ ਹੈ।

ਇਸ ਸਮੇਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96ਵੇਂ ਕਰੋੜੀ ਪੰਜਵਾਂ ਤਖ਼ਤ, ਤੋਂ ਇਲਾਵਾ ਬਾਬਾ ਜਥੇਦਾਰ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਹੁਸ਼ਿਆਰਪੁਰ ਵੱਲੋਂ ਬਾਬਾ ਨਾਗਰ ਸਿੰਘ, ਬਾਬਾ ਨੌਰੰਗ ਸਿੰਘ, ਬਾਬਾ ਮੇਜਰ ਸਿੰਘ ਦਸ਼ਮੇਸ਼ ਤਰਨਾ ਦਲ, ਬਾਬਾ ਨਿਰਵੈਰ ਸਿੰਘ, ਬਾਬਾ ਜਰਨੈਲ ਸਿੰਘ ਬਰੇਟਾ, ਬਾਬਾ ਤਾਰਾ ਸਿੰਘ ਝਾੜ ਸਾਹਿਬ ਵਾਲੇ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਬਾਬਾ ਮਹਿਤਾਬ ਸਿੰਘ,ਬਾਬਾ ਲਾਲ ਸਿੰਘ ਰਾਮਪੁਰਾ ਫੂਲ, ਬਾਬਾ ਗੁਰਪ੍ਰੀਤ ਸਿੰਘ ਹਰੀਆਂ ਵੇਲਾਂ, ਬਾਬਾ ਹੀਰਾ ਸਿੰਘ ਝੂਲਣੇ ਮਹਿਲ, ਬਾਬਾ ਤਾਰਾ ਸਿੰਘ ਝਾੜ ਸਾਹਿਬ ਮਾਛੀਵਾੜਾ, ਬਾਬਾ ਤਰਲੋਕ ਸਿੰਘ ਖਿਆਲਾ, ਬਾਬਾ ਤਰਸੇਮ ਸਿੰਘ ਮਹਿਤਾ ਚੌਂਕ, ਬਾਬਾ ਬਲਦੇਵ ਸਿੰਘ ਮੁਸਤਰਾਬਾਦ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਬਾਬਾ ਢੂੰਡਾ ਸਿੰਘ ਮਿਸ਼ਲ ਭਾਈ ਬਚਿੱਤਰ ਸਿੰਘ, ਬਾਬਾ ਕੁਲਵਿੰਦਰ ਸਿੰਘ ਤਰਨਾ ਦਲ ਚਮਕੌਰ ਸਾਹਿਬ, ਬਾਬਾ ਛਿੰਦਾ ਸਿੰਘ ਭਿੱਖੀਵਿੰਡ ,ਬਾਬਾ ਜੱਸਾ ਸਿੰਘ ਤਲਵੰਡੀ ਸਾਬੋ, ਬਾਬਾ ਸਰਵਣ ਸਿੰਘ ਮਝੈਲ ਰਾਜਪੁਰਾ, ਬਾਬਾ ਪਿਆਰਾ ਸਿੰਘ, ਬਾਬਾ ਗੁਰਸ਼ੇਰ ਸਿੰਘ, ਬਾਬਾ ਬਾਘੜ ਸਿੰਘ,ਬਾਬਾ ਲੱਖਾ ਸਿੰਘ ਬਠਿੰਡਾ, ਬਾਬਾ ਰਣਯੋਧ ਸਿੰਘ, ਬਾਬਾ ਜੋਗਾ ਸਿੰਘ ਰਾਜਿਸਥਾਨ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਪ੍ਰਤਾਪ ਸਿੰਘ ਚੂੰਢਾ, ਭਾਈ ਮਾਨ ਸਿੰਘ ਤਲਵੰਡੀ ਸਾਬੋ, ਬਾਬਾ ਜਗਬੀਰ ਸਿੰਘ, ਬਾਬਾ ਗੁਰਮੁਖ ਸਿੰਘ, ਬਾਬਾ ਲਛਮਣ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ ਆਦਿ ਹਾਜ਼ਰ ਸਨ।

# ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਧਰਤੀ 'ਤੇ ਉਮੜਿਆ ਸੰਗਤ ਦਾ ਸੈਲਾਬ



ਫ਼ਤਹਿਗੜ੍ਹ ਸਾਹਿਬ : ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਦੀ ਨਿੱਘੀ ਯਾਦ 'ਚ ਫ਼ਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਲੱਗਣ ਵਾਲੀ ਸਾਲਾਨਾ ਸ਼ਹੀਦੀ ਸਭਾ ਅੱਜ ਧਾਰਮਿਕ ਰਵਾਇਤਾਂ ਨਾਲ ਆਰੰਭ ਹੋ ਗਈ। ਜਿਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੁੱਚੇ ਰੂਪ ਵਿਚ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ। ਜਿਨ੍ਹਾਂ ਦੇ ਭੋਗ 28 ਦਸੰਬਰ ਨੂੰ ਪਾਏ ਜਾਣਗੇ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈਆਂ ਅਤੇ ਸੰਗਤਾਂ ਨੇ ਸਰੋਵਰ ਵਿਚ ਇਸ਼ਨਾਨ ਕੀਤਾ। ਸ਼ਹੀਦੀ ਸਭਾ ਦੇ ਪਹਿਲੇ ਦਿਨ ਫ਼ਤਹਿਗੜ੍ਹ ਸਾਹਿਬ ਦੀ ਧਰਤੀ ਲੱਖਾਂ ਦੀ ਤਾਦਾਦ ਵਿਚ ਪੁੱਜੀਆਂ ਸੰਗਤਾਂ ਸਦਕਾ ਗੁਰਦੁਆਰਾ ਸਾਹਿਬ ਦੀ ਪਰਿਕਰਮਾ 'ਚ ਤਿਲ ਸੁੱਟਣ ਜਿੰਨੀ ਥਾਂ ਵੀ ਨਹੀਂ ਸੀ। ਇਸ ਮੌਕੇ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਅਵਤਾਰ ਸਿੰਘ ਰਿਆ ਸਾਬਕਾ ਜੂਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਜਗਦੀਪ ਸਿੰਘ ਚੀਮਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅਤੇ ਗੁਰਦੀਪ ਸਿੰਘ ਕੰਗ ਮੈਨੇਜਰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਨੇ ਦੱਸਿਆ ਕਿ ਸ਼ਹੀਦੀ ਸਮਾਗਮਾਂ ਦੌਰਾਨ 26 ਤੋਂ 29 ਦਸੰਬਰ ਤੱਕ ਦੀਵਾਨ ਟੋਡਰ ਮਲ ਹਾਲ 'ਚ ਲਗਾਤਾਰ ਦਿਨ ਰਾਤ ਧਾਰਮਿਕ ਦੀਵਾਨ ਸਜਾਏ ਜਾਣਗੇ ਅਤੇ 27 ਦਸੰਬਰ ਨੂੰ ਕਵੀ ਸਮਾਗਮ ਵੀ ਹੋਵੇਗਾ। 28 ਦਸੰਬਰ ਨੂੰ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ 'ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਸਵੇਰੇ 9 ਵਜੇ ਨਗਰ ਕੀਰਤਨ ਸਜਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਦੁਪਹਿਰ ਵੇਲੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਵੇਗਾ। ਜਿੱਥੇ ਪੰਥ ਦੇ ਵਿਦਵਾਨ ਕੀਰਤਨੀ ਜਥੇ ਸੰਗਤਾਂ ਨੂੰ ਸ਼ਬਦ ਕੀਰਤਨ ਸਰਵਣ ਕਰਵਾਉਣਗੇ ਅਤੇ ਅਰਦਾਸ ਉਪਰੰਤ ਤਿੰਨ ਦਿਨਾਂ ਸ਼ਹੀਦੀ ਸਮਾਗਮਾਂ ਦੀ ਸੰਪੂਰਨਤਾ ਹੋਵੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਫ਼ਤਹਿਗੜ੍ਹ ਸਾਹਿਬ ਪਰਨੀਤ ਸ਼ੇਰਗਿੱਲ, ਵਧੀਕ ਡਿਪਟੀ ਕਮਿਸ਼ਨਰ ਈਸ਼ਾ ਸਿੰਗਲ ਤੇ ਐਸ.ਡੀ.ਐਮ ਅਰਵਿੰਦ ਕੁਮਾਰ ਵੀ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਨਤਮਸਤਕ ਹੋਏ। ਸ਼ਹੀਦੀ ਸਭਾ ਦੇ ਪਹਿਲੇ ਦਿਨ ਵੱਖ-ਵੱਖ ਰਾਜਨੀਤਕ ਸ਼ਖ਼ਸੀਅਤਾਂ ਤੋਂ ਇਲਾਵਾ ਲੱਖਾਂ ਦੀ ਤਾਦਾਦ ਵਿਚ ਸੰਗਤਾਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ, ਗੁਰਦੁਆਰਾ ਠੰਢਾ ਬੁਰਜ ਅਤੇ ਸ੍ਰੀ ਭੋਰਾ ਸਾਹਿਬ ਵਿਖੇ ਨਤਮਸਤਕ ਹੋਈਆਂ। ਇਸ ਤੋਂ ਇਲਾਵਾ ਸ਼ਹੀਦੀ ਸਭਾ ਨੂੰ ਸਮਰਪਿਤ ਰੋਜ਼ਾਨਾ ਹੀ ਪੈਦਲ ਮਾਰਚ ਅਤੇ ਨਗਰ ਕੀਰਤਨ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਤੋਂ ਫ਼ਤਹਿਗੜ੍ਹ ਸਾਹਿਬ ਦੀ ਧਰਤੀ 'ਤੇ ਪਹੁੰਚ ਰਹੇ ਹਨ। ਸੰਗਤਾਂ ਦੀ ਆਮਦ ਦੇ ਮੱਦੇਨਜ਼ਰ ਜਿੱਥੇ ਸ਼੍ਰੋਮਣੀ ਕਮੇਟੀ ਵਲੋਂ ਸੰਗਤਾਂ ਦੀ ਰਿਹਾਇਸ਼ ਲਈ ਵਿੱਦਿਅਕ ਅਦਾਰਿਆਂ ਤੋਂ ਇਲਾਵਾ ਆਰਜ਼ੀ ਰੈਣ ਬਸੇਰਿਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਬਜ਼ੁਰਗਾਂ, ਦਿਵਿਆਂਗਜਨਾਂ, ਔਰਤਾਂ ਤੇ ਬੱਚਿਆਂ ਲਈ 75 ਮੁਫ਼ਤ ਬੱਸਾਂ ਤੇ ਮੁਫ਼ਤ ਈ.ਰਿਕਸ਼ਾ ਸਹੂਲਤ ਵੀ ਦਿੱਤੀ ਜਾ ਰਹੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਸਮੁੱਚੀ ਸੰਗਤ ਨੂੰ ਅਪੀਲ ਕੀਤੀ ਕਿ ਉਹ ਸ਼ਰਧਾ ਭਾਵ ਅਤੇ ਸ਼ਾਂਤੀਪੂਰਵਕ, ਸ਼ਹੀਦਾਂ ਨੂੰ ਨਤਮਸਤਕ ਹੁੰਦੇ ਹੋਏ ਸਾਫ਼-ਸਫ਼ਾਈ ਦਾ ਖ਼ਾਸ ਧਿਆਨ ਰੱਖਣ ਤੇ ਪ੍ਰਸ਼ਾਸਨ ਨੂੰ ਸਹਿਯੋਗ ਦੇਣ। ਇਸ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਸ਼ਹੀਦੀ ਸਭਾ ਸਬੰਧੀ ਲਗਾਈ ਪ੍ਰਦਰਸ਼ਨੀ ਦੌਰਾਨ ਕਾਲਜ ਵਿਦਿਆਰਥੀਆਂ ਵਲੋਂ ਸੰਗਤਾਂ ਨੂੰ ਤਸਵੀਰਾਂ ਰਾਹੀਂ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ 'ਤੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੀਤ ਮੈਨੇਜਰ ਨਰਿੰਦਰਜੀਤ ਸਿੰਘ ਭਵਾਨੀਗੜ੍ਹ, ਮੀਤ ਮੈਨੇਜਰ ਗੁਰਮੁਖ ਸਿੰਘ, ਕੁਲਵਿੰਦਰ ਸਿੰਘ ਚੀਮਾ, ਕਥਾਵਾਚਕ ਗਿਆਨੀ ਅਜਮੇਰ ਸਿੰਘ, ਗਿਆਨੀ ਅਤਰ ਸਿੰਘ ਦਲੇਰ, ਭਾਈ ਗੁਰਪ੍ਰੀਤ ਸਿੰਘ ਵੀ ਹਾਜ਼ਰ ਸਨ।

# ਬੁੱਢਾ ਦਲ ਦੀ ਛਾਉਣੀ ਵਿਖੇ ਸ. ਇੰਦਰਜੀਤ ਸਿੰਘ ਬਾਸਰਕੇ ਸਨਮਾਨਤ



ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਸ. ਇੰਦਰਜੀਤ ਸਿੰਘ ਬਾਸਰਕੇ ਨੂੰ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ, ਮਹੰਤ ਬਾਬਾ ਭਗਤ ਸਿੰਘ ਸਨਮਾਨਿਤ ਕਰਦੇ ਹੋਏ।

ਅੰਮ੍ਰਿਤਸਰ : ਪੰਜਾਬ ਦੇ ਲਘੂ ਉਦਯੋਗ ਦੀਆਂ ਮੁਸ਼ਕਲਾਂ ਦੇ ਸਰਲੀ ਕਰਨ ਅਤੇ ਛੋਟੇ ਸਨਅਤਕਾਰਾਂ ਨੂੰ ਉਨਤੀ ਦੇ ਰਾਹ ਤੋਰਨ ਲਈ ਸ. ਇੰਦਰਜੀਤ ਸਿੰਘ ਬਾਸਰਕੇ ਨੂੰ ਇੰਡਸਟਰੀਜ਼ ਫੈਡਰੇਸ਼ਨ ਆਫ ਐਸੋਸੀਏਸ਼ਨ ਭਾਰਤ ਸਰਕਾਰ ਨੇ ਪੰਜਾਬ ਇਕਾਈ ਦਾ ਪ੍ਰਧਾਨ ਥਾਪਿਆ ਹੈ। ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਵਿਖੇ ਅੱਜ ਸ. ਇੰਦਰਜੀਤ ਸਿੰਘ ਬਾਸਰਕੇ ਨਤਮਸਤਕ ਹੋਣ ਤੇ ਅਸੀਸ ਦੀਆਂ ਬਖਸ਼ਿਸ਼ਾਂ ਲੈਣ ਲਈ ਪੁਜੇ।

ਏਥੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਸਕੱਤਰ ਸ. ਦਿਲਜੀਤ ਸਿੰਘ ਬੇਦੀ ਅਤੇ ਮਹੰਤ ਬਾਬਾ ਭਗਤ ਸਿੰਘ ਨੇ ਕਾਂਗਰਸੀ ਪਾਰਟੀ ਸੀਨੀਅਰ ਆਗੂ ਸ. ਇੰਦਰਜੀਤ ਸਿੰਘ ਬਾਸਰਕੇ ਨਿੱਘਾ ਸੁਆਗਤ ਤੇ ਜੀ ਆਇਆ ਕਿਹਾ। ਸ. ਬਾਸਰਕੇ ਨੂੰ ਦੁਸ਼ਾਲਾ, ਸਿਰਪਾਓ ਨਾਲ ਬੁੱਢਾ ਦਲ ਵੱਲੋਂ ਸਨਮਾਨਿਤ ਕੀਤਾ ਗਿਆ। ਸ. ਬਾਸਰਕੇ ਨੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਤਾਂ ਇਸ ਪਾਵਨ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਤੇ ਅਸੀਸ ਲੈਣ ਪੁੱਜਾ ਹਾਂ ਤਾਂ ਜੋ ਜ਼ੁੰਮੇ ਲੱਗੀ ਸੇਵਾ ਨੂੰ ਮੈਂ ਹੋਰ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾ ਸਕਾ ਤੇ ਲਘੂ ਉਦਯੋਗ ਨੂੰ ਆ ਰਹੀਆਂ ਮੁਸ਼ਕਲਾਂ ਤੋਂ ਨਿਜਾਤ ਦਿਵਾ ਸਕਾ। ਇਸ ਮੌਕੇ ਸ. ਸੁਖਵਿੰਦਰ ਸਿੰਘ ਖਾਲਸਾ ਕਾਲਜ, ਸ੍ਰੀ ਅਸ਼ੋਕ ਕੁਮਾਰ, ਸ. ਅਵਤਾਰ ਸਿੰਘ ਛੀਨਾ, ਸ. ਸੁਰਜੀਤ ਸਿੰਘ ਰਾਹੀ ਸਾਬਕਾ ਜਨਰਲ ਮੈਨੇਜਰ ਭਗਤ ਪੂਰਨ ਸਿੰਘ ਪਿੰਗਲਵਾੜਾ, ਸ. ਲਖਬੀਰ ਸਿੰਘ ਛੱਜਲਵੱਢੀ, ਸ. ਪਰਮਜੀਤ ਸਿੰਘ ਬਾਜਵਾ ਮੈਨੇਜ਼ਰ, ਬਾਬਾ ਧੰਨਾ ਸਿੰਘ ਖਿਆਲਾ, ਸ. ਕਰਮਜੀਤ ਸਿੰਘ ਤੇ ਸ. ਅਮਨਦੀਪ ਸਿੰਘ ਬਾਸਰਕੇ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




Fresno California

ਵਿਚ ਖੁੱਲ੍ਹਾ ਰਿਹਾ ਨਵਾਂ ਦਫ਼ਤਰ

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪੋਟੇਸ਼ਨ ਡਿਫੈਂਸ • BIA ਅਪੀਲ

• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ

Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

209-481-7750

510-472-0608

PH. : 209-624-3919



ਸ੍ਰ. ਹਰਮਿੰਦਰ ਸਿੰਘ ਸਮਾਣਾ

ਆਫ਼ਿਸ ਮੈਨੇਜਰ



Anthony Nwosu

Attorney at Law

# ਫੌਜ ਦੇ ਚਿਨਾਰ ਕੋਰ ਦੇ ਯੋਧਿਆਂ ਨੇ ਭਾਰੀ ਬਰਫਬਾਰੀ ਵਿੱਚ ਕਾਰ ਫਸ ਜਾਣ ਤੋਂ ਬਾਅਦ ਸੈਲਾਨੀਆਂ ਨੂੰ ਬਚਾਇਆ





ਬਾਰਾਮੂਲਾ : ਫੌਜ ਦੇ ਚਿਨਾਰ ਕੋਰ ਦੇ ਯੋਧਿਆਂ ਨੇ ਹਾਲ ਹੀ ਵਿਚ ਬਾਰਾਮੂਲਾ ਦੇ ਗੁਲਮਰਗ ਵਿਚ ਐਤਵਾਰ ਨੂੰ ਭਾਰੀ ਬਰਫਬਾਰੀ ਵਿਚ ਫਸਣ ਤੋਂ ਬਾਅਦ 61 ਸੈਲਾਨੀਆਂ ਨੂੰ ਬਚਾਇਆ ਅਤੇ ਉਨ੍ਹਾਂ ਨੂੰ ਠਹਿਰਾਇਆ।

ਸ਼ਨੀਵਾਰ ਨੂੰ ਇਲਾਕੇ 'ਚ ਲਗਾਤਾਰ ਬਰਫਬਾਰੀ ਕਾਰਨ ਔਰਤਾਂ ਅਤੇ ਬੱਚਿਆਂ ਸਮੇਤ ਸੈਲਾਨੀ ਫਸ ਗਏ। ਭਾਰਤੀ ਫੌਜ ਵੱਲੋਂ ਜਾਰੀ ਪ੍ਰੈੱਸ ਰਿਲੀਜ਼ ਮੁਤਾਬਕ ਬਰਫਬਾਰੀ ਕਾਰਨ ਤਾਪਮਾਨ 'ਚ ਗਿਰਾਵਟ ਕਾਰਨ ਸੈਲਾਨੀ ਫਸੇ ਹੋਏ ਹਨ। ਫੌਜ ਦੇ ਜਵਾਨਾਂ ਨੇ ਮੁਸ਼ਕਲਾਂ ਨੂੰ ਦੂਰ ਕਰਨ ਲਈ ਉਨ੍ਹਾਂ ਨੂੰ ਗਰਮ ਕਰਨ ਦਾ ਪ੍ਰਬੰਧ, ਸਲੀਪਿੰਗ ਬੈਗ ਅਤੇ ਗਰਮ ਭੋਜਨ ਮੁਹੱਈਆ ਕਰਵਾਇਆ। ਗੁਲਮਰਗ, ਜੰਮੂ-ਕਸ਼ਮੀਰ ਵਿੱਚ, ਇੱਕ ਵਿਸ਼ਵ-ਪ੍ਰਸਿੱਧ ਸੈਲਾਨੀ ਸਥਾਨ ਹੈ। ਸ਼ਨੀਵਾਰ ਨੂੰ ਬਰਫਬਾਰੀ ਦੇ ਤਾਜ਼ਾ ਦੌਰ ਤੋਂ ਬਾਅਦ ਇਹ ਸਥਾਨ ਸਰਦੀਆਂ ਦੇ ਅਜੂਬਿਆਂ ਵਿੱਚ ਬਦਲ ਗਿਆ। ਰਿਪੋਰਟਾਂ ਮੁਤਾਬਕ ਬਰਫਬਾਰੀ ਕਾਰਨ ਇਲਾਕੇ ਦੀਆਂ ਕਈ ਸੜਕਾਂ ਜਾਮ ਹੋ ਗਈਆਂ ਹਨ, ਜਿਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ, ਇਹ ਪਹਿਲੀ ਵਾਰ ਨਹੀਂ ਹੈ ਜਦੋਂ ਚਿਨਾਰ ਵਾਰੀਅਰਜ਼ ਨੇ ਘਾਟੀ ਦੇ ਨਿਵਾਸੀਆਂ ਦੀ ਮਦਦ ਕੀਤੀ ਹੈ। ਸ਼ਨੀਵਾਰ ਨੂੰ ਸਮੂਹ ਨੇ ਰਾਮਹਾਲ ਅਤੇ ਤਰਾਤਪੋਰਾ ਵਿਖੇ ਮੈਡੀਕਲ ਕੈਂਪ ਲਗਾਇਆ। ਸ਼ੁੱਕਰਵਾਰ ਨੂੰ, ਸਮੂਹ ਨੇ ਕਸ਼ਮੀਰ ਦੇ ਮਾਨਸਬਲ ਦੇ ਬਾਜ਼ੀਪੋਰ ਖੇਤਰ ਵਿੱਚ ਅੱਗ ਬੁਝਾਉਣ ਵਿੱਚ ਫਾਇਰ ਵਿਭਾਗ ਦੀ ਮਦਦ ਕੀਤੀ, ਜਿਸ ਨਾਲ ਜਾਨ-ਮਾਲ ਦੇ ਨੁਕਸਾਨ ਨੂੰ ਰੋਕਿਆ ਗਿਆ। ਚਿਨਾਰ ਵਾਰੀਅਰਜ਼ ਭਾਰਤੀ ਫੌਜ ਦੇ ਐਕਸਸੀ ਕੋਰ ਦਾ ਇੱਕ ਹਿੱਸਾ ਹਨ, ਜਿਸਨੂੰ ਚਿਨਾਰ ਕੋਰ ਵਜੋਂ ਜਾਣਿਆ ਜਾਂਦਾ ਹੈ। ਉਹ ਕਸ਼ਮੀਰ ਘਾਟੀ ਵਿੱਚ ਫੌਜੀ ਕਾਰਵਾਈਆਂ ਲਈ ਜ਼ਿੰਮੇਵਾਰ ਹਨ ਅਤੇ ਗੁਆਂਢੀ ਪਾਕਿਸਤਾਨ ਅਤੇ ਚੀਨ ਨਾਲ ਸਾਰੇ ਫੌਜੀ ਸੰਘਰਸ਼ਾਂ ਵਿੱਚ ਹਿੱਸਾ ਲਿਆ ਹੈ।

## ਸੰਜੇ ਸਿੰਘ ਦੀ ਜ਼ਮਾਨਤ ਅਰਜ਼ੀ ਖਾਰਜ



ਨਵੀਂ ਦਿੱਲੀ : ਦਿੱਲੀ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ 'ਆਪ' ਆਗੂ ਸੰਜੇ ਸਿੰਘ ਦੀ ਜ਼ਮਾਨਤ ਅਰਜ਼ੀ ਖਾਰਜ ਹੋ ਗਈ ਹੈ। ਵਿਸ਼ੇਸ਼ ਜੱਜ ਐਮਕੇ ਨਾਗਪਾਲ ਨੇ ਰਾਜ ਸਭਾ ਮੈਂਬਰ ਤੇ 'ਆਪ' ਆਗੂ ਦੀ ਅਰਜ਼ੀ ਨੂੰ ਅੱਜ ਰੱਦ ਕਰ ਦਿੱਤਾ। ਇਸ ਤੋਂ ਪਹਿਲਾਂ ਵੀਰਵਾਰ ਨੂੰ ਅਦਾਲਤ ਨੇ ਅਰਜ਼ੀ 'ਤੇ ਫੈਸਲਾ ਟਾਲ ਦਿੱਤਾ ਸੀ ਤੇ ਕਿਹਾ ਸੀ ਕਿ ਹੁਕਮ 22 ਦਸੰਬਰ ਨੂੰ ਸੁਣਾਇਆ ਜਾਵੇਗਾ। ਅਰਜ਼ੀ 'ਤੇ ਸੁਣਵਾਈ ਦੌਰਾਨ ਸੰਜੇ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਮੁਲਜ਼ਮ ਤੋਂ ਗਵਾਹ ਬਣੇ ਦਿਨੇਸ਼ ਅਰੋੜਾ ਤੇ ਹੋਰਨਾਂ ਗਵਾਹਾਂ ਦੇ ਬਿਆਨ ਆਪਸ ਵਿਚ ਨਹੀਂ ਮਿਲ ਰਹੇ। ਇਹ ਬਿਆਨ ਸੰਜੇ ਸਿੰਘ ਨੂੰ ਰਿਸ਼ਵਤ ਦੇਣ ਬਾਰੇ ਹਨ। ਈਡੀ ਨੇ ਸੰਜੇ ਦੀ ਅਰਜ਼ੀ ਦਾ ਵਿਰੋਧ ਕੀਤਾ ਤੇ ਕਿਹਾ ਕਿ ਜਾਂਚ ਹਾਲੇ ਜਾਰੀ ਹੈ। ਉਨ੍ਹਾਂ ਕਿਹਾ ਕਿ ਜੇ 'ਆਪ' ਆਗੂ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਤਾਂ ਉਹ ਜਾਂਚ ਨੂੰ ਪ੍ਰਭਾਵਿਤ ਕਰ ਸਕਦਾ ਹੈ, ਸਬੂਤਾਂ ਨਾਲ ਛੇੜਛਾੜ ਕਰਨ ਤੋਂ ਇਲਾਵਾ ਗਵਾਹਾਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਈਡੀ ਨੇ ਸੰਜੇ ਸਿੰਘ ਨੂੰ 4 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਸੀ। ਈਡੀ ਦਾ ਦੋਸ਼ ਹੈ ਕਿ 2021-22 ਦੀ ਆਬਕਾਰੀ ਨੀਤੀ ਬਣਾਉਣ ਵਿਚ ਸੰਜੇ ਦੀ ਅਹਿਮ ਭੂਮਿਕਾ ਸੀ। ਇਸ ਰਾਹੀਂ ਕੁਝ ਖਾਸ ਸ਼ਰਾਬ ਨਿਰਮਾਤਾਵਾਂ, ਥੋਕ ਤੇ ਪ੍ਰਚੂਨ ਵਪਾਰੀਆਂ ਨੂੰ ਲਾਭ ਦਿੱਤਾ ਗਿਆ। ਸੰਜੇ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਸੁਣਵਾਈ ਦੌਰਾਨ ਅਦਾਲਤ ਨੇ ਨੋਟ ਕੀਤਾ ਕਿ ਸੰਜੇ ਸਿੰਘ ਨੇ 'ਇਸ ਅਪਰਾਧ ਰਾਹੀਂ ਦੋ ਕਰੋੜ ਰੁਪਏ ਤੱਕ ਦਾ ਨਾਜਾਇਜ਼ ਲਾਹਾ ਲਿਆ ਹੈ ਤੇ ਰਾਜ ਸਭਾ ਮੈਂਬਰ ਵਿਰੁੱਧ ਕੇਸ ਸਹੀ ਹੈ।'




ਪੀਐੱਚਡੀ, ਚਾਰ ਐਮਏ, ਐਲਐਲਐਮ, ਕਰਨ ਵਾਲਾ ਡਾ. ਸੰਦੀਪ ਸਿੰਘ ਅਮ੍ਰਿਤਸਰ ਦੀਆਂ ਗਲੀਆਂ ਵਿਚ ਸਬਜੀ ਵੇਚ ਕੇ ਗੁਜ਼ਾਰਾ ਕਰਨ ਲਈ ਮਜਬੂਰ ਹੈ... ਪੰਜਾਬੀ ਯੂਨੀਵਰਸਿਟੀ ਵਿਚ ਪੀਐਚਡੀ ਕਰਨ ਵਾਲੇ ਡਾ. ਸੰਦੀਪ ਸਿੰਘ ਨੇ ਕਿਹਾ ਯੂਨੀਵਰਸਿਟੀ ਵਿਚ ਸਿਫਾਰਸ਼ਾਂ ਕਰਕੇ ਨੌਕਰੀ ਮਿਲਦੀ ਹੈ.. ਸਾਲ ਵਿਚ 7 ਮਹੀਨੇ ਤਨਖਾਹ ਮਿਲਦੀ ਹੈ.. ਹੁਣ ਉਹ ਵੇਹਲਾ ਹੈ ਤਾਂ ਸਬਜੀ ਦੀ ਰੇਹੜੀ ਲਾਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਿਹਾ ਹੈ.. ਉਹ ਕਹਿੰਦਾ ਹੈ ਕਿ ਜੇਕਰ ਮੈਂ ਯੂਨੀਵਰਸਿਟੀ ਵਿਚ ਪੱਕਾ ਹੋਣ ਦੀ ਗੱਲ ਕਰਦਾ ਹਾਂ ਤਾਂ ਅੱਗੋਂ ਜਵਾਬ ਮਿਲਦਾ ਹੈ 'ਬਹੁਤ ਪ੍ਰੈਸ਼ਰ ਹੈ, ਤਾਂ ਫਿਰ ਸਾਨੂੰ ਪੜਾਉਣ ਦੀ ਕੀ ਜਰੂਰਤ ਹੈ, ਜੇਕਰ ਸ਼ਿਫਾਰਸ਼ਾਂ ਨਾਲ ਹੀ ਨੌਕਰੀ ਦੇਣੀ ਹੈ ਫੇਰ ਪੜਾਉਣਾ ਬੰਦ ਕਰ ਦਿਓ..' ਲੱਖ ਲਾਹਣਤ ਅਜਿਹੇ ਨਿਜ਼ਾਮ ਨੂੰ..Punjabi University AMRITSAR PRESS CLUB

## ਵਿਨੇਸ਼ ਫੋਗਾਟ ਨੇ ਖੇਲ ਰਤਨ ਤੇ ਅਰਜੁਨ ਐਵਾਰਡ ਮੋੜੇ



ਨਵੀਂ ਦਿੱਲੀ: ਵਰਲਡ ਚੈਂਪੀਅਨਸ਼ਿਪ ਤਗ਼ਮਾ ਜੇਤੂ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਵਫ਼ਾਦਾਰ ਸੰਜੈ ਸਿੰਘ ਦੀ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਚੋਣ ਦਾ ਵਿਰੋਧ ਕਰਦਿਆਂ ਆਪਣਾ ਖੇਲ ਰਤਨ ਤੇ ਅਰਜੁਨ ਐਵਾਰਡ ਸਰਕਾਰ ਨੂੰ ਮੋੜ ਦਿੱਤਾ ਹੈ। ਵਿਨੇਸ਼ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਰੋਸ ਜਤਾਇਆ ਹੈ। ਇਸ ਤੋਂ ਪਹਿਲਾਂ ਓਲੰਪਿਕ ਤਗ਼ਮਾ ਜੇਤੂ ਬਜਰੰਗ ਪੂਨੀਆ ਤੇ ਡੈੱਫਲੰਪਿਕਸ ਚੈਂਪੀਅਨ ਵੀਰੇਂਦਰ ਸਿੰਘ ਯਾਦਵ ਨੇ ਵੀ ਪਿਛਲੇ ਦਿਨੀਂ ਆਪਣੇ ਪਦਮ ਸ੍ਰੀ ਐਵਾਰਡ ਵਾਪਸ ਕੀਤੇ ਸਨ। ਵਿਨੇਸ਼ ਐੱਕਸ 'ਤੇ ਪੋਸਟ ਕੀਤੇ ਇਕ ਪੱਤਰ ਰਾਹੀਂ ਐਲਾਨ ਕੀਤਾ, "ਮੈਂ ਆਪਣਾ ਮੇਜਰ ਧਿਆਨਚੰਦ ਖੇਲ ਰਤਨ ਤੇ ਅਰਜੁਨ ਐਵਾਰਡ ਵਾਪਸ ਕਰ ਰਹੀ ਹਾਂ।" ਸੰਜੈ ਸਿੰਘ ਨੂੰ ਲੰਘੇ ਵੀਰਵਾਰ ਡਬਲਿਊਐੱਫਆਈ ਦਾ ਨਵਾਂ ਪ੍ਰਧਾਨ ਚੁਣਿਆ ਗਿਆ ਸੀ। ਚੇਤੇ ਰਹੇ ਕਿ ਪਹਿਲਵਾਨਾਂ ਨੇ ਮੰਗ ਕੀਤੀ ਸੀ ਕਿ ਬ੍ਰਿਜ ਭੂਸ਼ਨ ਦੇ ਨੇੜਲਿਆਂ ਨੂੰ ਭਾਰਤੀ ਕੁਸ਼ਤੀ ਫੈਡਰੇਸ਼ਨ ਦੀਆਂ ਚੋਣਾਂ ਤੋਂ ਦੂਰ ਰੱਖਿਆ ਜਾਵੇ। ਸੰਜੈ ਸਿੰਘ ਦੀ ਚੋਣ ਤੋਂ ਫੌਰੀ ਮਗਰੋਂ ਰੀਓ ਓਲੰਪਿਕ 'ਚ ਕਾਂਸੇ ਦਾ ਤਗ਼ਮਾ ਜੇਤੂ ਮਹਿਲਾ ਪਹਿਲਵਾਨ ਸਾਕਸ਼ੀ ਮਲਿਕ ਨੇ ਕੁਸ਼ਤੀ ਦੀ ਖੇਡ ਛੱਡਣ ਦਾ ਐਲਾਨ ਕੀਤਾ ਸੀ। ਖੇਡ ਮੰਤਰਾਲੇ ਨੇ ਹਾਲਾਂਕਿ ਦੋ ਦਿਨ ਮਗਰੋਂ ਫੈਡਰੇਸ਼ਨ ਦੀ ਨਵੀਂ ਚੁਣੀ ਟੀਮ ਨੂੰ ਮੁਅੱਤਲ ਕਰ ਦਿੱਤਾ। ਮੰਤਰਾਲੇ ਨੇ ਭਾਰਤੀ ਓਲੰਪਿਕ ਐਸੋਸੀਏਸ਼ਨ ਨੂੰ ਖੇਡ ਸੰਸਥਾ ਦੇ ਨਿੱਤ ਦੇ ਕੰਮਕਾਜ ਨੂੰ ਚਲਾਉਣ ਲਈ ਐਡਹਾਕ ਕਮੇਟੀ ਬਣਾਉਣ ਲਈ ਵੀ ਕਿਹਾ ਸੀ।

## ਢੀਂਡਸਾ ਵਲੋਂ ਪਾਰਟੀ ਵਰਕਰਾਂ ਦੀ ਰਾਇ ਲੈਣ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ



ਜਸਟਿਸ ਨਿਰਮਲ ਸਿੰਘ, ਸੁਖਵਿੰਦਰ ਸਿੰਘ ਔਲਖ, ਜਸਵੰਤ ਸਿੰਘ ਪੜੈਣ, ਮਨਜੀਤ ਸਿੰਘ ਦਸੂਹਾ ਤੇ ਸੁਖਵੰਤ ਸਿੰਘ ਸਰਾਓ।

ਐੱਸ. ਏ. ਐੱਸ. ਨਗਰ : ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ 'ਚ ਬੀਤੇ ਸਨਿੱਚਰਵਾਰ ਪਾਰਟੀ ਦੇ ਪ੍ਰਮੁੱਖ ਆਗੂਆਂ ਦੀ ਅਹਿਮ ਮੀਟਿੰਗ ਹੋਈ ਸੀ, ਜਿਸ ਵਿਚ ਸਰਬਸੰਮਤੀ ਨਾਲ ਮੌਜੂਦਾ ਸਿਆਸੀ ਹਾਲਾਤ ਨੂੰ ਮੁੱਖ ਰੱਖਦੇ ਹੋਏ ਪਾਰਟੀ ਦੀ ਅਗਲੀ ਰਣਨੀਤੀ ਉਲੀਕਣ ਲਈ ਪਾਰਟੀ ਵਰਕਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀ ਰਾਏ ਲੈਣ ਲਈ ਇਕ ਕਮੇਟੀ ਦਾ ਗਠਨ ਕਰਨ ਦੇ ਪੂਰਨ ਅਧਿਕਾਰ ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੂੰ ਦਿੱਤੇ ਗਏ ਸਨ। ਇਸ ਸੰਬੰਧ 'ਚ ਅੱਜ ਸੁਖਦੇਵ ਸਿੰਘ ਢੀਂਡਸਾ ਵਲੋਂ ਪਾਰਟੀ ਦੇ ਸੀਨੀਅਰ ਆਗੂਆਂ ਦੀ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਦਾ ਚੇਅਰਮੈਨ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਸੇਵਾ-ਮੁਕਤ ਜਸਟਿਸ ਨਿਰਮਲ ਸਿੰਘ ਨੂੰ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਮੈਂਬਰਾਂ ਵਜੋਂ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਔਲਖ, ਜਰਨਲ ਸਕੱਤਰ ਮਨਜੀਤ ਸਿੰਘ ਦਸੂਹਾ, ਜਨਰਲ ਸਕੱਤਰ ਸੁਖਵੰਤ ਸਿੰਘ ਸਰਾਓ ਅਤੇ ਐਸ. ਜੀ. ਪੀ. ਸੀ. ਦੇ ਐਗਜ਼ੇਕਟਿਵ ਮੈਂਬਰ ਜਸਵੰਤ ਸਿੰਘ ਪੜੈਣ ਦੀ ਚੋਣ ਕੀਤੀ ਗਈ ਹੈ। ਢੀਂਡਸਾ ਨੇ ਦੱਸਿਆ ਕਿ ਕਮੇਟੀ 15 ਦਿਨਾਂ ਦੇ ਅੰਦਰ-ਅੰਦਰ ਪੰਜਾਬ ਦੇ ਹਰੇਕ ਜ਼ਿਲ੍ਹੇ ਵਿਚ ਪਾਰਟੀ ਵਰਕਰਾਂ ਨਾਲ ਗੱਲਬਾਤ ਕਰਕੇ ਇਕ ਰਿਪੋਰਟ ਉਨ੍ਹਾਂ ਨੂੰ ਸੌਂਪੇਗੀ, ਜਿਸ ਤੋਂ ਬਾਅਦ ਸੀਨੀਅਰ ਆਗੂਆਂ ਦੀ ਮੀਟਿੰਗ ਸੱਦ ਕੇ ਇਸ ਰਿਪੋਰਟ 'ਤੇ ਫ਼ੈਸਲਾ ਲਿਆ ਜਾਵੇਗਾ ਅਤੇ ਅਗਲੀ ਰਣਨੀਤੀ ਉਲੀਕੀ ਜਾਵੇਗੀ।

ਸ਼ਫਰੀ ਝੇੜੇ ਮੁੱਕ ਜਾਣੇ ਨੇ ਤੇ ਅੱਜ ਲਾਲ ਨੀਹਾਂ ਵਿੱਚ ਲੁੱਕ ਜਾਣੇ ਨੇ
ਉਹ ਆਖੋ ਮਾਂ ਗੁਜਰੀ ਨੂੰ ਕੋਈ ਇੱਕ ਵਾਰੀ ਕਰਲੈ ਹੋਰ ਪਿਆਰ
ਉਸਰ ਰਹੀ ਖ਼ੂਨੀ ਦੀਵਾਰ, ਲਾਲ ਖੜ੍ਹੇ ਦੋ ਨੀਂਹ ਵਿਚਕਾਰ









ਹਮ ਜਾਨ ਦੇ ਕੇ ਔਰੌਂ ਕੀ ਜਾਨੇਂ ਬਚਾ ਚਲੇ । ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ ।
ਗੁਰਿਆਈ ਕਾ ਹੈਂ ਕਿੱਸਾ ਜਹਾਂ ਮੇਂ ਬਨਾ ਚਲੇ । ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ ਲਗਾ ਚਲੇ ।
ਗੱਦੀ ਸੇ ਤਾਜ-ਓ-ਤਖ਼ਤ ਬਸ ਅਬ ਕੌਮ ਪਾਏਗੀ । ਦੁਨੀਯਾ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ ।

-ਅੱਲ੍ਹਾ ਯਾਰ ਖਾਨ ਯੋਗੀ

# ਬਾਦਲਕੇ, ਮੁਹੰਮਦ ਇਜ਼ਹਾਰ ਆਲਮ ਤੇ ਆਲਮ ਸੈਨਾ : ਸਾਂਝ ਤੇ ਨਿਭਾਅ...



1986 -87 ਦੇ ਕਾਰਜਕਾਲ ਦੇ ਦੌਰਾਨ ਅੰਮ੍ਰਿਤਸਰ ਜਿਲੇ ਦਾ ਪੁਲਸ ਮੁਖੀ ਹੁੰਦਾ ਸੀ ਨਾਮ ਸੀ ਉਸਦਾ ਇਜਹਾਰ ਆਲਮ! ਖਾੜਕੂਵਾਦ ਕਾਬੂ ਵਿਚ ਨਾ ਆਉਂਦਾ ਦੇਖ ਇਸਨੇ ਪੁਲਸ ਵਿਚੋਂ ਕੁਝ ਦਾਹੜੀ ਵਾਲੇ ਨੌਜੁਆਨ ਛਾਂਟ ਲਏ! ਨਜਾਇਜ ਸ਼ਰਾਬ ਕੱਢਣ ਵਾਲੇ ਤੇ ਬਦਮਾਸ਼ ਬਿਰਤੀ ਵਾਲੇ ਬੰਦਿਆਂ ਨੂੰ ਪਿੰਡਾਂ ਵਿਚੋਂ ਲਿਆਂਦਾ ਗਿਆ ! ਰਹਿਣ ਸਹਿਣ ਦਾ ਬੰਦੋਬਸਤ ਸਰਕਾਰੀ ਖਰਚੇ ਤੇ ਕੀਤਾ ਗਿਆ! ਸ਼ਰਾਬ ਅਤੇ ਐਸ਼ਪ੍ਰਸਥੀ ਦੇ ਹੋਰ ਸਾਰੇ ਸਾਧਨ ਖੁੱਲੀ ਮਾਤਰਾ ਵਿੱਚ ਮੁਹਈਆ ਕਰਵਾਏ ਗਏ! ਹੂਟਰ ਲਗੀਆਂ ਬਿਨਾ ਨੰਬਰ ਤੋਂ ਹਥਿਆਰਬੰਦ ਜਿਪਸੀਆਂ ਦਿੱਤੀਆਂ ਗਈਆਂ! ਸਿਰਾਂ ਤੇ ਪੀਲੇ ਪਟਕੇ ਬਨਵਾ ਖੁੱਲੇ ਅਸਲੇ ਨਾਲ ਲੈਸ ਕਰਵਾਏ! ਇਹ ਗਰੁੱਪਾਂ ਵਿਚ ਦਿਨ ਢਲਦੇ ਹੀ ਅੰਮ੍ਰਿਤਸਰ ਤੋਂ ਮਹਿਤਾ, ਰਈਆ, ਤਰਨਤਾਰਨ ਤੇ ਅਜਨਾਲਾ ਤੇ ਪੱਟੀ ਵਾਲੇ ਪਾਸੇ ਦੇ ਪਿੰਡਾਂ ਵੱਲ ਨਿੱਕਲ ਜਾਂਦੇ! ਸਾਰੀ ਰਾਤ ਨੌਜੁਆਨ ਕੁੜੀਆਂ ਦੀਆਂ ਇੱਜਤਾਂ ਨਾਲ ਖੁੱਲ ਕੇ ਖੇਡਿਆ ਜਾਂਦਾ! ਨਜਾਇੱਜ ਕਤਲ ਕੀਤੇ ਜਾਂਦੇ, ਰੂਪੋਸ਼ ਹੋਏ ਨੌਜੁਆਨਾਂ ਦੇ ਪਰਿਵਾਰਾਂ ਨੂੰ ਬੇਇੱਜਤ ਕੀਤਾ ਜਾਂਦਾ ਤੇ ਪਿੰਡਾਂ ਵਿਚ ਰਹਿੰਦੇ ਗਰੀਬ ਹਿੰਦੂ ਪਰਿਵਾਰਾਂ ਨੂੰ ਪਰਿਵਾਰਾਂ ਸਮੇਤ ਕਤਲ ਕੀਤਾ ਜਾਂਦਾ! ਮਗਰੋਂ ਖਾੜਕੂ ਜਥੇਬੰਦੀਆਂ ਦੇ ਲੈਟਰ ਪੈਡਾਂ ਤੇ ਇਹਨਾਂ ਵਾਰਦਾਤਾਂ ਦੀ ਜੁਮੇਵਾਰੀ ਲਈ ਜਾਂਦੀ ! ਉਸ ਵੇਲੇ ਇਹ ਗਰੁੱਪ 'ਆਲਮ ਸੈਨਾ' ਦੇ ਨਾਮ ਤੋਂ ਜਾਣੇ ਜਾਂਦੇ ਸੀ ! ਇੱਕ ਅੰਦਾਜੇ ਮੁਤਾਬਿਕ ਇਸ ਆਲਮ ਸੈਨਾ ਨੇ ਅਮ੍ਰਿਤਸਰ ਜਿਲੇ ਵਿਚ ਹੀ ਤਕਰੀਬਨ ਹਜਾਰ ਕੁ ਸਿੱਖ ਨੌਜੁਆਨ ਸਾਲ ਦੇ ਅੰਦਰ ਅੰਦਰ ਚੁੱਕ ਕੇ ਖਤਮ ਕਰ ਦਿੱਤੇ!

ਪਿੰਡਾਂ ਥਾਵਾਂ ਤੇ ਅਫਰਾ ਤਫਰੀ ਮੱਚ ਗਈ ! ਹਿੰਦੂ ਵੀਰ ਪਿੰਡਾਂ ਵਿਚੋਂ ਹਿਜਰਤ ਕਰਕੇ ਬਾਹਰ ਜਾਣ ਲੱਗੇ! ਸਕੂਲਾਂ ਕਾਲਜਾਂ ਤੇ ਪਿੰਡ ਵਿਚੋਂ ਨਜਾਇਜ ਨੌਜੁਆਨਾਂ ਨੂੰ ਤਸ਼ੱਦਦ ਕਰਕੇ ਮਾਰਿਆਂ ਜਾਣ ਲੱਗਾ ! ਅੰਮ੍ਰਿਤਸਰ ਦੀ ਮਾਲ ਮੰਡੀ ਤੇ ਬੀ.ਆਰ.ਮਾਡਰਨ ਸਕੂਲ ਬੜੇ ਹੀ ਬਦਨਾਮ ਤਸ਼ੱਦਦ ਕੇਂਦਰਾਂ ਵਿਚੋਂ ਗਿਣੇ ਜਾਂਦੇ ਸਨ! ਇਸ ਇਜਹਾਰ ਆਲਮ ਨੂੰ ਮਗਰੋਂ ਪੁਲਸ ਮੁਖੀ ਬਣਾ ਦਿੱਤਾ ਗਿਆ! ਪੰਥਕ ਸਰਕਾਰ ਆਉਣ ਤੇ ਇਸ ਵੱਲੋਂ ਕੀਤੇ ਜ਼ੁਲਮਾਂ ਦਾ ਹਿਸਾਬ ਤਾਂ ਕੀ ਲੈਣਾ ਸੀ ਸਗੋਂ ਇਸਦੀ ਪਤਨੀ ਨੂੰ ਅਕਾਲੀ ਸਰਕਾਰ ਨੇ ਐਮ .ਐੱਲ .ਏ ਦੀ ਟਿਕਟ ਨਾਲ ਨਿਵਾਜਿਆ! ਇਸਨੂੰ ਖੁੱਦ ਨੂੰ ਵਕਫ ਬੋਰਡ ਦਾ ਚੈਅਰਮੈਨ ਲਾਇਆ ਗਿਆ!

ਤਸਵੀਰ ਵਿਚ ਅਕਾਲੀ ਦਲ ਬਾਦਲ ਦੇ ਨੇਤਾ ਪਰਮਿੰਦਰ ਸਿੰਘ ਢੀਂਡਸਾ ਦੇ ਖੱਬੇ ਪਾਸੇ ਜਿਹੜਾ ਇਨਸਾਨ ਮਫਲਰ ਬੰਨ ਤੱਕੜੀ ਵਾਲਾ ਬਿੱਲਾ ਲਾਈ ਬਿਸਕੁਟ ਖਾ ਰਿਹਾ ਹੈ ਕੋਈ ਹੋਰ ਨਹੀਂ ਸਗੋਂ ਓਹੀ 'ਆਲਮ ਸੈਨਾ' ਦਾ ਸੰਸਥਾਪਕ ਇਜਹਾਰ ਆਲਮ ਹੈ! ਦੇਖ ਲਵੋ ਇਹਨਾਂ ਲੋਕਾਂ ਦੀ ਪੰਥ ਪ੍ਰਤੀ ਕੁਰਬਾਨੀ ਤੇ ਯੋਗਦਾਨ ਦੇ ਕਿੱਸੇ ਤੇ ਉੱਤੋਂ ਮਿਲੇ ਪੰਥ-ਰਤਨ ਦੇ ਖਿਤਾਬ ਦਾ ਪਿਛੋਕੜ!

**ਹਰਪ੍ਰੀਤ ਸਿੰਘ ਜਵੰਦਾ**

# ਭਾਰਤੀ ਕੌਂਸਲਖਾਨੇ ਵੱਲੋਂ ਸਾਹਿਬਜ਼ਾਦਿਆਂ ਦੇ ਸਨਮਾਨ 'ਚ ਪ੍ਰਦਰਸ਼ਨੀ

## ਕਾਰਜਕਾਰੀ ਕੌਂਸਲ ਜਨਰਲ ਨੇ ਗੁਰਦੁਆਰੇ 'ਚ ਮੱਥਾ ਟੇਕਿਆ ਤੇ ਲੰਗਰ ਛਕਿਆ

ਨਿਊਯਾਰਕ : ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਵੀਰ ਬਾਲ ਦਿਵਸ ਦੇ ਮੌਕੇ 'ਤੇ ਦਸਵੇਂ ਸਿੱਖ ਗੁਰੂ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਦੀ ਬੇਮਿਸਾਲ ਬਹਾਦਰੀ ਅਤੇ ਕੁਰਬਾਨੀ ਦੀ ਯਾਦ ਵਿੱਚ ਪ੍ਰਦਰਸ਼ਨੀ ਲਗਾਈ ਗਈ। ਕੌਂਸਲੇਟ ਨੇ ਇਸ ਬਾਰੇ ਪੋਸਟ ਵਿੱਚ ਕਿਹਾ, 'ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਨਮਨ।' ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕੀਤੀ। ਕੌਂਸਲੇਟ ਨੇ ਦੱਸਿਆ ਕਿ ਸਥਾਨਕ ਗੁਰਦੁਆਰੇ ਦੇ ਗ੍ਰੰਥੀ ਦੀ ਬੇਨਤੀ 'ਤੇ 28 ਦਸੰਬਰ ਤੱਕ ਕੌਂਸਲੇਟ ਕੰਪਲੈਕਸ ਵਿੱਚ ਪ੍ਰਦਰਸ਼ਨੀ ਲਗਾਈ ਜਾਵੇਗੀ। ਇਹ ਪ੍ਰਦਰਸ਼ਨੀ ਨਿਊਯਾਰਕ, ਨਿਊਜਰਸੀ ਅਤੇ ਕਨੈਕਟੀਕਟ ਦੇ ਗੁਰਦੁਆਰਿਆਂ ਵਿੱਚ



ਵੀ ਲੱਗੇਗੀ। ਇਸ ਤੋਂ ਪਹਿਲਾਂ ਨਿਊਯਾਰਕ ਵਿੱਚ ਭਾਰਤ ਦੇ ਕਾਰਜਕਾਰੀ ਕੌਂਸਲ ਜਨਰਲ ਡਾ. ਵਰੁਣ ਜੇਫ ਨੇ ਕਵੀਂਸ ਦੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਨਤਮਸਤਕ ਹੋ ਕੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਸੰਗਤਾਂ ਨਾਲ ਕੀਰਤਨ ਸਰਵਣ ਕੀਤਾ। ਉਨ੍ਹਾਂ ਲੰਗਰ ਵੀ ਛਕਿਆ।

# ਲੈਫਟੀਨੈਂਟ ਕਰਨਲ ਕਰਨਬੀਰ ਸਿੰਘ ਦਾ ਸਨਮਾਨਾਂ ਨਾਲ ਸਸਕਾਰ, ਧੀ ਨੇ ਦਿਖਾਈ ਚਿਖਾ ਨੂੰ ਅਗਨੀ

## ਅੱਠ ਸਾਲ ਤੋਂ ਕੋਮਾ ਵਿੱਚ ਸਨ ਕਰਨਬੀਰ ਸਿੰਘ



ਜਲੰਧਰ : ਲੈਫਟੀਨੈਂਟ ਕਰਨਲ ਕਰਨਬੀਰ ਸਿੰਘ ਨੱਤ ਦਾ ਅੱਜ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੀ ਲੜਕੀ ਗੁਨੀਤ ਕੌਰ ਨੇ ਦਿਖਾਈ। ਉਨ੍ਹਾਂ ਦਾ ਇਥੋਂ ਦੇ ਮਿਲਟਰੀ ਹਸਪਤਾਲ ਵਿੱਚ ਬੀਤੀ ਰਾਤ ਦੇਹਾਂਤ ਹੋ ਗਿਆ ਸੀ। ਉਹ ਅੱਠ ਸਾਲ ਤੋਂ ਕੋਮਾ ਵਿੱਚ ਸਨ। ਉਨ੍ਹਾਂ ਨੂੰ ਜੰਮੂ ਤੇ ਕਸ਼ਮੀਰ ਦੇ ਕੁਪਵਾੜਾ ਸੈਕਟਰ ਵਿਚ ਦਹਿਸ਼ਤਗਰਦਾਂ ਨਾਲ ਮੁਕਾਬਲੇ ਦੌਰਾਨ ਗੋਲੀ ਲੱਗੀ ਸੀ ਜਿਸ ਤੋਂ ਬਾਅਦ ਉਹ ਕੋਮਾ ਵਿੱਚ ਚਲੇ ਗਏ ਸਨ। ਉਨ੍ਹਾਂ ਨੂੰ ਸੈਨਾ ਮੈਡਲ ਨਾਲ ਸਨਮਾਨਿਆ ਗਿਆ ਸੀ। ਉਨ੍ਹਾਂ ਦਾ ਜਲੰਧਰ ਵਿੱਚ ਪੂਰੇ ਫੌਜੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਪੂਰੇ ਸਨਮਾਨ ਨਾਲ ਸਵੇਰੇ 11 ਵਜੇ ਫੌਜ ਵੱਲੋਂ ਲੈਫਟੀਨੈਂਟ ਕਰਨਲ ਕਰਨਬੀਰ ਸਿੰਘ ਨੱਤ ਦੀ ਮ੍ਰਿਤਕ ਦੇਹ ਨੂੰ ਸ਼ਮਸ਼ਾਨਘਾਟ ਲਿਆਂਦਾ ਗਿਆ ਜਿੱਥੇ ਫੌਜੀ ਅਧਿਕਾਰੀਆਂ ਨੇ ਉਨ੍ਹਾਂ ਦੀ ਬਹਾਦਰੀ ਦੇ ਕਿੱਸੇ ਸੁਣਾਏ।

ਜਾਣਕਾਰੀ ਅਨੁਸਾਰ ਕਰਨਬੀਰ ਸਿੰਘ ਸ਼ਾਰਟ ਸਰਵਿਸ ਕਮਿਸ਼ਨ ਰਾਹੀਂ ਗਾਰਡਜ਼ ਰੈਜੀਮੈਂਟ ਵਿੱਚ 1998 ਵਿਚ ਭਰਤੀ ਹੋਏ ਸਨ ਤੇ ਉਨ੍ਹਾਂ 2012 ਵਿੱਚ ਆਪਣੀ ਸੇਵਾ ਮੁਕੰਮਲ ਕਰ ਲਈ ਸੀ। ਉਨ੍ਹਾਂ ਐਲਐਲਬੀ ਤੇ ਐਮਬੀਏ ਕੀਤੀ ਸੀ। ਉਹ ਹੋਰ ਨੌਕਰੀ ਕਰ ਰਹੇ ਸਨ ਪਰ ਉਨ੍ਹਾਂ ਮੁੜ ਫੌਜ ਵਿਚ ਜਾਣ ਨੂੰ ਤਰਜੀਹ ਦਿੱਤੀ ਤੇ 160 ਟੀਏ ਯੂਨਿਟ ਜੁਆਇਨ ਕਰ ਲਈ। ਉਹ 2015 ਵਿੱਚ ਜੰਮੂ ਅਤੇ ਕਸ਼ਮੀਰ ਵਿੱਚ ਟੈਰੀਟੋਰੀਅਲ ਆਰਮੀ (ਜੇ ਐਂਡ ਕੇ ਰਾਈਫਲਜ਼) ਦੇ ਸੈਕਿੰਡ-ਇਨ-ਕਮਾਂਡ (2ਆਈਸੀ) ਵਜੋਂ ਤਾਇਨਾਤ ਸਨ। 22 ਨਵੰਬਰ 2015 ਨੂੰ ਫੌਜ ਨੂੰ ਇਲਾਕੇ 'ਚ ਦਹਿਸ਼ਤਗਰਦਾਂ ਦੀ ਹਰਕਤ ਦੀ ਖਬਰ ਮਿਲੀ ਜਿਸ ਤੋਂ ਬਾਅਦ ਕੁਪਵਾੜਾ ਸੈਕਟਰ 'ਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਲੈਫਟੀਨੈਂਟ ਕਰਨਲ ਕਰਨਬੀਰ ਸਿੰਘ ਆਪਣੇ ਸਾਥੀਆਂ ਨਾਲ ਪਿੰਡ ਹਾਜੀ ਨਾਕਾ ਵਿੱਚ ਚੱਲ ਰਹੇ ਸਰਚ ਅਪਰੇਸ਼ਨ ਦੀ ਅਗਵਾਈ ਕਰ ਰਹੇ ਸਨ। ਉਸੇ ਸਮੇਂ ਉੱਥੇ ਘਾਤ ਲਗਾ ਕੇ ਬੈਠੇ ਦਹਿਸ਼ਤਗਰਦਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਤੇ ਆਪਣੇ ਸਾਥੀ ਨੂੰ ਬਚਾਉਂਦਿਆਂ ਉਨ੍ਹਾਂ ਦੇ ਮੂੰਹ 'ਤੇ ਗੋਲੀ ਲੱਗੀ ਤੇ ਉਹ ਕੋਮਾ ਵਿਚ ਚਲੇ ਗਏ। ਇਸ ਤੋਂ ਬਾਅਦ ਉਨ੍ਹਾਂ ਦੇ ਪਿਤਾ ਕਰਨਲ ਜਗਤਾਰ ਸਿੰਘ ਨੱਤ, ਪਤਨੀ ਨਵਪ੍ਰੀਤ ਕੌਰ ਤੇ ਲੜਕੀਆਂ ਗੁਨੀਤ (19) ਤੇ ਅਸ਼ਮੀਤ (10) ਨੇ ਉਨ੍ਹਾਂ ਦੀ ਦੇਖਭਾਲ ਕੀਤੀ। ਉਹ ਜਲੰਧਰ ਦੇ ਮਿਲਟਰੀ ਹਸਪਤਾਲ ਦੇ ਅਫਸਰ ਵਾਰਡ ਦੇ ਕਮਰਾ ਨੰਬਰ 13 ਵਿੱਚ ਇਲਾਜ ਅਧੀਨ ਸਨ।

# ਮਨਜੀਤ ਸਿੰਘ ਜੀਕੇ ਸਾਥੀਆਂ ਸਣੇ ਮੁੜ ਅਕਾਲੀ ਦਲ 'ਚ ਸ਼ਾਮਲ











ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਐਲਾਨ ਕੀਤਾ ਕਿ ਪਾਰਟੀ ਵੱਲੋਂ ਸਿੱਖ ਆਬਾਦੀ ਵਾਲੇ ਸਾਰੇ ਸੂਬਿਆਂ ਵਿੱਚ ਪਾਰਟੀ ਦੀਆਂ ਇਕਾਈਆਂ ਦਾ ਗਠਨ ਕੀਤਾ ਜਾਵੇਗਾ। ਉਨ੍ਹਾਂ ਇਹ ਐਲਾਨ ਸ੍ਰੀ ਪਟਨਾ ਸਾਹਿਬ ਤੇ ਮੁੰਬਈ ਦੀ ਸਿੱਖ ਸੰਗਤ ਨਾਲ ਪਾਰਟੀ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀ ਰਿਹਾਇਸ਼ ਵਿਖੇ ਕੀਤੀ ਮੀਟਿੰਗ ਉਪਰੰਤ ਕੀਤਾ। ਇਸੇ ਦੌਰਾਨ ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਆਪਣੇ ਸਾਥੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਰਾਣਾ ਸਮੇਤ ਸ਼ ?ੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਦਿੱਲੀ ਵਿਚ ਅਕਾਲੀ ਦਲ ਦੀ ਸਥਾਨਕ ਇਕਾਈ ਦੇ ਪ੍ਰਧਾਨ ਅਤੇ ਹੋਰ ਸੀਨੀਅਰ ਲੀਡਰਸ਼ਿਪ ਦੇ ਨਾਲ ਮਨਜੀਤ ਸਿੰਘ ਜੀਕੇ ਦੀ ਰਿਹਾਇਸ਼ ਵਿਖੇ ਪਹੁੰਚੇ। ਜ਼ਿਕਰਯੋਗ ਹੈ ਕਿ ਦਿੱਲੀ ਦੀ ਸੰਗਤ ਨੇ ਜਾਗੋ ਪਾਰਟੀ ਨੂੰ ਬਹੁਤਾ ਹੁੰਗਾਰਾ ਨਹੀਂ ਦਿੱਤਾ ਸੀ ਅਤੇ ਦਿੱਲੀ ਕਮੇਟੀ ਦੇ ਤਿੰਨ ਮੈਂਬਰ ਹੀ ਪਾਰਟੀ ਵੱਲੋਂ ਜਿੱਤ ਸਕੇ ਸਨ। ਬਾਦਲ ਨੇ ਕਿਹਾ ਕਿ ਪਾਰਟੀ ਦੀ ਇਕਾਈ ਦੇ ਗਠਨ ਸਬੰਧੀ ਅਕਾਲੀ ਦਲ ਦੀ ਇਕ ਕਮੇਟੀ 30 ਦਸੰਬਰ ਨੂੰ ਸ੍ਰੀ ਪਟਨਾ ਸਾਹਿਬ ਜਾਵੇਗੀ। ਕਮੇਟੀ ਨਾ ਸਿਰਫ ਉੱਥੇ ਸਥਾਨਕ ਸਿੱਖ ਸੰਗਤ ਨਾਲ ਮੀਟਿੰਗਾਂ ਕਰੇਗੀ ਬਲਕਿ ਇਕਾਈ ਸਥਾਪਤ ਕਰਨ ਲਈ ਲੋੜੀਂਦੇ ਪ੍ਰਬੰਧ ਵੀ ਕਰੇਗੀ। ਉਨ੍ਹਾਂ ਕਿਹਾ ਕਿ ਪਟਨਾ ਸਾਹਿਬ ਤੋਂ ਬਾਅਦ ਕਮੇਟੀ ਹੋਰ ਸੂਬਿਆਂ ਵਿੱਚ ਮੰਗ ਅਨੁਸਾਰ ਜਾਵੇਗੀ। ਅਜਿਹਾ ਸਿੱਖ ਕੌਮ ਵਿੱਚ ਪੰਥਕ ਏਕਤਾ ਕਰਵਾਉਣ ਦੇ ਮਕਸਦ ਨਾਲ ਕੀਤਾ ਜਾ ਰਿਹਾ ਹੈ।

## ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਕਮਿਸ਼ਨ ਵਚਨਬੱਧ: ਲਾਲਪੁਰਾ




ਲੁਧਿਆਣਾ : ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਹੈ ਕਿ '84 ਕਤਲੇਆਮ ਪੀੜਤਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਘੱਟ ਗਿਣਤੀ ਕਮਿਸ਼ਨ ਵਚਨਬੱਧ ਹੈ ਅਤੇ ਪੂਰੀ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਉਹ ਇੱਥੇ ਸੀਆਰਪੀ ਕਲੋਨੀ ਦੁੱਗਰੀ ਵਿੱਚ 1984 ਕਤਲੇਆਮ ਪੀੜਤ ਵੈੱਲਫੇਅਰ ਸੁਸਾਇਟੀ ਵੱਲੋਂ ਰੱਖੇ ਗਏ ਇਕ ਸਮਾਗਮ ਉਪਰੰਤ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਕਤਲੇਆਮ ਪੀੜਤ ਪਰਿਵਾਰਾਂ ਦੇ ਦੁੱਖੜੇ ਵੀ ਸੁਣੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਵਾਉਣ ਦਾ ਭਰੋਸਾ ਦਿੱਤਾ।

ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਸਾਰੇ ਸੂਬਿਆਂ ਨੂੰ '84 ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੇਣ ਸਬੰਧੀ ਉਠਾਏ ਗਏ ਕਦਮਾਂ ਅਤੇ ਕੀਤੀਆਂ ਗਈਆਂ ਕਾਰਵਾਈਆਂ ਬਾਰੇ 15 ਜਨਵਰੀ 2024 ਤੱਕ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਪੂਰੀ ਵਾਹ ਲਗਾਈ ਜਾਵੇਗੀ ਕਿਉਂਕਿ 39 ਸਾਲ ਬੀਤਣ ਤੋਂ ਬਾਅਦ ਵੀ ਸਬੰਧਤ ਪਰਿਵਾਰਾਂ ਨੂੰ ਨਾ ਤਾਂ ਸਰਕਾਰ ਵੱਲੋਂ ਐਲਾਨੀਆਂ ਗਈਆਂ ਸਹੂਲਤਾਂ ਮਿਲੀਆਂ ਹਨ ਅਤੇ ਨਾ ਹੀ ਇਨਸਾਫ਼ ਮਿਲਿਆ ਹੈ।

ਇਸ ਤੋਂ ਪਹਿਲਾਂ ਸੁਸਾਇਟੀ ਦੇ ਪ੍ਰਧਾਨ ਸੁਰਜੀਤ ਸਿੰਘ ਦੁੱਗਰੀ ਅਤੇ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਗੁਰਦੀਪ ਕੌਰ ਨੇ ਸ੍ਰੀ ਲਾਲਪੁਰਾ ਨੂੰ ਇੱਕ ਮੰਗ ਪੱਤਰ ਵੀ ਸੌਂਪਿਆ। ਇਸ ਰਾਹੀਂ ਮੰਗ ਕੀਤੀ ਗਈ ਕਿ ਪੀੜਤ ਪਰਿਵਾਰਾਂ ਨੂੰ ਮੁੜਵਸੇਬੇ ਲਈ ਪੰਜ-ਪੰਜ ਲੱਖ ਰੁਪਏ ਦੀ ਗਰਾਂਟ ਦਿੱਤੀ ਜਾਵੇ ਅਤੇ ਜਿਨ੍ਹਾਂ ਪਰਿਵਾਰਾਂ ਨੂੰ ਹੁਣ ਤੱਕ ਸਰਕਾਰ ਵੱਲੋਂ ਕੋਈ ਰਿਆਇਤ ਨਹੀਂ ਮਿਲੀ ਹੈ ਉਨ੍ਹਾਂ ਨੂੰ ਰਿਆਇਤਾਂ ਦਿੱਤੀਆਂ ਜਾਣ। ਇਸ ਮੌਕੇ ਹੋਰ ਮੰਗਾਂ ਦਾ ਵੀ ਜ਼ਿਕਰ ਕੀਤਾ ਗਿਆ। ਇਸ ਮੌਕੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਜੀਵਨ ਗੁਪਤਾ, ਬੁਲਾਰਾ ਗੁਰਦੀਪ ਸਿੰਘ ਗੋਸ਼ਾ, ਦਲਜੀਤ ਸਿੰਘ ਸੋਨੀ, ਇੰਦਰਪਾਲ ਸਿੰਘ ਵਿੱਕੀ ਹਾਜ਼ਰ ਸਨ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਣਗੇ ਵਿਸ਼ਾਲ ਸਮਾਗਮ

### *10 ਜਨਵਰੀ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਲਈ ਆਰੰਭ ਕੀਤਾ ਜਾਵੇਗਾ ਨਗਰ ਕੀਰਤਨ*



ਅੰਮ੍ਰਿਤਸਰ : ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਪੰਥਕ ਜਾਹੋ ਜਲਾਲ ਨਾਲ ਮਨਾਇਆ ਜਾਵੇਗਾ। ਇਸ ਸਬੰਧ ਵਿਚ 15 ਤੋਂ 17 ਜਨਵਰੀ 2024 ਤੱਕ ਵਿਸ਼ੇਸ਼ ਤੌਰ 'ਤੇ ਗੁਰਮਤਿ ਸਮਾਗਮ ਆਯੋਜਤ ਕੀਤੇ ਜਾਣਗੇ। ਸ਼ ?ੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਲੈ ਕੇ ਗਠਤ ਕੀਤੀ ਗਈ ਸਬ-ਕਮੇਟੀ ਦੀ ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਅੱਜ ਹੋਈ ਇਕੱਤਰਤਾ ਦੌਰਾਨ 17 ਜਨਵਰੀ ਨੂੰ ਮਨਾਏ ਜਾਣ ਵਾਲੇ ਪ੍ਰਕਾਸ਼ ਗੁਰਪੁਰਬ ਦੀ ਰੂਪ ਰੇਖਾ ਤੈਅ ਕੀਤੀ ਗਈ। ਇਕੱਤਰਤਾ 'ਚ ਲਏ ਫੈਸਲੇ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 17 ਜਨਵਰੀ ਨੂੰ ਵਿਸ਼ਾਲ ਗੁਰਮਤਿ ਸਮਾਗਮ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਸਮਾਗਮਾਂ ਦੀ ਆਰੰਭਤਾ 10 ਜਨਵਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਲਈ ਵਿਸ਼ਾਲ ਨਗਰ ਕੀਰਤਨ ਦੀ ਆਰੰਭਤਾ ਕਰਕੇ ਕੀਤੀ ਜਾਵੇਗੀ। ਇਹ ਨਗਰ ਕੀਰਤਨ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਸਜਾਇਆ ਜਾਵੇਗਾ, ਜੋ ਵੱਖ-ਵੱਖ ਪੜਾਵਾਂ ਮਗਰੋਂ 16 ਜਨਵਰੀ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸੰਪੰਨ ਹੋਵੇਗਾ। ਉਨ੍ਹਾਂ ਦੱਸਿਆ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ 15 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 17 ਜਨਵਰੀ ਨੂੰ ਭੋਗ ਉਪਰੰਤ ਪ੍ਰਕਾਸ਼ ਪੁਰਬ ਦਾ ਮੁੱਖ ਸਮਾਗਮ ਕੀਤਾ ਜਾਵੇਗਾ। ਭਾਈ ਮਹਿਤਾ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਦੌਰਾਨ ਤਖ਼ਤ ਸਾਹਿਬਾਨ ਦੇ ਜਥੇਦਾਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਪੰਥਕ ਜਥੇਬੰਦੀਆਂ ਦੇ ਨੁਮਾਇੰਦੇ, ਪੰਥ ਪ੍ਰਸਿੱਧ ਰਾਗੀ, ਕਥਾਵਾਚਕ, ਢਾਡੀ ਤੇ ਕਵੀਸ਼ਰ ਜਥੇ ਹਾਜ਼ਰੀ ਭਰਨਗੇ।

ਇਕੱਤਰਤਾ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਸ. ਮੋਹਨ ਸਿੰਘ ਬੰਗੀ, ਸ਼ ?ੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸ. ਨਵਤੇਜ ਸਿੰਘ ਕਾਉਣੀ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਅਵਤਾਰ ਸਿੰਘ ਵਣਵਾਲਾ, ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਇੰਚਾਰਜ ਸ. ਕਰਤਾਰ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੈਨੇਜਰ ਸ. ਰਣਜੀਤ ਸਿੰਘ ਹਾਜ਼ਰ ਸਨ।

## ਯੂਥ ਅਕਾਲੀ ਦਲ ਵੱਲੋਂ 'ਮੇਰੀ ਦਸਤਾਰ, ਮੇਰੀ ਸ਼ਾਨ' ਤਹਿਤ ਕੈਂਪ

ਚਮਕੌਰ ਸਾਹਿਬ : ਸ਼੍ਰੋਮਣੀ ਅਕਾਲੀ ਦਲ ਅਤੇ ਯੂਥ ਅਕਾਲੀ ਦਲ ਵਲੋਂ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਦੀਵਾਨ ਹਾਲ ਸਾਹਮਣੇ ਸਾਹਿਬਜ਼ਾਦਾ ਦੀ ਯਾਦ ਨੂੰ ਸਮਰਪਿਤ 'ਮੇਰੀ ਦਸਤਾਰ, ਮੇਰੀ ਸ਼ਾਨ' ਮੁਹਿੰਮ ਤਹਿਤ ਕੈਂਪ ਲਗਾਇਆ, ਜਿਸ ਵਿੱਚ ਨੌਜਵਾਨਾਂ ਨੂੰ ਸਿੱਖੀ ਵੱਲ ਪ੍ਰਫੁੱਲਿਤ ਕਰਨ ਲਈ ਦਸਤਾਰਾਂ ਭੇਟ ਕਰਦਿਆਂ ਦਸਤਾਰ ਦੀ ਅਹਿਮੀਅਤ ਤੋਂ ਜਾਣੂ ਕਰਵਾਇਆ ਗਿਆ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੇ ਸਿਆਸੀ ਸਕੱਤਰ ਅਮਨਦੀਪ ਸਿੰਘ ਮਾਂਗਟ ਨੇ ਦੱਸਿਆ ਕਿ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਹੇਠ ਲਗਾਏ ਗਏ ਇਸ ਕੈਂਪ ਦੀ ਸ਼ੁਰੂਆਤ ਅਰਦਾਸ ਕਰਨ ਉਪਰੰਤ ਕੀਤੀ ਗਈ। ਕੈਂਪ ਵਿੱਚ ਸੈਂਕੜੇ ਨੌਜਵਾਨ ਸ਼ਾਮਲ ਹੋਏ, ਜਿਨ੍ਹਾਂ ਵਿਚੋਂ 400 ਦੇ ਕਰੀਬ ਨੌਜਵਾਨਾਂ ਨੇ ਮੁੜ ਕੇਸ ਰੱਖ ਕੇ ਦਸਤਾਰ ਸਜਾਉਣ ਦਾ ਪ੍ਰਣ ਕੀਤਾ। ਹਲਕਾ ਇੰਚਾਰਜ ਕਰਨ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ ਸਿਆਸੀ ਸਕੱਤਰ ਅਮਨਦੀਪ ਸਿੰਘ ਮਾਂਗਟ ਅਤੇ ਬਲਦੇਵ ਸਿੰਘ ਹਾਫਿਜ਼ਾਬਾਦ ਨੇ ਦੱਸਿਆ ਕਿ ਇਹ ਕੈਂਪ ਦੋ ਦਿਨਾਂ ਲਈ ਲਗਾਇਆ ਗਿਆ ਸੀ, ਜਿਸ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼ਮੂਲੀਅਤ ਕਰਕੇ ਨੌਜਵਾਨਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਐਡ ਸਿਮਰਨਜੀਤ ਸਿੰਘ ਚੰਦੂਮਾਜਰਾ, ਬਾਈ ਪਰਮਿੰਦਰ ਸਿੰਘ ਸੇਖੋਂ, ਅਜਮੇਰ ਸਿੰਘ ਖੇੜਾ, ਲਖਵੀਰ ਸਿੰਘ ਲੱਖੀ ਹਾਜ਼ਰ ਸਨ।




2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ
ਪੰਜਾਬੀ ਬੋਲੀ, ਪੰਜਾਬੀ ਕਲਚਰ, ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ
ਗੁਰਦੁਆਰਾ ਸਾਹਿਬ ਯੁਬਾ ਸਿਟੀ ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸੀਨੀਅਰ ਸਿੱਖ ਆਗੂ
ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ


HAPPY
NEW YEAR
2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਸਿੱਖ ਪੰਥ ਦੇ ਨਿਸ਼ਕਾਮ ਸੇਵਾਦਾਰ ਅਮਰੀਕਾ ਦੇ ਉਘੇ ਸਿੱਖ ਆਗੂ
ਕੈਲੀਫੋਰਨੀਆ ਦੇ ਉਘੇ ਸਿੱਖ ਫਾਰਮਰ ਤੇ ਗਿੱਲ ਫਾਰਮ ਦੇ ਮਾਲਕ
ਸ੍ਰ. ਦਲਬੀਰ ਸਿੰਘ ਗਿੱਲ, ਸ੍ਰ. ਪਰਮਜੀਤ ਸਿੰਘ ਗਿੱਲ, ਸ੍ਰ. ਗੁਰਮੀਤ ਸਿੰਘ ਗਿੱਲ

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਤੇ ਵਿਸ਼ਵ ਵਿੱਚ ਵਸਦਾ ਸਿੱਖ ਭਾਈਚਾਰਾ

ਸਮਾਜਿਕ ਕੁਰੀਤੀਆਂ ਨੂੰ ਹੱਲਾ ਸ਼ੇਰੀ ਦੇਣ ਵਾਲੀਆਂ ਪਰੰਪਰਾਵਾਂ ਦੇ ਚਲਣ ਨੂੰ ਰੋਕਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦੂਸਰੇ ਸਿੱਖ ਤਖ਼ਤ ਸਾਹਿਬਾਨਾਂ ਤੋਂ ਹੁਕਮ, ਅਦੇਸ਼, ਸੰਦੇਸ਼ ਹੁੰਦੇ ਆਏ ਹਨ। ਲੱਕ ਤੋੜ ਆਰਥਿਕ ਪੱਖੋਂ ਮਹਿੰਗੀਆਂ ਫਜ਼ੂਲ ਦੀਆਂ ਰਸਮਾਂ, ਗਿਣਤੀ ਪੱਖੋਂ ਬੇਲੋੜੀ ਬਰਾਤ ਦਾ ਮਾਮਲਾ ਚਾਹੇ ਵੱਧ ਚੜ੍ਹ ਕੇ ਦਾਜ ਦਹੇਜ ਦੇਣ ਅਤੇ ਫੋਕੀ ਸੋਹਰਤ ਲਈ ਮਹਿੰਗੇ ਪੈਲਸਾਂ ਦੀ ਬਾਤ ਸੀ, ਆਦਿ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨਿਗ੍ਹਾ ਰੱਖਦਾ ਰਿਹਾ ਹੈ। ਅੱਜ ਸਮਾਜ ਨੂੰ ਹੜੱਪ ਜਾਣ ਵਾਲੀਆਂ ਕੁਰੀਤੀਆਂ ਪੂਰੇ ਜ਼ੋਰ ਸ਼ੋਰ ਨਾਲ ਸਾਡੇ ਸਮਾਜ ਨੂੰ ਮੂੰਹ ਚਿੜਾ ਰਹੀਆਂ ਹਨ।

ਪੰਜਾਬ ਤੇ ਹੋਰਨਾਂ ਸੂਬਿਆਂ ਵਿਚੋਂ ਪੈਸੇ ਦੀ ਹੋੜ ਖਾਤਰ ਪਹਿਲਾਂ ਆਪਣਾ ਘਰ ਬਾਹਰ ਜ਼ਮੀਨ ਵੇਚ, ਨੌਜਵਾਨੀ ਏਥੋਂ ਵਿਦੇਸ਼ਾਂ 'ਚ ਪੜ੍ਹਾਈ ਕਰਨ ਦੇ ਬਹਾਨੇ ਭਜ ਰਹੀ ਹੈ। ਏਥੇ ਜੀਵਨ ਸੁਰੱਖਿਅਤ ਤੇ ਰੁਜ਼ਗਾਰਮਈ ਨਹੀਂ ਹੈ। ਭਵਿੱਖ ਧੁੰਦਲਾ ਨਜ਼ਰ ਆਉਂਦਾ ਹੈ। ਕੰਗਾਲੀ ਹਲਾਤਾਂ ਦੀ ਸ਼ਿਕਾਰ ਵੇਹਲੀ ਨੌਜਵਾਨੀ ਨਸ਼ਿਆਂ ਦੀ ਲਪੇਟ 'ਚ ਬੁਰੀ ਤਰ੍ਹਾਂ ਧਸ ਗਈ ਤੇ ਧਸ ਰਹੀ ਹੈ। ਸਿੱਖ ਭਾਈਚਾਰੇ ਦਾ ਜੀਵਨ ਮਰਯਾਦਾ ਤੋਂ ਭਟਕ ਰਿਹਾ ਹੈ ਜਿਸ ਕਾਰਨ ਖ਼ਜਲਖੁਆਰੀ, ਅਸੰਤੁਸਟਤਾ, ਬੇਚੈਨੀ, ਹਨੇਰਾ ਬਣ ਘੇਰ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋ ਰਹੇ ਹੁਕਮ ਅਦੇਸ਼ ਸੰਦੇਸ਼ਾਂ ਨੂੰ ਅਸਲ ਰੂਪ ਵਿੱਚ ਸਿੱਖ ਭਾਈਚਾਰਾ ਉਸ ਦੀ ਪਾਲਣਾ ਕਰਨ ਤੋਂ ਅਵੇਸਲਾ ਹੈ। ਬਹੁਤ ਸਾਰੇ ਅਜਿਹੇ ਹੁਕਮ-ਅਦੇਸ-ਸੰਦੇਸ਼ ਜਾਰੀ ਹੋਏ ਜੋ ਸਮਾਜਿਕ ਜੀਵਨ ਨੂੰ ਗੁਰਮਤਿ ਅਨੁਸਾਰੀ ਲੀਹ ਉਪਰ ਲਿਆਉਣ ਲਈ ਬਲਵਾਨ ਜੀਵਨ ਦਾ ਰਾਹ ਦਸੇਰਾ ਹਨ ਪਰ ਸਿੱਖ ਆਨੇ ਬਹਾਨੇ ਇਨ੍ਹਾਂ ਤੋਂ ਭੱਜ ਰਿਹਾ ਹੈ। ਵਿਸ਼ਵ ਦਾ ਸਮੁੱਚਾ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਆਪਣੇ ਜੀਵਨ ਨੂੰ ਸੁਖਦ ਤੇ ਗੁਰਮਤਿ ਅਨੁਸਾਰੀ ਬਨਾਉਣਾ ਚਾਹੁੰਦਾ ਹੈ ਪਰ ਧਕੜ ਰਾਜਸੀ ਦਲ ਕਿਤੇ ਨਾ ਕਿਤੇ ਅਵੱਗਿਆ ਕਰਕੇ ਅਜਿਹੇ ਪੈਂਤੜੇ ਤਿਆਰ ਕਰ ਲੈਂਦੇ ਹਨ ਜਿਸ ਕਾਰਨ ਮਰਯਾਦਾ ਦਬ ਕੇ ਰਹਿ ਜਾਂਦੀ ਹੈ। ਇਸ ਦਾ ਪ੍ਰਭਾਵ ਹਰੇਕ ਸਿੱਖ ਤੇ ਪਰਛਾਵੇਂ ਵਾਂਗ ਪੈਂਦਾ ਹੈ।

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵਿਖੇ 13-12-2023 ਨੂੰ ਪੰਜ ਪਿਆਰੇ ਸਾਹਿਬਾਨ ਵੱਲੋਂ ਗੁਰਮਤਾ ਕੀਤਾ ਗਿਆ ਹੈ ਕਿ ਹਰ ਇੱਕ ਗੁਰਸਿੱਖ ਮਾਈ-ਭਾਈ ਆਪਣੇ ਜੀਵਨ ਦੇ ਸਾਰੇ ਕਾਰਜ ਸਿੱਖ ਰਹੁਰੀਤ ਅਤੇ ਮਰਯਾਦਾ ਅਨੁਸਾਰ ਕਰੇ। ਆਮ ਵੇਖਣ ਵਿੱਚ ਆ ਰਿਹਾ ਹੈ ਕਿ ਵਿਆਹ ਕਾਰਜਾਂ ਦੇ ਸੱਦੇ ਪੱਤਰ ਕਾਰਡਾਂ ਉਤੇ ਬੱਚੇ-ਬੱਚੀ ਦੇ ਅਧੂਰੇ ਨਾਮ ਲਿਖੇ ਜਾਂਦੇ ਹਨ, ਜੋ ਕਿ ਬਿਲਕੁਲ ਗਲਤ ਹੈ। ਲਾਵਾਂ ਫੇਰੇ (ਅਨੰਦ ਕਾਰਜਾਂ) ਦੇ ਸਮੇਂ ਬੱਚੀ ਨੂੰ ਮਹਿੰਗੀ ਤੋਂ ਮਹਿੰਗੀ ਫੈਸ਼ਨੇਬਲ ਡਰੈਸ ਘਗਰਾ ਲਹਿੰਗਾ ਆਦਿ ਪਹਿਨਾਇਆ ਜਾਂਦਾ ਹੈ ਜੋ ਇਕ ਗਲਤ ਪ੍ਰਥਾ ਬਣਦੀ ਜਾ ਰਹੀ ਹੈ। ਪੰਜ ਪਿਆਰੇ ਸਾਹਿਬਾਨ ਦੀ ਇੱਕਤ੍ਰਤਾ ਵਿੱਚ ਸਰਵ ਸੰਮਤੀ ਨਾਲ ਇਹ ਮੱਤਾ ਪਾਸ ਕੀਤਾ ਗਿਆ ਹੈ ਕਿ ਵਿਆਹ ਕਾਰਜਾਂ ਦੇ ਸਮੇਂ ਕਾਰਡਾਂ ਉਤੇ ਅਤੇ ਅੰਦਰ ਬੱਚੇ-ਬੱਚੀ ਦਾ ਪੂਰਾ ਨਾਮ ਸਿੰਘ ਤੇ ਕੌਰ ਸਹਿਤ ਛਪਾਇਆ ਜਾਵੇ। ਲਾਵਾਂ ਫੇਰੇ ਸਮੇਂ ਬੱਚੀ ਨੂੰ ਸਲਵਾਰ ਕਮੀਜ ਵਾਲਾ ਸੰਪੂਰਨ ਸੂਟ ਪਹਿਨਾਇਆ ਜਾਵੇ। ਤਾਂ ਜੋ ਉਹ ਲਾਵਾਂ ਪੂਰੀ ਮਰਯਾਦਾ ਅਨੁਸਾਰ ਕਰ ਸਕਣ।

ਲਾਵਾਂ ਫੇਰੇ ਦੇ ਲਈ ਲਿਆਉਣ ਸਮੇਂ ਗੁਰੂ ਜੀ ਦੀ ਹਾਜ਼ਰੀ ਵਿੱਚ ਬੱਚੀ ਬੱਚੇ ਦੇ ਉਪਰ ਚੁੰਨੀ ਤਾਣ ਕੇ ਜਾਂ ਫੁੱਲਕਾਰੀ ਦਾ ਛਤਰ ਬਣਾਕੇ ਨਾ ਲਿਆਂਦਾ ਜਾਵੇ।



ਹਰ ਗੁਰਸਿੱਖ ਨੂੰ ਇਸ ਮੱਤੇ ਉਪਰ ਅਮਲ ਕਰਨਾ ਚਾਹੀਦਾ ਹੈ, ਹੁਕਮ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਗੁਰਮੱਤੇ ਤੋਂ ਉਲਟ ਜੋ ਕੋਈ ਵੀ ਜਾਵੇਗਾ ਤਾਂ ਉਸਦੇ ਉੱਤੇ ਸਖਤ ਕਾਰਵਾਈ ਕੀਤੀ ਜਾਵੇਗੀ। ਸਮੂੰਹ ਗੁਰਸਿੱਖ ਮਾਈ-ਭਾਈ ਨੂੰ ਗੁਰਮੱਤੇ ਦੀ ਪਾਲਨਾ ਕਰਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਦੇ ਪਾਤਰ ਬਣਨ ਦੀ ਪ੍ਰੇਰਨਾ ਭਰਿਆ ਹੁਕਮ ਹੈ। ਜਿਹੜੀ ਇਸ ਵੇਲੇ ਲਹਿੰਗਾ ਲੜਕੀ ਅਨੰਦ ਕਾਰਜਾਂ ਵੇਲੇ ਪਹਿਨਦੀ ਹੈ ਉਹ ਇੱਕ ਲੱਖ ਤੋਂ ਸਵਾ ਲੱਖ ਦੀ ਰਾਸ਼ੀ ਵਿੱਚ ਤਿਆਰ ਹੁੰਦਾ ਹੈ, ਕਰਾਏਪੁਰ 15 ਹਜ਼ਾਰ ਤੋਂ ਵੀਹ ਹਜ਼ਾਰ ਤੀਕ ਮਿਲਦਾ ਹੈ। ਫਿਰ ਏਨਾ ਭਾਰਾ ਤੇ ਬੋਜਲ ਹੁੰਦਾ ਹੈ ਕਿ ਬੱਚੀ ਇਸ ਨੂੰ ਸੰਭਾਲਣ ਵਿਚ ਹੀ ਲਗੀ ਰਹਿੰਦੀ ਹੈ ਬੈਠਣ ਉਠਣ ਵਿਚ ਵੀ ਕਾਫੀ ਦਿਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਫਜ਼ੂਲ ਦਾ ਫੈਸ਼ਨ ਲਾਵਾਂ ਦਾ ਮਕਸਦ ਹੀ ਭੁਲਾ ਦੇਂਦਾ ਹੈ ਇਸ ਤੋਂ ਸਖ਼ਤੀ ਨਾਲ ਬਚਣ ਤੇ ਤਖ਼ਤ ਸਾਹਿਬ ਤੋਂ ਹੋਏ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਹੁਕਮ, ਅਦੇਸ਼, ਸੰਦੇਸ਼ ਨੂੰ ਇਕ ਪੁਸਤਕ ਵਿੱਚ ਡਾ. ਰੂਪ ਸਿੰਘ ਨੇ ਸੰਗ੍ਰਹਿ ਕੀਤਾ ਹੈ, ਜੋ ਯਾਦਗਾਰੀ ਕਾਰਜ ਹੈ। ਉਸ ਦੇ ਹਵਾਲੇ ਨਾਲ ਪਾਠਕਾਂ ਨਾਲ ਸਾਂਝ ਪਾ ਰਿਹਾ ਹਾਂ।

ਏਸੇ ਤਰ੍ਹਾਂ 16-3-1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜ਼ਾਰੀ ਕੀਤਾ ਗਿਆ। ਮੈਰਿਜ ਪੈਲਸ ਅਤੇ ਹੋਟਲਾਂ ਵਿਚ ਆਨੰਦ ਕਾਰਜ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਮੁੱਖ ਰੱਖਦੇ ਹੋਏ ਕਿਸੇ ਵੀ ਮੈਰਿਜ ਪੈਲਸ ਜਾਂ ਹੋਟਲ ਵਿਚ ਸਿੱਖ ਸੰਗਤਾਂ ਆਨੰਦ ਕਾਰਜ ਦੀ ਰਸਮ ਨਾ ਕਰਵਾਉਣ ਅਤੇ ਖ਼ਾਸ ਕਰਕੇ ਗ੍ਰੰਥੀ ਸਿੰਘ, ਰਾਗੀ ਸਿੰਘ ਅਤੇ ਸਾਰੇ ਪ੍ਰਬੰਧਕਾਂ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਉਹ ਕਿਸੇ ਵੀ ਐਸੀ ਰਸਮ ਵਿਚ ਹਿੱਸਾ ਨਾ ਲੈਣ ਜੋ ਮੈਰਿਜ ਪੈਲਸ ਅਤੇ ਹੋਟਲਾਂ ਵਿਚ ਹੋ ਰਹੀ ਹੋਵੇ। ਜੋ ਸੱਜਣ ਇਸ ਆਦੇਸ਼ ਦੀ ਉਲੰਘਣਾ ਕਰੇਗਾ, ਉਸ ਵਿਰੁੱਧ ਪੰਥਕ ਮਰਯਾਦਾ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕਾਰਵਾਈ ਕੀਤੀ ਜਾਵੇਗੀ। ਆਪਣੇ ਘਰਾਂ ਜਾਂ ਹੋਰ ਅਸਥਾਨਾਂ 'ਤੇ ਕਿਸੇ ਵੀ ਖ਼ੁਸ਼ੀ ਗਮੀ ਦੇ ਸਮਾਗਮ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਅਤੇ ਪੰਥਕ ਮਰਯਾਦਾ ਦਾ ਪੂਰੀ ਸੁਚੇਤਤਾ ਨਾਲ ਪਾਲਣ ਕੀਤਾ ਜਾਵੇ।

ਖਾਲਸੇ ਦੀ ਸਿਰਜਨਾ ਦੀ ਤੀਸਰੀ ਸ਼ਤਾਬਦੀ ਵਰ੍ਹੇ ਤੋਂ ਪਹਿਲਾਂ ਮਿਤੀ: 20-4-1998 ਨੂੰ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੰਘ ਸਾਹਿਬਾਨ ਦੀ ਵਿਸ਼ੇਸ਼ ਇਕੱਤਰਤਾ ਹੋਈ ਜਿਸ ਵਿੱਚ ਪਿਛਲੇ ਲੰਮੇ ਸਮੇਂ ਤੋਂ ਦੇਸ਼-ਵਿਦੇਸ਼ ਵਿਚ ਗੁਰੂ ਘਰ ਦੇ ਲੰਗਰ ਵਿਚ ਕੁਰਸੀਆਂ 'ਤੇ ਬੈਠ ਕੇ ਲੰਗਰ ਛਕਣ ਜਾਂ ਜ਼ਮੀਨ 'ਤੇ ਬੈਠ ਕੇ ਲੰਗਰ ਛਕਣ ਪ੍ਰਤੀ ਚੱਲ ਰਹੇ ਵਾਦ-ਵਿਵਾਦ 'ਤੇ ਵਿਆਪਕ ਵਿਚਾਰ-ਚਰਚਾ ਕੀਤੀ ਗਈ। ਉਪਰੰਤ ਇਹ ਫ਼ੈਸਲਾ ਲਿਆ ਗਿਆ ਕਿ ਗੁਰੂ ਸਾਹਿਬਾਨ ਵੱਲੋਂ ਕਾਇਮ ਕੀਤੀ ਗਈ ਸੰਗਤ ਤੇ ਪੰਗਤ ਦੀ ਮਰਯਾਦਾ ਨੂੰ ਸ਼ਰਧਾ ਸਤਿਕਾਰ ਨਾਲ ਹਰ ਹੀਲੇ ਕਾਇਮ ਰੱਖਿਆ ਜਾਵੇ। ਸਮੂੰਹ ਧਾਰਮਿਕ ਸ਼੍ਰੇਣੀ ਵਿਚ ਸੇਵਾ ਨਿਭਾਉਣ ਵਾਲੇ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਤੇ ਸਮੂੰਹ ਸੰਸਥਾਵਾਂ ਦੇ ਪ੍ਰਬੰਧਕਾਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਆਦੇਸ਼ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਗੁਰੂ ਕੇ ਲੰਗਰ ਦਾ ਪ੍ਰਸ਼ਾਦਾ ਕੇਵਲ ਪੰਗਤ ਵਿਚ ਜ਼ਮੀਨ 'ਤੇ ਬੈਠ ਕੇ ਹੀ ਛਕਣ ਤੇ ਛਕਾਉਣ ਦੀ ਮਰਯਾਦਾ ਕਾਇਮ ਰੱਖੀ ਜਾਵੇ।

ਇਸ ਉਦੇਸ਼ ਦੀ ਉਲੰਘਣਾ ਹੋਣ 'ਤੇ ਸੰਬੰਧਤ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਤੇ ਪ੍ਰਬੰਧਕ ਬਰਾਬਰ ਦੇ ਜ਼ੁੰਮੇਵਾਰ ਹੋਣਗੇ ਅਤੇ ਉਨ੍ਹਾਂ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਮਰਯਾਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਵੀ ਕਿਹਾ ਗਿਆ ਕਿ ਸਮੂੰਹ ਗੁਰਸਿੱਖ ਸੰਗਤਾਂ ਇਸ ਮਰਯਾਦਾ ਨੂੰ ਲਾਗੂ ਕਰਨ ਤੇ ਕਰਵਾਉਣ ਲਈ ਹਰ ਤਰ੍ਹਾਂ ਦੀ ਧੜੇਬੰਦੀ ਤੇ ਪੱਖ-ਪਾਤ ਤੋਂ ਉਪਰ ਉਠ ਕੇ ਸਹਿਯੋਗ ਦੇਣ। ਜਿਹੜੀ ਪਰੰਪਰਾ ਵਿਚ ਢਿਲ ਪੈ ਜਾਵੇ ਉਹ ਬਹੁਤਾ ਸਮਾਂ ਸੁਰਜੀਤ ਨਹੀਂ ਰਹਿ ਸਕਦੀ।

ਸਿੱਖਾਂ ਵਿੱਚ ਵਧਦੀ ਭਰੂਣ ਹੱਤਿਆਂ ਦੀ ਹੋੜ ਨੂੰ ਰੋਕਣ ਲਈ 18-4-2001 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ



ਦਿਲਜੀਤ ਸਿੰਘ ਬੇਦੀ
+91 98148 98570

ਕੌਮ ਦੇ ਨਾਮ ਸੰਦੇਸ਼ ਜਾਰੀ ਕੀਤਾ ਗਿਆ ਕਿ ਸਿੱਖ ਧਰਮ ਇਕ ਵਿਗਿਆਨਕ ਅਤੇ ਸਰਬੱਤ ਦੇ ਭਲੇ ਦੇ ਅਗਾਂਹ-ਵਧੂ ਫ਼ਲਸਫ਼ੇ ਵਾਲਾ ਧਰਮ ਹੋਣ ਕਰਕੇ ਗੁਰੂ ਸਾਹਿਬਾਨ ਨੇ ਇਸਤਰੀ ਜਾਤੀ ਨੂੰ ਮਨੁੱਖੀ ਸਮਾਜ ਵਿਚ



ਅਤਿ ਸਤਿਕਾਰ ਭਰਿਆ ਰੁਤਬਾ ਬਖ਼ਸ਼ਿਆ ਹੈ। ਇਸਤਰੀ ਜਾਤੀ ਨਾਲ ਹੁੰਦੇ ਵਿਤਕਰੇ ਤੇ ਨਿਰਾਦਰ ਨੂੰ ਵੇਖ ਕੇ ਹੀ ਗੁਰੂ ਨਾਨਕ ਦੇਵ ਜੀ ਨੇ ਬੁਲੰਦ ਆਵਾਜ਼ ਵਿਚ 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦਾ ਫ਼ੁਰਮਾਨ ਕੀਤਾ ਸੀ । ਸਿੱਖ ਇਤਿਹਾਸ ਵਿਚ ਇਸੇ ਵਿਚਾਰ ਦਾ ਹੀ ਅਸਲੀ ਰੂਪ ਮਾਤਾ ਖੀਵੀ ਜੀ ਵੱਲੋਂ ਲੰਗਰ ਦੀ ਜ਼ਿੰਮੇਵਾਰੀ ਅਤੇ ਖ਼ਾਲਸਾ ਸਾਜਨਾ ਸਮੇਂ ਮਾਤਾ ਸਾਹਿਬ ਕੌਰ ਜੀ ਵੱਲੋਂ ਅੰਮ੍ਰਿਤ ਦੇ ਬਾਟੇ ਵਿਚ ਪਤਾਸੇ ਪਾਉਣ ਦੇ ਕੌਤਕ ਰਾਹੀਂ ਨਜ਼ਰ ਆਉਂਦਾ ਹੈ।

ਸਿੱਖ ਰਹਿਤਨਾਮਿਆਂ ਅਤੇ ਸਿੱਖ ਰਹਿਤ ਮਰਯਾਦਾ ਵਿਚ ਕੁੜੀ-ਮਾਰ ਨਾਲ ਰੋਟੀ- ਬੇਟੀ ਦੀ ਸਾਂਝ ਨਾ ਰੱਖਣ ਦਾ ਆਦੇਸ਼ ਵੀ ਇਸੇ ਵਿਚਾਰਧਾਰਾ ਦਾ ਹੀ ਹਿੱਸਾ ਹੈ। ਅੱਜ ਗਰਭ ਵਿਚ ਪਲ ਰਹੇ ਬੱਚੇ ਦੀ ਤੰਦਰੁਸਤੀ ਜਾਚਣ ਲਈ ਸਿਹਤ ਵਿਗਿਆਨੀਆਂ ਵੱਲੋਂ ਕੀਤੀ ਖੋਜ ਦੀ ਦੁਰਵਰਤੋਂ ਕਰ ਕੇ ਗਰਭ ਟੈਸਟ ਰਾਹੀਂ ਲੜਕੀ ਦਾ ਪਤਾ ਲੱਗਣ 'ਤੇ ਬਹੁਤ ਸਾਰੇ ਨਾ-ਸਮਝ ਲੋਕਾਂ ਵੱਲੋਂ ਭਰੂਣ ਹੱਤਿਆ ਕਰ ਦਿੱਤੀ ਜਾਂਦੀ ਹੈ। ਇਸ ਰੁਝਾਨ ਦੇ ਦਿਨੋ-ਦਿਨ ਵਧਣ ਕਰਕੇ ਜਿਥੇ ਮਨੁੱਖੀ ਰੂਹ ਦੇ ਇਸਤਰੀ-ਜਾਮੇ ਦਾ ਅਪਮਾਨ ਕੀਤਾ ਜਾ ਰਿਹਾ ਹੈ ਉਥੇ ਨਾਲ ਹੀ ਪੁਰਖਾਂ ਦੇ ਮੁਕਾਬਲੇ ਇਸਤਰੀਆਂ ਦੀ ਨਿਤਾ ਪ੍ਰਤੀ ਘੱਟ ਰਹੀ ਗਿਣਤੀ ਕਾਰਨ ਅਣਸੁਖਾਵੀਂ ਸਮਾਜਿਕ ਸਥਿਤੀ ਬਣਦੀ ਜਾ ਰਹੀ ਹੈ। ਸਿੱਖ ਸੰਗਤਾਂ ਅਤੇ ਵਿਚਾਰਵਾਨਾਂ ਵੱਲੋਂ ਇਸ ਸੰਬੰਧੀ ਚਿੰਤਾ ਪ੍ਰਗਟ ਕਰਨ ਵਾਲੇ ਪੱਤਰ ਸਿੰਘ ਸਾਹਿਬਾਨ ਪਾਸ ਨਿਰੰਤਰ ਪਹੁੰਚ ਰਹੇ ਹਨ। ਇਸ ਅਣਮਨੁੱਖੀ, ਅਨੈਤਿਕ ਅਤੇ ਅਧਾਰਮਿਕ ਬਿਰਤੀ ਨੂੰ ਠੱਲ੍ਹ ਪਾਉਣ ਲਈ ਪੰਜ ਸਿੰਘ ਸਾਹਿਬਾਨ ਵੱਲੋਂ ਗੁਰਮਤਿ ਵਿਚਾਰਧਾਰਾ ਦੀ ਰੋਸ਼ਨੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੁੱਚੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਕੋਈ ਵੀ ਗੁਰਸਿੱਖ ਮਾਈ ਭਾਈ ਮਾਤਾ ਦੇ ਗਰਭ ਵਿਚ ਲੜਕੀ ਦਾ ਪਤਾ ਲੱਗਣ 'ਤੇ ਭਰੂਣ ਹੱਤਿਆ ਦਾ ਮਨਮੁਖੀ ਕਾਰਾ ਨਾ ਕਰੋ। ਸਿੱਖ ਰਹਿਤ ਮਰਯਾਦਾ ਅਨੁਸਾਰ ਐਸਾ ਕਰਨ ਵਾਲਾ ਵਿਅਕਤੀ ਤਨਖਾਹੀਆ ਹੈ। ਬਾਕੀ ਮਨੁੱਖੀ ਭਾਈਚਾਰੇ ਨੂੰ ਵੀ ਸਾਡਾ ਇਹੋ ਹੀ ਸੰਦੇਸ਼ ਹੈ ਕਿ ਅਸੀਂ ਸਾਰੇ ਆਪਣੇ ਪ੍ਰਭੂ ਪਿਤਾ ਦੇ ਸਾਜੇ ਹੋਏ ਮਨੁੱਖੀ ਸਰੀਰਕ ਜਾਮਿਆਂ ਦਾ ਇਸਤਰੀ ਪੁਰਸ਼ ਦੇ ਵਖਰੇਵੇਂ ਤੋਂ ਉਪਰ ਉਠ ਕੇ ਇੱਕੋ ਜਿਹਾ ਮਾਨ-ਸਤਿਕਾਰ ਕਰੀਏ।

ਸਪੀਕਰਾਂ ਰਾਹੀਂ ਉਚੀ ਸ਼ੋਰਦਾਰ ਅਵਾਜ਼ ਪ੍ਰਦੂਸ਼ਣ ਨੂੰ ਠੱਲਣ ਲਈ 23-11-2005 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤਾ ਗਿਆ ਇੱਕ ਵਿਸ਼ੇਸ਼ ਆਦੇਸ਼ ਜਿਸ ਵਿਚ ਸਿੱਖ ਸੰਗਤਾਂ ਨੂੰ ਕੀਰਤਨ, ਕਥਾ ਅਤੇ ਗੁਰਬਾਣੀ ਸੁਣਾਏ ਜਾਣ ਲਈ ਗੁਰਦੁਆਰਾ ਸਾਹਿਬਾਨ ਵਿਚ ਲਗਾਏ ਗਏ ਲਾਊਡ ਸਪੀਕਰਾਂ ਦੀਆਂ ਉੱਚੀਆਂ ਆਵਾਜਾਂ ਬਾਰੇ ਵਿਦਿਆਰਥੀਆਂ, ਰੋਗੀਆਂ, ਮਨੋ-ਵਿਗਿਆਨੀਆਂ, ਸਿਹਤ ਵਿਗਿਆਨੀਆਂ ਅਤੇ ਵੱਖ ਵੱਖ ਖੇਤਰ ਵਿਚ ਵਿਚਰ ਰਹੇ ਵਿਅਕਤੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜ ਰਹੀਆਂ ਪੱਤ੍ਰਿਕਾਵਾਂ ਦੇ ਮੱਦੇ-ਨਜ਼ਰ ਸਮੂਹ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਉਹ ਗੁਰੂ ਘਰਾਂ ਵਿਚ ਲਾਊਡ ਸਪੀਕਰਾਂ ਦੀ ਆਵਾਜ ਸਮਾ ਨਿਰਧਾਰਤ ਕਰਨ। ਉਹ ਅਜਿਹੇ ਪ੍ਰਬੰਧ ਯਕੀਨੀ ਬਣਾਉਣ ਕਿ ਵਿਸ਼ੇਸ਼ ਦਿਹਾੜਿਆਂ ਅਤੇ ਗੁਰਮਤਿ ਸਮਾਗਮਾਂ ਤੋਂ ਇਲਾਵਾ ਲਾਊਡ ਸਪੀਕਰਾਂ ਦੀ ਆਵਾਜ਼ ਗੁਰਦੁਆਰਾ ਸਾਹਿਬਾਨ ਦੀ ਹਦੂਦ ਅੰਦਰ ਹੀ ਸੀਮਤ ਰਹੇ ਦਾ ਅਦੇਸ਼ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਕਿਵੇਂ ਸੰਗਤਾਂ ਕਾਇਮ ਰੱਖਣ ਅਤੇ ਵਿਦੇਸ਼ਾਂ ਵਿਚ ਸਿੱਖਾਂ ਨੂੰ ਅਰਬੀ ਤੇ ਮੁਸਲਮਾਨ ਭਾਈਚਾਰੇ ਨਾਲ ਮੇਲ ਕੇ ਜੋ ਹਮਲੇ ਹੁੰਦੇ ਹਨ ਸਬੰਧੀ 18-4-2001 ਨੂੰ ਇਕ ਹੋਰ ਦਿਸ਼ਾ ਨਿਰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਜਿਸ ਵਿਚ ਦੇਸ਼ ਵਿਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਵਿਦਿਤ ਕੀਤਾ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਸਤਿਕਾਰ ਰੱਖਣਾ ਹਰ ਪ੍ਰਾਣੀ ਦਾ ਮੁੱਢਲਾ ਫ਼ਰਜ਼ ਬਣਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਤੇ ਜਾਂਦੇ ਸਮਾਗਮ ਜਾਂ ਨਗਰ ਕੀਰਤਨ ਸਮੇਂ ਕਈ ਵਾਰ ਪ੍ਰੇਮੀ ਜਨ ਅਤੇ ਪ੍ਰਬੰਧਕ ਜਾਣੇ-ਅਣਜਾਣੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਐਸੀਆਂ ਥਾਵਾਂ ਜਾਂ ਉਸ ਹਾਲ ਵਿਚ ਲੈ ਜਾਂਦੇ ਹਨ, ਜਿਥੇ ਸ਼ਰਾਬ ਜਾ ਤੰਬਾਕੂ ਦੀ ਮੌਜੂਦਗੀ ਹੁੰਦੀ ਹੈ ਜਾਂ ਸ਼ਰਾਬ, ਤੰਬਾਕੂ ਸੇਵਨ ਕਰਨ ਵਾਲੀ ਆਮ ਜਗ ?ਹਾ ਹੁੰਦੀ ਹੈ। ਇਸ ਨਾਲ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੁੰਦੀ ਹੈ ਅਤੇ ਸ਼ਰਧਾਲੂ ਸਿੱਖ ਸੰਗਤਾਂ ਦੇ ਮਨ ਨੂੰ ਭਾਰੀ ਠੇਸ ਪਹੁੰਚਦੀ ਹੈ। ਸਿੱਖ ਧਰਮ ਵਿਚ ਇਸ ਦੀ ਸਖ਼ਤ ਮਨਾਹੀ ਹੈ। ਇਸ ਲਈ ਧਾਰਮਿਕ ਸਮਾਗਮ ਜਾਂ ਨਗਰ ਕੀਰਤਨ ਦੇ ਪ੍ਰਬੰਧਕਾਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਅਜਿਹਾ ਕਰਦਿਆਂ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਣ-ਸਤਿਕਾਰ ਅਤੇ ਅਦਬ ਦਾ ਪੂਰਾ ਧਿਆਨ ਰੱਖਿਆ ਜਾਵੇ।

ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਕ ਕਹਾਉਣ ਵਾਲੀ ਸਿੱਖ ਕੌਮ ਸਮੁੱਚੀ ਮਾਨਵਤਾ ਨੂੰ ਜਾਤ-ਪਾਤ, ਦੇਸ਼ ਅਤੇ ਧਰਮ ਦੇ ਵਿਤਕਰੇ ਤੋਂ ਉਪਰ ਉਠ ਕੇ ਇਕ ਪਰਮਾਤਮਾ ਦੀ ਸੰਤਾਨ ਮੰਨਦੀ ਹੈ ਅਤੇ ਹਰ ਰੋਜ਼ ਸਰਬੱਤ ਦੇ ਭਲੇ ਲਈ ਅਰਦਾਸ ਕਰਦੀ



ਹੈ। ਪਿਛਲੇ ਦਿਨੀਂ ਕੁਝ ਕੁ ਨਾ-ਸਮਝ ਜਨੂੰਨੀਆਂ ਵੱਲੋਂ ਅਮਰੀਕਾ ਤੇ ਹੋਰ ਦੇਸ਼ਾਂ ਵਿਚ ਸਮੁੱਚੀ ਸਿੱਖ ਕੌਮ ਇਸ ਜ਼ਾਲਮਾਨਾ ਕਾਰਵਾਈ ਦੀ ਆਪਣੀ ਸਰਵਉੱਚ ਧਾਰਮਿਕ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਰਾਹੀਂ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਸਮੁੱਚੇ ਵਿਸ਼ਵ ਵਿਚ ਵੱਸਦੇ ਗੁਰਸਿੱਖਾਂ ਦੇ ਸਿਰ ਉਪਰ ਦਸਤਾਰ ਅਤੇ ਸਰੀਰ 'ਤੇ ਧਾਰਨ ਕੀਤੇ ਹੋਏ ਪੰਜ ਕਕਾਰ ਉਹਨਾਂ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਆਦੇਸ਼ ਕੀਤੀ ਗਈ ਰਹਿਤ-ਬਹਿਤ ਦਾ ਅਨਿਖੜਵਾਂ ਅੰਗ ਹਨ। ਇਹਨਾਂ ਪੰਜਾਂ ਕਕਾਰਾਂ ਵਿਚ ਕੰਘਾ, ਕੜਾ, ਕਿਰਪਾਨ, ਕਛਹਿਰਾ ਅਤੇ ਕੇਸ ਸ਼ਾਮਲ ਹਨ। ਇਸ ਰਹਿਣੀ-ਬਹਿਣੀ ਅਤੇ ਧਾਰਮਿਕ ਵਿਚਾਰਧਾਰਾ ਦਾ ਅਰਬ ਨਿਵਾਸੀ ਜਾਂ ਕਿਸੇ ਹੋਰ ਭਾਈਚਾਰੇ ਨਾਲ ਕਿਸੇ ਤਰ੍ਹਾਂ ਦਾ ਵੀ ਸੰਬੰਧ ਨਹੀਂ। ਇਸ ਲਈ ਅਸੀਂ ਸਮੁੱਚੇ ਵਿਸ਼ਵ ਦੀਆਂ ਸਰਕਾਰਾਂ ਅਤੇ ਸਾਰੇ ਮਨੁੱਖੀ ਭਾਈਚਾਰੇ ਨੂੰ ਇਹ ਸਪੱਸ਼ਟ ਕਰਦੇ ਹਾਂ ਕਿ ਗੁਰਸਿੱਖਾਂ ਦੇ ਇਸ ਸਿੱਖੀ ਸਰੂਪ ਨੂੰ ਦੇਖ ਕੇ ਕਿਸੇ ਕਿਸਮ ਦੇ ਭੁਲੇਖੇ ਵਿਚ ਨਾ ਪੈਣ ਅਤੇ ਇਹਨਾਂ ਨੂੰ ਅਰਬ ਨਿਵਾਸੀ ਜਾਂ ਸ਼ੇਖ਼ ਮੁਸਲਮਾਨ ਸਮਝ ਕੇ ਇਹਨਾਂ ਪ੍ਰਤੀ ਕਿਸੇ ਕ੍ਰੋਧ ਜਾਂ ਦਵੈਸ਼ ਭਾਵਨਾ ਅਧੀਨ ਕੋਈ ਦੁਰ-ਵਿਹਾਰ ਨਾ ਕਰਨ।

ਵੱਧਦੀ ਡੇਰੇਦਾਰੀ ਨੂੰ ਲਗਾਮ ਦੇਣ ਲਈ ਅਤੇ ਸਿੱਖ ਭਾਈਚਾਰੇ ਇਸ ਸਬੰਧੀ ਸੁਚੇਤ ਕਰਨ ਲਈ ਮਿਤੀ 12-10-2001 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮਿਤਸਰ ਤੋਂ ਸੰਦੇਸ਼ ਜਾਰੀ ਹੋਇਆ ਜਿਸ ਵਿੱਚ ਸਮੂੰਹ ਰਾਜਸੀ ਪਾਰਟੀਆਂ ਅਤੇ ਹੋਰ ਜਥੇਬੰਦੀਆਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਨ-ਸਨਮਾਨ, ਗੁਰੂ ਖ਼ਾਲਸਾ ਪੰਥ ਦੀ ਮਾਨ-ਮਰਯਾਦਾ ਅਤੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਭਵਿੱਖ ਵਿਚ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਉਨ੍ਹਾਂ ਦੀ ਪਾਰਟੀ ਜਾਂ ਜਥੇਬੰਦੀ ਦਾ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲਾ ਸਿੱਖ ਮੈਂਬਰ ਕਿਸੇ ਵੀ ਐਸੇ ਵਿਅਕਤੀ, ਡੇਰੇ ਜਾਂ ਅਸਥਾਨ 'ਤੇ ਜਾ ਕੇ ਉਸ ਨੂੰ ਮਾਨਤਾ ਨਾ ਦੇਵੇ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਰੂ ਰੂਪ ਵਿਚ ਸਨਮਾਨ ਨਾ ਰੱਖਿਆ ਜਾਂਦਾ ਹੋਵੇ ਅਤੇ ਆਪਣੀ ਪੂਜਾ ਮਾਨਤਾ ਕਰਵਾਈ ਜਾਂਦੀ ਹੋਵੇ।

ਹਰ ਗੁਰਸਿੱਖ ਮਾਈ ਭਾਈ ਨੂੰ ਵੀ ਸੁਚੇਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ 'ਤੇ ਡੇਰੇ ਜਾਂ ਅਸਥਾਨ ਬਣਾ ਕੇ ਆਪਣੀ ਪੂਜਾ ਮਾਨਤਾ ਕਰਵਾਉਣ ਵਾਲਿਆਂ ਨੂੰ ਹਰ ਪੱਖੋਂ ਪਛਾੜਿਆ ਜਾਵੇ ਅਤੇ ਉਨ੍ਹਾਂ ਦੀ ਡੇਰੇਦਾਰੀ ਨੂੰ ਠੱਲ੍ਹ ਪਾਉਣ ਲਈ ਸੁਚੇਤ ਹੋਇਆ ਜਾਵੇ। ਇਸ ਦੇ ਨਾਲ ਹੀ ਪੂਰੇ ਵਿਸ਼ਵ ਦੇ ਗੁਰ-ਅਸਥਾਨਾਂ ਦੀ ਸੇਵਾ ਨਿਭਾਉਣ ਵਾਲੇ ਪ੍ਰਬੰਧਕ, ਧਾਰਮਿਕ ਸ਼੍ਰੇਣੀ ਦੇ ਸੱਜਣ ਅਤੇ ਹੋਰ ਪਤਵੰਤਿਆਂ ਨੂੰ ਵੀ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਆਪਣੇ ਇਲਾਕੇ ਵਿਚ ਬਣਾਏ ਗਏ ਗੁਰ-ਅਸਥਾਨਾਂ ਦੀ ਸੇਵਾ ਸੰਭਾਲ ਲਈ ਚੌਵੀ ਘੰਟੇ ਲਈ ਹੀ ਸੁਚੇਤ ਹੋਣ ਅਤੇ ਹਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ ਤੇ ਗੁਰਦੁਆਰੇ ਦੀ ਸੇਵਾ ਸੰਭਾਲ ਲਈ ਯੋਗ ਪ੍ਰਬੰਧ ਕਰਨ ਤਾਂ ਕਿ ਕਿਸੇ ਵੀ ਪ੍ਰਕਾਰ ਦੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਭਵਿੱਖ ਵਿਚ ਇਸ ਗੱਲ ਨੂੰ ਵੀ ਯਕੀਨੀ ਬਣਾਇਆ ਜਾਵੇ ਕਿ ਜਾਤ-ਪਾਤਾਂ ਜਾਂ ਧੜਿਆਂ ਦੇ ਵਖਰੇਵਿਆਂ ਦੇ ਆਧਾਰ 'ਤੇ ਬੇਲੋੜੇ ਗੁਰਦੁਆਰੇ ਨਾ ਬਣਾਏ ਜਾਣ।

**ਮੋਦੀ ਸਰਕਾਰ ਨੇ ਕੀਤਾ ਪੰਜਾਬ ਨਾਲ ਧੱਕਾ, 26 ਜਨਵਰੀ ਪਰੇਡ 'ਚ ਪੰਜਾਬ ਦੀ ਝਾਕੀ ਦੂਜੀ ਵਾਰੀ ਗਾਇਬ**

# ਸ਼ਹੀਦਾਂ ਅਤੇ ਕੁਰਬਾਨੀਆਂ ਦਾ ਅਪਮਾਨ : ਮੁੱਖ ਮੰਤਰੀ ਭਗਵੰਤ ਮਾਨ





ਚੰਡੀਗੜ੍ਹ: ਗਣਤੰਤਰ ਦਿਵਸ ਪਰੇਡ ਲਈ ਸੂਬੇ ਦੀ ਝਾਕੀ ਰੱਦ ਕਰਨ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੱਤਾ ਦੇ ਨਸ਼ੇ ਵਿੱਚ ਹੰਕਾਰੀ ਕੇਂਦਰ ਸਰਕਾਰ, ਸੁਤੰਤਰਤਾ ਸੰਗਰਾਮ ਵਿੱਚ ਪੰਜਾਬੀਆਂ ਵੱਲੋਂ ਦਿੱਤੇ ਲਾਮਿਸਾਲ ਬਲੀਦਾਨ ਦੀ ਨਿਰਾਦਰੀ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ, "ਇਹ ਪਹਿਲੀ ਦਫ਼ਾ ਨਹੀਂ ਹੈ, ਸਗੋਂ ਪਿਛਲੇ ਸਾਲ ਵੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਅਜਿਹੀ ਸ਼ਰਾਰਤ ਕੀਤੀ ਸੀ ਅਤੇ ਇਸ ਸਾਲ ਵੀ ਝਾਕੀ ਰੱਦ ਕਰ ਕੇ ਉਹੀ ਹਰਕਤ ਦੁਹਰਾਈ ਹੈ। ਕੇਂਦਰ ਸਰਕਾਰ ਪੰਜਾਬ ਦੇ ਜ਼ਖ਼ਮਾਂ ਉਤੇ ਲੂਣ ਛਿੜਕ ਰਹੀ ਹੈ।

ਪੰਜਾਬ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਕ ਪਾਸੇ ਦੁਨੀਆ ਭਰ ਤੋਂ ਸ਼ਰਧਾਲੂ ਫਤਹਿਗੜ੍ਹ ਸਾਹਿਬ ਪੁੱਜ ਕੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਅੱਗੇ ਨਤਮਸਤਕ ਹੋ ਰਹੇ ਹਨ, ਦੂਜੇ ਪਾਸੇ ਇਨ੍ਹਾਂ ਪਵਿੱਤਰ ਦਿਨਾਂ ਵਿੱਚ ਭਾਜਪਾ ਸਰਕਾਰ ਪੰਜਾਬ ਦੀ ਨਿਰਾਦਰੀ ਕਰਨ ਲਈ ਅਜਿਹੇ ਕੋਝੇ ਹਥਕੰਡੇ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਹਾਦਤਾਂ ਤੇ ਬਲੀਦਾਨ ਸੂਬੇ ਦੀ ਮਹਾਨ ਵਿਰਾਸਤ ਦਾ ਹਿੱਸਾ ਹਨ, ਜਿਨ੍ਹਾਂ ਨੂੰ ਸੂਬੇ ਦੀਆਂ ਝਾਕੀਆਂ ਵਿੱਚ ਬਾਖੂਬੀ ਦਿਖਾਇਆ ਜਾਣਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਦੇਸ਼ ਭਗਤੀ ਦੇ ਵਿਚਾਰਾਂ ਵਾਲੀਆਂ ਝਾਕੀਆਂ ਨੂੰ ਰੱਦ ਕਰ ਕੇ ਕੇਂਦਰ ਸਰਕਾਰ ਨੇ ਮਹਾਨ ਦੇਸ਼ ਭਗਤਾਂ ਤੇ ਕੌਮੀ ਨਾਇਕਾਂ ਦੇ ਬਲੀਦਾਨ ਦੀ ਬੇਹੁਰਮਤੀ ਕੀਤੀ ਹੈ।

ਮੁੱਖ ਮੰਤਰੀ ਨੇ ਸਪੱਸ਼ਟ ਤੌਰ ਉਤੇ ਆਖਿਆ ਕਿ ਸੂਬੇ ਨਾਲ ਮਤਰੇਈ ਮਾਂ ਵਾਲਾ ਇਹ ਸਲੂਕ ਕਤਈ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਕਿੰਨੀ ਬਦਕਿਸਮਤੀ ਵਾਲੀ ਗੱਲ ਹੈ ਕਿ ਇਹ ਫੈਸਲਾ ਉਨ੍ਹਾਂ ਦਿਨਾਂ ਦੌਰਾਨ ਕੀਤਾ ਗਿਆ, ਜਦੋਂ ਸਮੁੱਚੀ ਦੁਨੀਆ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਵੱਲੋਂ ਦਿੱਤੇ ਲਾਮਿਸਾਲ ਬਲੀਦਾਨ ਅੱਗੇ ਸਿਰ ਝੁਕਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਤਿਆਚਾਰੀ ਮੋਦੀ ਸਰਕਾਰ ਇਹ ਗੱਲ ਭੁੱਲ ਗਈ ਹੈ ਕਿ ਪੰਜਾਬੀਆਂ ਨੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਦੇ ਨਾਲ-ਨਾਲ ਆਜ਼ਾਦੀ ਹਾਸਲ ਕਰਨ ਅਤੇ ਇਸ ਨੂੰ ਬਰਕਰਾਰ ਰੱਖਣ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀਆਂ ਇਨ੍ਹਾਂ ਝਾਕੀਆਂ ਨਾਲ ਗਣਤੰਤਰ ਦਿਵਸ ਪਰੇਡ, ਜਿਸ ਵਿੱਚ ਇਸ ਸਾਲ ਫਰਾਂਸ ਦੇ ਰਾਸ਼ਟਰਪਤੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ, ਦਾ ਮਾਣ ਵਧਣਾ ਸੀ। ਉਨ੍ਹਾਂ ਕਿਹਾ ਕਿ ਇਸ ਪਰੇਡ ਵਿੱਚ ਹਰੇਕ ਸੂਬਾ ਆਪਣੀ ਵਿਰਾਸਤ ਨੂੰ ਦਰਸਾਉਂਦਾ ਹੈ ਪਰ ਮੋਦੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿੱਚ ਜਾਣ ਬੁੱਝ ਕੇ ਪੰਜਾਬ ਨੂੰ ਇਸ ਤੋਂ ਬਾਹਰ ਰੱਖਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸਾਲ ਵੀ ਝਾਕੀਆਂ ਲਈ ਚੁਣੇ ਗਏ ਸੂਬਿਆਂ ਵਿੱਚੋਂ 90 ਫੀਸਦੀ ਤੋਂ ਵੱਧ ਭਾਜਪਾ ਦੇ ਸ਼ਾਸਨ ਵਾਲੇ ਸੂਬੇ ਹਨ, ਜਿਸ ਤੋਂ ਝਲਕਦਾ ਹੈ ਕਿ ਮੋਦੀ ਸਰਕਾਰ ਵੱਲੋਂ ਸੁਤੰਤਰਤਾ ਦਿਵਸ ਤੇ ਗਣਤੰਤਰ ਦਿਵਸ ਦਾ ਸਿਆਸੀਕਰਨ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਸਾਲ ਵੀ ਪੰਜਾਬ ਸਰਕਾਰ ਨੇ ਤਿੰਨ ਵਿਸ਼ੇ 'ਪੰਜਾਬ-ਸ਼ਹੀਦਾਂ ਅਤੇ ਕੁਰਬਾਨੀਆਂ ਦੀ ਗਾਥਾ', 'ਨਾਰੀ ਸ਼ਕਤੀ' (ਮਾਈ ਭਾਗੋ-ਪਹਿਲੀ ਮਹਾਨ ਸਿੱਖ ਜੰਗਜੂ ਬੀਬੀ) ਅਤੇ 'ਪੰਜਾਬ ਦੇ ਅਮੀਰ ਸੱਭਿਆਚਾਰ ਦੀ ਪੇਸ਼ਕਾਰੀ' ਵਿਸ਼ਿਆਂ ਨੂੰ ਝਾਕੀਆਂ ਲਈ ਭੇਜਿਆ ਸੀ। ਉਨ੍ਹਾਂ ਕਿਹਾ ਕਿ ਮਨਜ਼ੂਰੀ ਲਈ ਇਹ ਵਿਸ਼ੇ ਸਮੇਂ ਸਿਰ ਕੇਂਦਰ ਸਰਕਾਰ ਕੋਲ ਭੇਜ ਦਿੱਤੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਇਨ੍ਹਾਂ ਵਿਸ਼ਿਆਂ ਨੂੰ ਰੱਦ ਕਰ ਕੇ ਸੂਬੇ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮੰਦੇਭਾਗੀਂ ਕੇਂਦਰ ਸਰਕਾਰ ਸੂਬੇ ਅਤੇ ਦੇਸ਼ ਨਿਰਮਾਣ ਵਿੱਚ ਇਸ ਦੇ ਲਾਮਿਸਾਲ ਯੋਗਦਾਨ ਦਾ ਮਜ਼ਾਕ ਉਡਾ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਚੇਤੇ ਕਰਵਾਇਆ ਕਿ ਜੇ ਅੰਡੇਮਾਨ ਤੇ ਨਿਕੋਬਾਰ ਨੂੰ ਆਪਣੀ ਝਾਕੀ ਪੇਸ਼ ਕਰਨੀ ਪੈਂਦੀ ਤਾਂ ਪੰਜਾਬ ਉਸ ਵਿੱਚ ਵੀ ਹੋਣਾ ਸੀ ਕਿਉਂਕਿ ਭਾਰਤ ਦੀ ਆਜ਼ਾਦੀ ਦਾ ਸੰਘਰਸ਼ ਪੰਜਾਬ ਤੇ ਪੰਜਾਬੀਆਂ ਦੇ ਯੋਗਦਾਨ ਨਾਲ ਭਰਿਆ ਹੋਇਆ ਹੈ, ਜਿਸ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਬਹੁਤ ਵੱਡੀ ਸਾਜ਼ਿਸ਼ ਹੈ ਤਾਂ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਪੰਜਾਬ ਦੀਆਂ ਕੁਰਬਾਨੀਆਂ ਨੂੰ ਛੁਪਾਇਆ ਜਾ ਸਕੇ।

ਭਾਜਪਾ ਦੇ ਚਾਪਲੂਸਾਂ ਉਤੇ ਹਮਲੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਲੋਕ ਇਨ੍ਹੀਂ ਦਿਨੀਂ ਦੇਸ਼ ਭਰ ਵਿੱਚ ਚੱਲ ਰਹੀਆਂ ਮੋਦੀ ਦੀਆਂ ਝਾਕੀਆਂ ਦਾ ਗੁਣਗਾਣ ਕਰਨ ਲੱਗੇ ਹੋਏ ਹਨ ਪਰ ਉਹ ਸ਼ਹੀਦਾਂ ਦੀਆਂ ਝਾਕੀਆਂ ਦੇ ਵਿਚਾਰ ਦੇ ਖ਼ਿਲਾਫ਼ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਦਮ ਨਾਲ ਇਕ ਵਾਰ ਫਿਰ ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ ਬੇਨਕਾਬ ਹੋਇਆ ਹੈ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਆਰ.ਪੀ. ਸਿੰਘ, ਮਨਜਿੰਦਰ ਸਿਰਸਾ ਸਮੇਤ ਸਾਰੇ ਭਾਜਪਾ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਉਹ ਹੁਣ ਦੱਸਣ ਕਿ ਕੇਂਦਰ ਵਿਚਲੀ ਉਨ੍ਹਾਂ ਦੀ ਸਰਕਾਰ ਪੰਜਾਬ ਨਾਲ ਕਿਉਂ ਇੰਨੀ ਵੱਡੀ ਬੇਇਨਸਾਫ਼ੀ ਕਰ ਰਹੀ ਹੈ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਮੋਦੀ ਸਰਕਾਰ ਪੰਜਾਬ ਵਿਰੋਧੀ ਮਾਨਸਿਕਤਾ ਰੱਖਦੀ ਹੈ, ਜਿਸ ਕਾਰਨ ਉਹ ਸੂਬੇ ਨੂੰ ਬਰਬਾਦ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ ਸਰਕਾਰ ਦਾ ਵੱਸ ਚੱਲੇ ਤਾਂ ਉਹ ਰਾਸ਼ਟਰੀ ਗੀਤ ਵਿੱਚੋਂ ਵੀ ਪੰਜਾਬ ਦਾ ਨਾਂ ਹਟਾ ਦੇਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇਸ ਮਤਰੇਈ ਮਾਂ ਵਾਲੇ ਸਲੂਕ ਦੇ ਬਾਵਜੂਦ ਸੂਬੇ ਦੇ ਭਾਜਪਾ ਆਗੂ ਇਸ ਪੂਰੇ ਮਾਮਲੇ 'ਤੇ ਚੁੱਪ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਆਮ ਆਦਮੀ ਦੀ ਭਲਾਈ ਲਈ ਲਏ ਗਏ ਸਾਰੇ ਲੋਕ ਪੱਖੀ ਫੈਸਲਿਆਂ ਨੂੰ ਕੇਂਦਰ ਸਰਕਾਰ ਹਜ਼ਮ ਨਹੀਂ ਕਰ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਰਾਸ਼ਟਰੀ ਸਿਹਤ ਮਿਸ਼ਨ ਤਹਿਤ ਆਮ ਆਦਮੀ ਕਲੀਨਿਕਾਂ ਲਈ ਫੰਡ ਰੋਕੇ ਹੋਏ ਹਨ ਅਤੇ ਕੇਂਦਰ ਸਰਕਾਰ ਵੱਲੋਂ 5500 ਕਰੋੜ ਰੁਪਏ ਦੇ ਪੇਂਡੂ ਵਿਕਾਸ ਫੰਡ ਵੀ ਰੋਕ ਦਿੱਤੇ ਗਏ ਹਨ ਤਾਂ ਜੋ ਸੂਬਾ ਸਰਕਾਰ ਨੂੰ ਪੇਂਡੂ ਖੇਤਰਾਂ ਵਿੱਚ ਸੜਕਾਂ ਬਣਾਉਣ ਤੋਂ ਰੋਕਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਅਗਾਊਂ ਭੁਗਤਾਨ ਕੀਤੇ ਜਾਣ ਦੇ ਬਾਵਜੂਦ ਸੂਬੇ ਨੂੰ ਰੇਲ ਗੱਡੀਆਂ ਨਾ ਦੇ ਕੇ ਕੇਂਦਰ ਸਰਕਾਰ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਨੂੰ ਰੋਕ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਵਾਰਾਣਸੀ, ਪਟਨਾ ਸਾਹਿਬ, ਨਾਂਦੇੜ ਸਾਹਿਬ, ਅਜਮੇਰ ਸ਼ਰੀਫ ਅਤੇ ਹੋਰ ਥਾਵਾਂ ਨੂੰ ਜਾਣ ਵਾਲੀਆਂ ਰੇਲਾਂ ਨੂੰ ਕੇਂਦਰ ਸਰਕਾਰ ਨੇ ਜਾਣ-ਬੁੱਝ ਕੇ ਰੋਕਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਦੀ ਇਸ ਕਾਰਵਾਈ ਦਾ ਇੱਕੋ-ਇਕ ਮਕਸਦ ਲੋਕਾਂ ਨੂੰ ਧਾਰਮਿਕ ਸਥਾਨਾਂ 'ਤੇ ਮੱਥਾ ਟੇਕਣ ਤੋਂ ਵਾਂਝੇ ਰੱਖਣਾ ਹੈ ਅਤੇ ਕੇਂਦਰ ਸਰਕਾਰ ਦੇ ਇਨ੍ਹਾਂ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਵਿਅੰਗ ਕਰਦਿਆਂ ਕਿਹਾ ਕਿ ਭਾਵੇਂ ਪ੍ਰਧਾਨ ਮੰਤਰੀ ਰੋਜ਼ਾਨਾ ਡਬਲ ਇੰਜਣ ਵਾਲੀ ਸਰਕਾਰ ਦੀ ਸ਼ੇਖੀ ਮਾਰ ਰਹੇ ਹਨ ਪਰ ਰੇਲਵੇ ਇਸ ਲੋਕ ਪੱਖੀ ਯੋਜਨਾ ਲਈ ਰੇਲ ਗੱਡੀਆਂ ਚਲਾਉਣ ਵਾਸਤੇ ਕੋਈ ਇੰਜਣ ਨਾ ਹੋਣ ਦਾ ਹਵਾਲਾ ਦੇ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਦੋਹਰੇ ਇੰਜਣ ਵਾਲੀ ਸਰਕਾਰ ਦਾ ਕੀ ਫਾਇਦਾ ਜੇ ਲੋਕਾਂ ਦੀ ਭਲਾਈ ਲਈ ਬਣਾਈਆਂ ਗਈਆਂ ਸਕੀਮਾਂ ਦਾ ਲਾਭ ਲੋਕਾਂ ਨੂੰ ਹੀ ਨਹੀਂ ਮਿਲਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਸੂਬੇ ਦੀ ਝਾਕੀ ਨੂੰ ਸ਼ਾਮਲ ਨਾ ਕਰਨ ਦਾ ਮੁੱਦਾ ਕੇਂਦਰ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਉਠਾਉਣਗੇ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਵੱਲੋਂ ਗਣਤੰਤਰ ਦਿਵਸ ਦੀ ਪਰੇਡ ਵਿੱਚ ਇਹ ਝਾਕੀਆਂ ਸ਼ਾਮਲ ਨਹੀਂ ਕੀਤੀਆਂ ਜਾਂਦੀਆਂ ਤਾਂ ਵੀ ਸੂਬਾ ਸਰਕਾਰ ਵੱਲੋਂ 26 ਜਨਵਰੀ ਨੂੰ ਸੂਬੇ ਭਰ ਵਿੱਚ ਹੋਣ ਵਾਲੇ ਸਾਰੇ ਸਮਾਗਮਾਂ ਵਿੱਚ ਇਸ ਨੂੰ 'ਕੇਂਦਰ ਸਰਕਾਰ ਵੱਲੋਂ ਰੱਦ' ਦੇ ਬੈਨਰ ਹੇਠ ਸ਼ਾਮਲ ਕੀਤਾ ਜਾਵੇਗਾ ਅਤੇ ਸੂਬੇ ਦੀ ਅਮੀਰ ਵਿਰਾਸਤ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਮੁਖੀ ਹੋਣ ਦੇ ਨਾਤੇ ਉਹ ਕੇਂਦਰ ਸਰਕਾਰ ਵੱਲੋਂ ਦਿੱਤੀ ਚੁਣੌਤੀ ਨੂੰ ਸਵੀਕਾਰ ਕਰਦੇ ਹਨ ਕਿਉਂਕਿ ਭਗਵਾ ਪਾਰਟੀ ਅਜਿਹੀਆਂ ਸੌੜੀਆਂ ਚਾਲਾਂ ਨਾਲ ਦੇਸ਼ ਦੇ ਅੰਨਦਾਤਾ ਅਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਵਾਲੇ ਪੰਜਾਬ ਦਾ ਨਿਰਾਦਰ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਇਹ ਅਸਵੀਕਾਰਯੋਗ ਹੈ ਕਿਉਂਕਿ ਇਸ ਨਾਲ ਹਰ ਪੰਜਾਬੀ ਦੇ ਸਵੈਮਾਣ 'ਤੇ ਸਿੱਧੀ ਸੱਟ ਮਾਰੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਆਤਮ ਨਿਰਭਰ ਬਣਾਉਣ ਲਈ ਪਹਿਲਾਂ ਹੀ ਠੋਸ ਯਤਨ ਕਰ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਮਾਮਲੇ ਵਿੱਚ ਕੇਂਦਰ ਤੋਂ ਮਦਦ ਨਾ ਲੈਣੀ ਪਵੇ।

# ਸ੍ਰੀ ਫ਼ਤਿਹਗੜ੍ਹ ਸਾਹਿਬ 'ਚ ਮੁੱਖ ਮੰਤਰੀ ਭਗਵੰਤ ਮਾਨ ਪਤਨੀ ਸਮੇਤ ਹੋਏ ਨਤਮਸਤਕ

ਫਤਹਿਗੜ੍ਹ ਸਾਹਿਬ : ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਲਾਨਾ ਸ਼ਹੀਦੀ ਸਭਾ ਦੇ ਦੂਜੇ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਇਤਿਹਾਸਕ ਗੁਰਦੁਆਰਾ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਨਾਲ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਏ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਅਜਿਹੀ ਅਦੁੱਤੀ ਸ਼ਹਾਦਤ ਦੀ ਮਿਸਾਲ ਦੁਨੀਆਂ ਵਿੱਚ ਕਿਧਰੇ ਨਹੀਂ ਮਿਲਦੀ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ, ਵਿਧਾਇਕ ਰੁਪਿੰਦਰ ਸਿੰਘ ਹੈਪੀ ਹਾਜ਼ਰ ਸਨ। ਮੁੱਖ ਮੰਤਰੀ ਮਾਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਫ਼ਰਜ਼ੰਦ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਿਹ ਸਿੰਘ ਜੀ ਸਣੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਨੂੰ ਕੀਤਾ ਪ੍ਰਣਾਮ।

ਉਨ੍ਹਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕੁਰਬਾਨੀ ਦੀ ਅਜਿਹੀ ਮਿਸਾਲ ਦੁਨੀਆਂ ਵਿੱਚ ਕਿਧਰੇ ਨਹੀਂ ਦੇਖਣ ਨੂੰ ਮਿਲਦੀ। ਅੱਜ ਵੀ ਜਦੋਂ ਇਤਿਹਾਸ ਬਿਆਨ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਇੱਥੋਂ ਦੇ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ।

ਸੰਗਤਾਂ ਦੀ ਭਾਰੀ ਆਮਦ ਨੂੰ ਲੈ ਕੇ ਜ਼ਿਲ੍ਹਾ ਪੁਲਿਸ ਤੇ ਪ੍ਰਸਾਰਨ ਨੇ ਇਤਿਹਾਸਕ ਗੁਰਦੁਆਰਾ ਲਈ ਜਾਂਦੇ ਸਾਰੇ ਰਸਤਿਆਂ ਤੇ ਵਹੀਕਲਾਂ ਤੇ ਰੋਕ ਲਗਾ ਦਿੱਤੀ ਹੈ ਅਤੇ ਸਿਰਫ਼ ਲੰਗਰਾਂ, ਡਿਊਟੀ ਪਾਸ, ਪੁਲਿਸ ਗੱਡੀਆਂ ਆਦਿ ਲਈ ਆਗਿਆ ਦਿੱਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਿੱਥੇ ਫ਼ਰੀ ਬੱਸ ਸੇਵਾ ਦਾ ਪ੍ਰਬੰਧ ਕੀਤਾ ਹੈ ਨਾਲ ਹੀ ਲੋਕਾਂ ਦੀ ਸਹੂਲਤ ਲਈ ਫ਼ਰੀ ਪਾਰਕਿੰਗ ਲਈ ਪ੍ਰਬੰਧ ਕੀਤਾ ਗਿਆ ਹੈ।

ਦੱਸ ਦੇਈਏ ਕਿ 26 ਤੋਂ 28 ਦਸੰਬਰ ਤੱਕ ਧਾਰਮਿਕ ਸਮਾਗਮ ਕੀਤੇ ਜਾਣਗੇ ਅਤੇ 28 ਦਸੰਬਰ ਨੂੰ ਗੁਰਦੁਆਰਾ ਸ੍ਰੀ ਜੋਤੀ ਸਰੂਪ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 9 ਵਜੇ ਸ਼੍ਰੀ ਫ਼ਤਿਹਗੜ੍ਹ ਸਾਹਿਬ ਦੇ ਗੁਰਦੁਆਰਾ ਸਾਹਿਬ ਤੋਂ ਨਗਰ ਕੀਰਤਨ ਸ਼ੁਰੂ ਹੋਵੇਗਾ, ਜੋ ਵੱਖ ਵੱਖ ਗੁਰਦੁਆਰਾ ਤੋਂ ਹੁੰਦਾ ਹੋਇਆ ਸ਼੍ਰੀ ਜੋਤੀ ਸਰੂਪ ਗੁਰਦੁਆਰਾ ਸਾਹਿਬ ਸਮਾਪਤ ਹੋਵੇਗਾ।



# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸਫਰ-ਏ-ਸ਼ਹਾਦਤ ਸਮਾਗਮਾਂ 'ਚ ਸਾਹਿਬਜ਼ਾਦਿਆਂ ਦੀ ਪਵਿੱਤਰ ਵਿੱਚ ਸ਼ਹਾਦਤ ਨੂੰ ਸਿਜਦਾ ਭਾਰੀ ਗਿਣਤੀ ਸੰਗਤਾਂ ਨੇ ਭਰੀ ਹਾਜ਼ਰੀ

## ਮਾਤਾ ਪਿਤਾ ਪੁੱਤ ਵਾਰਕੇ, ਕਹਿੰਦਾ ਭਾਣਾ ਮਿੱਠਾ ਵਾਹਿਗੁਰੂ ਤੇਰਾ ਸਰਬੰਸ ਦਾਨੀਆਂ ਵੇ ਦੇਣਾ ਕੌਣ ਦੇਵੇਗਾ ਤੇਰਾ

## ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ 'ਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਨਗਰ ਕੀਰਤਨ, ਗਤਕਾ ਅਤੇ ਕੀਰਤਨ ਦਰਬਾਰ ਨਾਲ ਫਤਹਿਗੜ੍ਹ ਸਾਹਿਬ ਦੀਆਂ ਸਮੂਹ ਸੰਗਤਾਂ ਵਲੋਂ ਭਾਵਭਿੰਨੀ ਸ਼ਰਧਾਂਜਲੀ












ਇਸ ਮਹਾਨ ਪਵਿੱਤਰ ਸ਼ਹੀਦੀ ਦਿਹਾੜੇ ਦੀਆਂ ਯਾਦਗਾਰੀ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ

ਸੈਨਹੋਜੇ ਕੈਲੀਫੋਰਨੀਆ : ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਸ੍ਰੀ ਫਤਹਿਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਅਤੇ ਸੇਵਾ ਨਾਲ ਮਨਾਇਆ ਗਿਆ ਅਤੇ ਸੈਨਹੋਜੇ ਸ਼ਹਿਰ ਅਤੇ ਦੂਰੋਂ-ਦੂਰੋਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀ ਭਰੀ ਅਤੇ ਗੁਰਦੁਆਰਾ ਸਾਹਿਬ ਵਿਖੇ ਤਨ ਮਨ ਧੰਨ ਨਾਲ ਸੇਵਾ ਕੀਤੀ। 22, 23, 24 ਦਸੰਬਰ, ਤਿੰਨੋਂ ਦਿਨ ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਦੇ ਪ੍ਰਵਾਹ ਚੱਲਦੇ ਰਹੇ ਅਤੇ ਐਤਵਾਰ ਨੂੰ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ। ਪੰਥ ਦੇ ਮਹਾਨ ਵਿਦਵਾਨ ਸਿੱਖ ਸਕਾਲਰ ਅਤੇ ਗੁਰੂਘਰ ਦੇ ਕੀਰਤਨੀਏ ਡਾ. ਗੁਰਨਾਮ ਸਿੰਘ ਜਿਥੇ ਕੀਤਰਨ ਦੀ ਹਾਜ਼ਰੀ ਭਰੀ ਉਥੇ ਸ਼ਨੀਵਾਰ ਸ਼ਾਮ 730 ਵਜੇ ਉਪਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਉਪਰ ਡਾਕੂਮੈਂਟਰੀ ਦਿਖਾਈ ਗਈ ਅਤੇ ਡਾਕਟਰ ਗੁਰਨਾਮ ਸਿੰਘ ਵਲੋਂ ਯੋਗੀ ਯਾਰ ਅੱਲਾ ਖਾਨ ਪ੍ਰਤੀ ਲਿਖੀ ਕਿਤਾਬ ਰਲੀਜ਼ ਕੀਤੀ ਗਈ।

24 ਦਸੰਬਰ ਦਿਨ ਐਤਵਾਰ ਨੂੰ ਸਵੇਰੇ ਭੋਗ ਪਾਏ ਗਏ। ਐਤਵਾਰ ਦੇ ਵਿਸ਼ੇਸ਼ ਦੀਵਾਨਾਂ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾ ਵਾਚਕਾਂ ਨੇ ਗੁਰਬਾਣੀ ਕੀਰਤਨ, ਕਥਾ ਰਾਹੀਂ ਸੰਗਤਾਂ ਨੂੰ ਇਤਿਹਾਸ ਸਰਵਣ ਕਰਵਾਇਆ ਅਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾਂਜਲੀ ਦਿੱਤੀ। ਢਾਡੀ ਵਾਰਾਂ ਅਤੇ ਕਥਾਵਾਚਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਸਰਬੰਸ ਵਾਰ ਕੇ ਆਪਣੇ ਵਿਹੜੇ ਦੀ ਰੌਣਕ ਦੀ ਪਰਵਾਹ ਨਾ ਕਰਕੇ ਸ਼ਹਾਦਤਾਂ ਦੇ ਦਿੱਤੀਆਂ ਅਤੇ ਸਾਡੇ ਵਿਹੜੇ ਵਿਚ ਰੌਣਕਾਂ ਲਾ ਦਿੱਤੀਆਂ ਅਤੇ ਸਿੱਖ ਕੌਮ ਦਾ ਇਤਿਹਾਸ ਦੁਨੀਆ ਦੇ ਧਰਮਾਂ ਤੋਂ ਵੱਖਰਾ ਕਰ ਦਿੱਤਾ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ




ਵਰਗਾ ਨਾ ਕੋਈ ਹੋਇਆ ਸੀ ਅਤੇ ਨਾ ਹੀ ਭਵਿੱਖ ਵਿਚ ਹੋਵੇਗਾ। ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਮਾਸੂਮ ਬੱਚਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਹਨਾਂ ਧਰਮ ਦੀ ਖਾਤਰ, ਮਨੁੱਖਤਾ ਦੀ ਖਾਤਰ ਸਮੁੱਚੀ ਮਾਨਵਤਾ ਲਈ ਆਪਣੇ ਸੀਸ ਦੀ ਪਰਵਾਹ ਨਹੀਂ ਕੀਤੀ। ਦਸਾਂ ਗੁਰੂਆਂ ਦਾ ਸਫਰ ਰਬਾਬ ਤੋਂ ਸ਼ੁਰੂ ਹੋ ਕੇ, ਨਗਾਰਿਆਂ ਸ਼ਾਸ਼ਤਰਾਂ, ਧਰਮ ਯੁੱਗ, ਮਾਨਵਤਾ ਦੇ ਲਈ, ਸਰਬਤ ਦੇ ਭਲੇ ਲਈ ਸਿੰਜਿਆ ਗਿਆ। ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਨੂੰ ਸਮਰਪਿਤ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ ਸੈਨਹੋਜੇ ਵਿਖੇ ਨਗਰ ਕੀਰਤਨ ਕੱਢਿਆ ਗਿਆ। ਗੁਰਦੁਆਰਾ ਸਾਹਿਬ ਦੇ ਅੰਦਰ ਸੰਗਤਾਂ ਨੂੰ ਗੁਰਬਾਣੀ, ਕੀਰਤਨ ਸ਼ਬਦ ਦਾ ਗਾਇਨ



# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸਫਰ-ਏ-ਸ਼ਹਾਦਤ ਸਮਾਗਮਾਂ 'ਚ ਸਾਹਿਬਜ਼ਾਦਿਆਂ ਦੀ ਪਵਿੱਤਰ ਵਿੱਚ ਸ਼ਹਾਦਤ ਨੂੰ ਸਿਜਦਾ ਭਾਰੀ ਗਿਣਤੀ ਸੰਗਤਾਂ ਨੇ ਭਰੀ ਹਾਜ਼ਰੀ

## ਮਾਤਾ ਪਿਤਾ ਪੁੱਤ ਵਾਰਕੇ, ਕਹਿੰਦਾ ਭਾਣਾ ਮਿੱਠਾ ਵਾਹਿਗੁਰੂ ਤੇਰਾ ਸਰਬੰਸ ਦਾਨੀਆਂ ਵੇ ਦੇਣਾ ਕੌਣ ਦੇਵੇਗਾ ਤੇਰਾ

## ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ 'ਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਨਗਰ ਕੀਰਤਨ, ਗਤਕਾ ਅਤੇ ਕੀਰਤਨ ਦਰਬਾਰ ਨਾਲ ਫਤਹਿਗੜ੍ਹ ਸਾਹਿਬ ਦੀਆਂ ਸਮੂਹ ਸੰਗਤਾਂ ਵਲੋਂ ਭਾਵਭਿੰਨੀ ਸ਼ਰਧਾਂਜਲੀ










ਕਰਦਿਆਂ, ਨਾਮ ਸਿਮਰਨ ਕਰਦਿਆਂ ਨਗਰ ਕੀਰਤਨ ਦੀ ਸਮਾਪਤੀ ਕੀਤੀ। ਗੁਰਦੁਆਰਾ ਸਾਹਿਬ ਵਿਖੇ ਐਤਵਾਰ ਦੇ ਦੀਵਾਨਾਂ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ, ਕਥਾ ਵਾਚਕ ਅਤੇ ਢਾਡੀ ਜਥੇ ਅਤੇ ਕਵੀਸ਼ਰਾ ਨੇ ਹਾਜ਼ਰੀ ਭਰੀ। ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ, ਬੇ-ਏਰੀਆ ਦੇ ਸਮੂਹ ਸੇਵਾਦਾਰਾਂ ਵਲੋਂ ਤਿੰਨੇ ਦਿਨ ਗੁਰੂਘਰ ਵਿਖੇ ਸੰਗਤਾਂ ਦੀ ਸੇਵਾ ਕੀਤੀ ਗਈ, 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ ਕੈਲੀਫੋਰਨੀਆ ਅਤੇ ਸਮੂੰਹ ਸੰਗਤ ਇਲਾਕਾ ਸ੍ਰੀ ਫਤਹਿਗੜ੍ਹ ਸਾਹਿਬ ਨੇ ਸਾਹਿਬਜ਼ਾਦਿਆਂ ਦੀ ਅਦੁੱਤੀ ਅਤੇ ਲਾਸਾਨੀ ਸ਼ਾਹਦਤ ਨੂੰ ਸਿਜਦਾ ਕੀਤਾ ਜਿਥੇ ਫਤਿਹਗੜ੍ਹ ਸਾਹਿਬ ਦੀਆਂ ਸੰਗਤਾਂ ਨੇ ਸੇਵਾ ਕੀਤੀ ਉਥੇ ਸੰਗਤਾਂ ਸਹਿਜ ਹੀ ਕਹਿ ਰਹੀਆਂ ਸਨ ਕਿ ਦਸਮ ਪਾਤਿਸ਼ਾਹ ਦਾ ਲੇਖਾ ਕੌਣ ਦੇ ਸਕਦਾ ਹੈ ਜਿਸ ਨੇ ਸਾਰਾ ਪ੍ਰਵਾਰ ਵਾਰਕੇ ਮਨੁੱਖਤਾ, ਇਨਸਾਨੀਅਤ ਦੀ ਰੱਖਿਆ ਕੀਤੀ ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ ਕਿ ਮਾਤਾ ਪਿਤਾ ਪੁੱਤ ਵਾਰਕੇ, ਕਹਿੰਦਾ ਭਾਣਾ ਮਿੱਠਾ ਵਹਿਗੁਰੂ ਤੇਰਾ ਸਰਬੰਸ ਦਾਨੀਆ ਵੇ ਦੇਣਾ ਕੌਣ ਦੇਵੇਗਾ ਤੇਰਾ ਬਾਬਾ ਜ਼ੋਰਾਵਰ ਸਿੰਘ,ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ ਕੈਲੀਫੋਰਨੀਆ ਅਤੇ ਸਮੂੰਹ ਸੰਗਤ ਇਲਾਕਾ ਸ੍ਰੀ ਫਤਹਿਗੜ੍ਹ ਸਾਹਿਬ ਨੇ ਸਮੂਹ ਸੰਗਤਾ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਮੇਸ਼ਾ ਹੀ ਸਹਿਯੋਗ ਲਈ ਧੰਨਵਾਦ ਕੀਤਾ।



# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸਫਰ-ਏ-ਸ਼ਹਾਦਤ ਸਮਾਗਮਾਂ 'ਚ ਸਾਹਿਬਜ਼ਾਦਿਆਂ ਦੀ ਪਵਿੱਤਰ ਵਿੱਚ ਸ਼ਹਾਦਤ ਨੂੰ ਸਿਜਦਾ ਭਾਰੀ ਗਿਣਤੀ ਸੰਗਤਾਂ ਨੇ ਭਰੀ ਹਾਜ਼ਰੀ

## ਇਸ ਮਹਾਨ ਪਵਿੱਤਰ ਸ਼ਹੀਦੀ ਦਿਹਾੜੇ ਦੀਆਂ ਯਾਦਗਾਰੀ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ

























# ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸਫਰ-ਏ-ਸ਼ਹਾਦਤ ਸਮਾਗਮਾਂ 'ਚ ਸਾਹਿਬਜ਼ਾਦਿਆਂ ਦੀ ਪਵਿੱਤਰ ਵਿੱਚ ਸ਼ਹਾਦਤ ਨੂੰ ਸਿਜਦਾ ਭਾਰੀ ਗਿਣਤੀ ਸੰਗਤਾਂ ਨੇ ਭਰੀ ਹਾਜ਼ਰੀ

## ਇਸ ਮਹਾਨ ਪਵਿੱਤਰ ਸ਼ਹੀਦੀ ਦਿਹਾੜੇ ਦੀਆਂ ਯਾਦਗਾਰੀ ਝਲਕੀਆਂ ਤਸਵੀਰਾਂ ਦੀ ਜੁਬਾਨੀ






























# ਸਾਹਿਬਜ਼ਾਦਿਆਂ ਦੀ ਬੇਮਿਸਾਲ ਬਹਾਦਰੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ : ਅਮਿਤ ਸ਼ਾਹ







ਕੋਲਕਾਤਾ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ 'ਵੀਰ ਬਾਲ ਦਿਵਸ' 'ਤੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਬੇਮਿਸਾਲ ਬਹਾਦਰੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ। ਗ੍ਰਹਿ ਮੰਤਰੀ ਨੇ ਕੋਲਕਾਤਾ ਦੇ ਗੁਰਦੁਆਰਾ ਬੜਾ ਸਿੱਖ ਸੰਗਤ 'ਚ ਮੱਥਾ ਵੀ ਟੇਕਿਆ। 26 ਦਸੰਬਰ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਨ ਲਈ 'ਵੀਰ ਬਾਲ ਦਿਵਸ' ਵਜੋਂ ਮਨਾਇਆ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਧਰਮ ਦੀ ਰਾਖੀ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਅਮਿਤ ਸ਼ਾਹ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇਕ ਪੋਸਟ 'ਚ ਕਿਹਾ, "ਵੀਰ ਬਾਲ ਦਿਵਸ ਮੌਕੇ ਮੈਂ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਨਮਨ ਕਰਦਾ ਹਾਂ। ਪਰਮ ਹਿੰਮਤ ਨਾਲ ਉਹ ਬੇਰਹਿਮ ਮੁਗ਼ਲ ਸ਼ਾਸਨ ਵਿਰੁੱਧ ਖੜ੍ਹੇ ਹੋਏ ਅਤੇ ਧਰਮ ਪ੍ਰੀਵਰਤਨ ਤੋਂ ਇਨਕਾਰ ਕਰਦਿਆਂ ਉਨ੍ਹਾਂ ਨੇ ਸ਼ਹਾਦਤ ਦੀ ਚੋਣ ਕੀਤੀ। ਉਨ੍ਹਾਂ ਦੀ ਬੇਮਿਸਾਲ ਬਹਾਦਰੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ।' ਸ਼ਾਹ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਐਲਾਨ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਦੀ ਕੁਰਬਾਨੀ ਦਾ ਗਾਥਾ ਦੇਸ਼ ਅਤੇ ਦੁਨੀਆ ਦੇ ਕੋਨੇ-ਕੋਨੇ 'ਚ ਫੈਲਾਈ ਹੈ।




# ਸ੍ਰੀ ਮਨੋਜ ਸਿਨਹਾ ਨੇ ਗੁਰਦੁਆਰਾ ਭਗਵਤੀ ਨਗਰ ਵਿਖੇ 'ਵੀਰ ਬਾਲ ਦਿਵਸ' ਮਨਾਉਣ ਵਾਲੇ ਸਮਾਗਮ ਵਿੱਚ ਕੀਤੀ ਸ਼ਿਰਕਤ

ਜੰਮੂ : ਉਪ ਰਾਜਪਾਲ, ਸ਼੍ਰੀ ਮਨੋਜ ਸਿਨਹਾ ਨੇ ਅੱਜ ਗੁਰਦੁਆਰਾ ਭਗਵਤੀ ਨਗਰ ਵਿਖੇ 'ਵੀਰ ਬਾਲ ਦਿਵਸ' ਮਨਾਉਣ ਵਾਲੇ ਸਮਾਗਮ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚੇਲੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਬੁੱਤ ਤੋਂ ਪਰਦਾ ਹਟਾਇਆ ਅਤੇ 'ਸ਼ਬਦ ਕੀਰਤਨ' ਵਿਚ ਹਾਜ਼ਰੀ ਭਰੀ। ਗੁਰੂ ਜੀ ਦੇ ਚਾਰ ਸਾਹਿਬਜ਼ਾਦੇ ਦਲੇਰੀ, ਬਹਾਦਰੀ ਅਤੇ ਕੁਰਬਾਨੀ ਦੇ ਮੂਰਤ ਸਨ। ਉਪ ਰਾਜਪਾਲ ਨੇ ਕਿਹਾ ਕਿ ਸਾਹਿਬਜ਼ਾਦਿਆਂ ਦਾ ਜੀਵਨ, ਆਦਰਸ਼ ਅਤੇ ਬਹਾਦਰੀ ਇਤਿਹਾਸ ਵਿੱਚ ਬੇਮਿਸਾਲ ਹੈ।

"ਸਾਡੇ ਮਹਾਨ ਗੁਰੂਆਂ ਨੇ ਇਹ ਯਕੀਨੀ ਬਣਾਇਆ ਕਿ ਸਮਾਜ ਹਰ ਤਰ੍ਹਾਂ ਦੇ ਭੇਦਭਾਵ, ਡਰ ਅਤੇ ਅਸੁਰੱਖਿਆ ਤੋਂ ਮੁਕਤ ਹੋਵੇ। ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਦੇਸ਼ ਲਈ ਸਾਡੇ ਸਤਿਕਾਰਯੋਗ ਸਿੱਖ ਗੁਰੂਆਂ ਦੇ ਯੋਗਦਾਨ ਨੂੰ ਯਾਦ ਕਰਨ ਦਾ ਇੱਕ ਮੌਕਾ ਹੈ ਅਤੇ ਸਾਨੂੰ ਉਨ੍ਹਾਂ ਦੁਆਰਾ ਦਰਸਾਏ ਆਦਰਸ਼ਾਂ ਦੀ ਪ੍ਰਾਪਤੀ ਲਈ ਨਿਰੰਤਰ ਯਤਨ ਕਰਨੇ ਚਾਹੀਦੇ ਹਨ, ਉਪ ਰਾਜਪਾਲ ਨੇ ਕਿਹਾ।

ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਨੇ ਭਾਰਤ ਦੀ ਅਖੰਡਤਾ ਅਤੇ ਪ੍ਰਭੂਸੱਤਾ ਦੀ ਰੱਖਿਆ ਲਈ ਸਾਂਝੀ ਵਚਨਬੱਧਤਾ ਨਾਲ ਕੰਮ ਕੀਤਾ ਅਤੇ ਸਮਾਜ ਦੇ ਸਾਰੇ ਵਰਗਾਂ ਦੇ ਸਮਾਜਿਕ ਨਿਆਂ, ਸਮਾਜਿਕ ਸਦਭਾਵਨਾ ਅਤੇ ਸਸ਼ਕਤੀਕਰਨ ਨੂੰ ਉਤਸ਼ਾਹਿਤ ਕੀਤਾ। ਉਪ ਰਾਜਪਾਲ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ ਕਿ ਸਮੁੱਚਾ ਸਮਾਜ ਸਾਡੇ ਮਹਾਨ ਗੁਰੂਆਂ, ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਕੱਠੇ ਹੋਏ ਹਨ ਅਤੇ ਰਾਸ਼ਟਰ ਨਿਰਮਾਣ ਦੇ ਕਾਰਜ ਲਈ ਸੰਕਲਪ ਲਿਆ ਹੈ।

"ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਵਿੱਚ, ਜੰਮੂ ਕਸ਼ਮੀਰ ਵਿੱਚ ਆਨੰਦ ਮੈਰਿਜ ਐਕਟ ਲਾਗੂ ਕੀਤਾ ਗਿਆ ਹੈ। ਕੁਝ ਲੋਕ ਕਹਿੰਦੇ ਹਨ ਕਿ ਜੰਮੂ ਕਸ਼ਮੀਰ 'ਚ ਕੀ ਬਦਲਿਆ ਹੈ। ਜੇਕਰ ਧਾਰਾ 370 ਜੰਮੂ-ਕਸ਼ਮੀਰ ਵਿੱਚ ਰਹਿੰਦੀ ਤਾਂ ਆਨੰਦ ਮੈਰਿਜ ਐਕਟ ਅਸਲੀਅਤ ਨਹੀਂ ਬਣ ਸਕਦਾ ਸੀ। ਪ੍ਰਸ਼ਾਸਨ ਵੱਲੋਂ ਰਿਆਸੀ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਅਸਥਾਨ ਦੀ ਮੁਰੰਮਤ ਕਰਵਾਈ ਜਾ ਰਹੀ ਹੈ।





ਮੋਤੀ ਮਹਿਰਾ
ਇਕ ਸੁਚਾ ਮੋਤੀ
ਦੁਧ ਦਾ ਮੁਲ
ਮੋਤੀਆ ਦੇ ਤੁਲ

ਸੇਵਾ ਕੀਤੀ ਸੀ
ਗੁਰੂ ਦੇ ਲਾਲਾ ਦੀ

ਅਪਨਾ ਮਨ ਵਾਰਿਆ
ਹੌਂਸਲਾ ਨਹੀ ਹਾਰਿਆ

ਧਨ ਕੁਰਬਾਨ ਕੀਤਾ
ਦੁਧ ਦਾ ਦਾਨ ਲੀਤਾ

ਲਾਲ ਕੁਰਬਾਨ ਹੋ ਗਏ
ਮਾਤਾ ਜੀ ਵੀ ਚਲੇ ਗਏ
ਮੋਤੀ ਨੂੰ ਉਡੀਕ ਦੇ
ਸਚਖੰਡ ਵਿਚ ਬਿਰਾਜ ਕੇ

ਮੁਘਲਾ ਨੂੰ ਸੂਹ ਮਿਲੀ
ਜ਼ਹਿਰ ਪਰਫੁਲੀ

ਮੋਤੀ ਦਾ ਪਰੀਵਾਰ
ਕੋਲੂ ਵਿਚ ਪੀੜੇ

ਤਨ ਮਨ ਧਨ
ਸਭ ਕੁਰਬਾਨ
ਮੋਤੀ ਨੂੰ ਯਾਦ
ਕਰੇ ਸਗਲ ਜਹਾਨ
ਹੋਇਆ ਕੁਰਬਾਨ
ਲਾਲੇ ਦੇ ਨਾਲ

# 'ਵੀਰ ਬਾਲ ਦਿਵਸ' ਮੌਕੇ ਗੁਰਦੁਆਰਾ ਨਾਨਕ ਟੇਕਰੀ ਈਦਗਾਹ ਹਿਲਜ਼ ਵਿਖੇ ਨਤਮਸਤਕ ਹੋਏ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ







ਭੋਪਾਲ : ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਨੇ ਮੰਗਲਵਾਰ ਨੂੰ ਭੋਪਾਲ ਦੇ ਗੁਰਦੁਆਰਾ ਨਾਨਕ ਟੇਕਰੀ ਈਦਗਾਹ ਹਿਲਜ਼ ਵਿਖੇ ਵੀਰ ਬਾਲ ਦਿਵਸ ਮੌਕੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ।

# ਕੇਂਦਰੀ ਮੰਤਰੀ ਜੀ ਕਿਸ਼ਨ ਰੈਡੀ 'ਵੀਰ ਬਾਲ ਦਿਵਸ' ਮੌਕੇ ਗੁਰਦੁਆਰਾ ਸਾਹਿਬ ਵਿਖੇ ਹੋਏ ਨਤਮਸਤਕ

ਹੈਦਰਾਬਾਦ: ਕੇਂਦਰੀ ਮੰਤਰੀ ਅਤੇ ਭਾਜਪਾ ਤੇਲੰਗਾਨਾ ਇਕਾਈ ਦੇ ਪ੍ਰਧਾਨ ਜੀ ਕਿਸ਼ਨ ਰੈਡੀ ਨੇ ਮੰਗਲਵਾਰ ਨੂੰ ਇੱਥੇ ਅਮੀਰਪੇਟ ਸਥਿਤ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕੀਤੀ।

ਫੇਰੀ ਦੌਰਾਨ ਸ੍ਰੀ ਰੈਡੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਵੇਂ ਸਿੱਖ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਕ੍ਰਮਵਾਰ 9 ਅਤੇ 6 ਸਾਲ ਦੇ ਨੌਜਵਾਨ ਲੜਕਿਆਂ ਨੇ ਧਰਮ ਦੀ ਰੱਖਿਆ ਵਿੱਚ ਬਹਾਦਰੀ ਨਾਲ ਆਪਣੀਆਂ ਜਾਨਾਂ ਦਿੱਤੀਆਂ।

ਇਤਿਹਾਸਕ ਸੰਦਰਭ ਨੂੰ ਯਾਦ ਕਰਦਿਆਂ, ਉਨ੍ਹਾਂ ਨੇ ਉਜਾਗਰ ਕੀਤਾ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦਿਆਂ ਨੇ ਵੀ ਮੁਗਲ ਫੌਜ ਦਾ ਮੁਕਾਬਲਾ ਕੀਤਾ, ਅੰਤ ਵਿੱਚ ਧਾਰਮਿਕਤਾ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਕੇਂਦਰੀ ਮੰਤਰੀ ਨੇ ਕਿਹਾ ਕਿ ਸਿੰਘ ਦੇ ਦੋ ਛੋਟੇ ਪੁੱਤਰਾਂ ਨੂੰ ਔਰੰਗਜ਼ੇਬ ਦੀ ਫੌਜ ਨੇ ਬੰਦੀ ਬਣਾ ਲਿਆ ਸੀ, ਉਨ੍ਹਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ ਸੀ ਅਤੇ ਜਬਰੀ ਸਿੱਖ ਧਰਮ ਤੋਂ ਇਸਲਾਮ ਧਾਰਨ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਮੁਸੀਬਤਾਂ ਦਾ ਸਾਹਮਣਾ ਕਰਨ ਦੇ ਬਾਵਜੂਦ, ਲੜਕੇ ਸਿੱਖ ਧਰਮ ਨੂੰ ਤਿਆਗਣ ਤੋਂ ਇਨਕਾਰ ਕਰਦੇ ਹੋਏ, ਆਪਣੇ ਵਿਸ਼ਵਾਸ ਵਿੱਚ ਦ੍ਰਿੜ ਰਹੇ। ਰੈਡੀ ਨੇ ਕਿਹਾ ਕਿ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੀਆਂ ਕੁਰਬਾਨੀਆਂ ਨੂੰ ਮਨਾਉਣ ਲਈ ਦਿੱਲੀ ਵਿਖੇ ਕੇਂਦਰੀ ਸੱਭਿਆਚਾਰਕ ਵਿਭਾਗ ਦੀ ਸਰਪ੍ਰਸਤੀ ਹੇਠ 25 ਦਸੰਬਰ ਨੂੰ ਦੇਸ਼ ਵਿਆਪੀ ਪ੍ਰੋਗਰਾਮ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ, ਮੰਤਰੀਆਂ ਅਤੇ ਵਿਧਾਇਕਾਂ ਸਮੇਤ ਕਈ ਪਤਵੰਤੇ ਗੁਰਦੁਆਰਿਆਂ ਵਿੱਚ ਮੱਥਾ ਟੇਕਣ ਲਈ ਆ ਰਹੇ ਹਨ। ਬਹਾਦਰ ਲੜਕਿਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਮੰਤਰੀ ਨੇ ਗੁਰੂ ਗੋਬਿੰਦ ਸਿੰਘ ਦੇ ਸੰਘਰਸ਼ ਨੂੰ ਦਰਸਾਉਣ ਲਈ ਪ੍ਰਦਰਸ਼ਨੀਆਂ ਅਤੇ ਵਿਦਿਅਕ ਵੀਡੀਓਜ਼ ਵਰਗੀਆਂ ਚੱਲ ਰਹੀਆਂ ਕੋਸ਼ਿਸ਼ਾਂ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਨੇ ਸਾਰਿਆਂ ਨੂੰ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਪੁੱਤਰਾਂ ਨੂੰ ਯਾਦ ਕਰਨ ਦੀ ਅਪੀਲ ਕੀਤੀ, ਜਿਨ੍ਹਾਂ ਨੇ ਵਿਦੇਸ਼ੀ ਹਮਲਾਵਰਾਂ ਵਿਰੁੱਧ ਲੜਾਈ ਲੜੀ ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਸਮੂਹਿਕ ਭਾਵਨਾ ਨੂੰ ਉਤਸ਼ਾਹਿਤ ਕੀਤਾ।





# ਭਾਰਤ ਸਿਰ.ਫ ਕਾਗਜ਼ਾਂ 'ਚ ਸਭ ਤੋਂ ਵੱਡਾ ਲੋਕਤੰਤਰ: ਰਾਜਾ ਵੜਿੰਗ

## *ਕਾਂਗਰਸ ਵੱਲੋਂ ਸੰਸਦ ਮੈਂਬਰਾਂ ਦੀ ਮੁਅੱਤਲੀ ਵਿਰੁੱਧ ਪੰਜਾਬ ਭਰ 'ਚ ਰੋਸ ਪ੍ਰਦਰਸ਼ਨ*

ਚੰਡੀਗੜ੍ਹ : ਕਾਂਗਰਸ ਪਾਰਟੀ ਨੇ ਸੰਸਦ ਮੈਂਬਰਾਂ ਦੀ ਮੁਅੱਤਲੀ 'ਤੇ ਆਪਣਾ ਇਤਰਾਜ਼ ਦਾਇਰ ਕਰਨ ਲਈ ਅੱਜ ਪੰਜਾਬ ਭਰ ਵਿੱਚ ਰੋਸ ਪ੍ਰਦਰਸ਼ਨ ਕੀਤੇ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਵੀ ਸਾੜੇ ਗਏ। ਸੂਬੇ ਵਿੱਚ 29 ਥਾਵਾਂ 'ਤੇ ਰੋਸ ਪ੍ਰਦਰਸ਼ਨ ਕੀਤੇ ਗਏ, ਜਿਨ੍ਹਾਂ ਵਿੱਚ ਵੱਡੀ ਗਿਣਤੀ ਕਾਂਗਰਸੀ ਆਗੂਆਂ ਅਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ।

ਇਸ ਦੌਰਾਨ ਕਪੂਰਥਾਲਾ ਵਿੱਚ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਭਾਰਤ ਆਪਣੇ-ਆਪ ਵਿੱਚ ਵਿਸ਼ਵ ਪੱਧਰ 'ਤੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ ਪਰ ਇਹ ਦਾਅਵਾ ਸਿਰ.ਫ ਕਾ.ਗਜ਼ਾਂ ਵਿੱਚ ਹੀ ਜਾਪਦਾ ਹੈ, ਕਿਉਂਕਿ ਠੋਸ ਹਕੀਕਤ ਇਸ ਤੋਂ ਬਿਲਕੁਲ ਉਲਟ ਹੈ। ਸੰਸਦ ਜਿੱਥੇ ਕਿ ਸੰਸਦ ਮੈਂਬਰ ਭਾਰਤੀ ਲੋਕਤੰਤਰ ਦੇ ਅਸਲ ਸਰੂਪ ਨੂੰ ਉਜਾਗਰ ਕਰਦੇ ਹਨ, ਵਿੱਚ ਵਿਚਾਰਾਂ ਤੇ ਆਲੋਚਨਾ ਦੇ ਪ੍ਰਗਟਾਵੇ ਨੂੰ ਦਬਾਇਆ ਜਾਂਦਾ ਹੈ। ਜ਼ਿਲ੍ਹਾ ਪੱਧਰ 'ਤੇ ਕਈ ਆਗੂਆਂ ਨੇ ਕਿਹਾ ਕਿ ਭਾਜਪਾ ਦੀਆਂ ਕਾਰਵਾਈਆਂ ਨਾਲ ਲੋਕਤੰਤਰ ਨੂੰ ਭਾਰੀ ਸੱਟ ਵੱਜੀ ਹੈ। ਸ੍ਰੀ ਵੜਿੰਗ ਨੇ ਕਿਹਾ ਕਿ ਸੰਸਦ ਮੈਂਬਰਾਂ ਦੀ ਇਸ ਮੁਅੱਤਲੀ ਦਾ ਮਕਸਦ ਵਿਰੋਧੀ ਧਿਰ ਦੇ ਕਿਸੇ ਵੀ ਭਾਸ਼ਣ ਜਾਂ ਬਹਿਸ ਤੋਂ ਬਿਨਾਂ ਸਖ਼ਤ ਬਿੱਲਾਂ ਨੂੰ ਲਾਗੂ ਕਰਨ ਲਈ ਰਾਹ ਪੱਧਰਾ ਕਰਨਾ ਹੈ। ਉਨ੍ਹਾਂ ਸੰਸਦ ਵਿੱਚ ਸੁਰੱਖਿਆ 'ਚ ਸੰਨ੍ਹ ਲੱਗਣ ਦੇ ਸਬੰਧ ਵਿੱਚ ਜਵਾਬ ਮੰਗਣ ਲਈ 146 ਤੋਂ ਵੱਧ ਸੰਸਦ ਮੈਂਬਰਾਂ ਨੂੰ ਮੁਅੱਤਲ ਕੀਤੇ ਜਾਣ ਦੀ ਨਿਖੇਧੀ ਕੀਤੀ। ਉਨ੍ਹਾਂ ਇਸ ਸਬੰਧੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਆਲੋਚਨਾ ਵੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਕਿਸੇ ਵੀ ਤਰ੍ਹਾਂ ਦੀ ਤਾਨਾਸ਼ਾਹੀ ਦਾ ਡੱਟ ਕੇ ਵਿਰੋਧ ਕਰੇਗੀ। ਉਨ੍ਹਾਂ ਕਿਹਾ, "ਪੰਜਾਬ ਵਿੱਚ ਅਸੀਂ ਨਿਰੰਤਰ ਸਰਗਰਮ ਰਹੇ ਹਾਂ, ਭਾਵੇਂ ਕਿ ਉਹ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰਨਾ ਹੋਵੇ ਜਾਂ ਸਾਡੇ ਦੇਸ਼ ਵਿੱਚ ਜਮਹੂਰੀਅਤ ਦੇ ਖ਼ਾਤਮੇ ਦਾ ਵਿਰੋਧ ਕਰਨਾ ਹੋਵੇ।"






# ਰਾਹੁਲ ਦੀ ‘ਭਾਰਤ ਨਿਆਏ ਯਾਤਰਾ’ 14 ਜਨਵਰੀ ਤੋਂ

## ਮਨੀਪੁਰ ਤੋਂ ਮੁੰਬਈ ਤੱਕ 6200 ਕਿਲੋਮੀਟਰ ਦਾ ਫ਼ਾਸਲਾ 67 ਦਿਨਾਂ ’ਚ ਪੂਰਾ ਕਰਨਗੇ





ਨਵੀਂ ਦਿੱਲੀ : ਕਾਂਗਰਸ ਆਗੂ ਰਾਹੁਲ ਗਾਂਧੀ 14 ਜਨਵਰੀ ਤੋਂ ‘ਭਾਰਤ ਨਿਆਏ ਯਾਤਰਾ’ ਸ਼ੁਰੂ ਕਰਨਗੇ। ਮਨੀਪੁਰ ਤੋਂ ਮੁੰਬਈ ਤੱਕ ਕੱਢੀ ਜਾਣ ਵਾਲੀ ਇਹ ਯਾਤਰਾ 14 ਰਾਜਾਂ ਤੇ 85 ਜ਼ਿਲ੍ਹਿਆਂ ਵਿਚੋਂ ਦੀ ਹੋ ਕੇ ਲੰਘੇਗੀ। ਪੂਰਬ ਤੋਂ ਪੱਛਮ ਤੱਕ ਦਾ ਇਹ ਪੈਂਡਾ 67 ਦਿਨਾਂ ਵਿੱਚ ਪੂਰਾ ਕੀਤਾ ਜਾਵੇਗਾ। ‘ਭਾਰਤ ਜੋੜੋ ਯਾਤਰਾ’ ਦੀ ਸਫ਼ਲਤਾ ਮਗਰੋਂ ਰਾਹੁਲ ਦੀ ਇਸ ਅਗਲੀ ਯਾਤਰਾ ਨੂੰ 2024 ਦੀਆਂ ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਲਈ ਹਮਾਇਤ ਜੁਟਾਉਣ ਦੇ ਅਮਲ ਵਜੋਂ ਦੇਖਿਆ ਜਾ ਰਿਹਾ ਹੈ। ਨਿਆਏ ਯਾਤਰਾ, ਜੋ ਕਰੀਬ 6200 ਕਿਲੋਮੀਟਰ ਦਾ ਫਾਸਲਾ ਤੈਅ ਕਰੇਗੀ, ਬਹੁਤਾ ਕਰ ਕੇ ਬੱਸਾਂ ਤੇ ਕਿਤੇ ਕਿਤੇ ਤੁਰ ਕੇ ਪੂਰੀ ਕੀਤੀ ਜਾਣੀ ਹੈ। ਤਜਵੀਜ਼ਤ ਯਾਤਰਾ 20 ਮਾਰਚ ਨੂੰ ਮੁੰਬਈ ਵਿਚ ਖ਼ਤਮ ਹੋਵੇਗੀ। ਇਸ ਤੋਂ ਪਹਿਲਾਂ ਰਾਹੁਲ ਨੇ ਪਿਛਲੇ ਸਾਲ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਕੱਢੀ ‘ਭਾਰਤ ਜੋੜੋ ਯਾਤਰਾ’ ਦਾ 4000 ਕਿਲੋਮੀਟਰ ਤੋਂ ਵੱਧ ਦਾ ਫਾਸਲਾ 136 ਦਿਨਾਂ ’ਚ ਪੂਰਾ ਕੀਤਾ ਸੀ।

ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਗਾਂਧੀ ਨੇ ‘ਭਾਰਤ ਜੋੜੋ ਯਾਤਰਾ’ ਦੌਰਾਨ ਜਿੱਥੇ ‘ਆਰਥਿਕ ਅਸਮਾਨਤਾ, ਧਰੁਵੀਕਰਨ ਤੇ ਤਾਨਾਸ਼ਾਹੀ’ ਦੇ ਮੁੱਦਿਆਂ ਨੂੰ ਉਭਾਰਿਆ ਸੀ, ਉਥੇ ‘ਨਿਆਏ ਯਾਤਰਾ’ ਦੇਸ਼ ਦੇ ਲੋਕਾਂ ਲਈ ਸਮਾਜਿਕ, ਆਰਥਿਕ ਤੇ ਸਿਆਸੀ ਨਿਆਂ ’ਤੇ ਕੇਂਦਰਤ ਹੋਵੇਗੀ। ਰਮੇਸ਼ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ 14 ਜਨਵਰੀ ਨੂੰ ਇੰਫਾਲ ਤੋਂ ਨਿਆਏ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ। ਯਾਤਰਾ ਨਾਗਾਲੈਂਡ, ਅਸਾਮ, ਮੇਘਾਲਿਆ, ਪੱਛਮੀ ਬੰਗਾਲ, ਬਿਹਾਰ, ਝਾਰਖੰਡ, ਉੜੀਸਾ, ਛੱਤੀਸਗੜ੍ਹ, ਯੂਪੀ, ਮੱਧ ਪ੍ਰਦੇਸ਼, ਰਾਜਸਥਾਨ, ਗੁਜਰਾਤ ਤੇ ਮਹਾਰਾਸ਼ਟਰ ਵਿਚੋਂ ਦੀ ਲੰਘੇਗੀ। ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਦੇ ਇਸ ਮਾਰਚ ਨੂੰ ਸਿਆਸੀ ਤੌਰ ’ਤੇ ਅਹਿਮ ਮੰਨਿਆ ਜਾ ਰਿਹਾ ਹੈ। ਲੋਕ ਸਭਾ ਚੋਣਾਂ ਅਪਰੈਲ-ਮਈ ਵਿਚ ਹੋਣੀਆਂ ਹਨ। ਚੋਣਾਂ ਦਾ ਐਲਾਨ ਯਾਤਰਾ ਦੇ ਆਖਰੀ ਪੜਾਅ ਮੌਕੇ ਕੀਤਾ ਜਾ ਸਕਦਾ ਹੈ।

ਭਾਰਤ ਜੋੜੋ ਯਾਤਰਾ, ਜੋ 7 ਸਤੰਬਰ 2022 ਨੂੰ ਸ਼ੁਰੂ ਹੋ ਕੇ ਜਨਵਰੀ 2023 ਵਿਚ ਖ਼ਤਮ ਹੋਈ ਸੀ, ਦਾ ਕਾਂਗਰਸ ਨੂੰ ਹਿਮਾਚਲ ਪ੍ਰਦੇਸ਼, ਕਰਨਾਟਕ ਤੇ ਤਿਲੰਗਾਨਾ ਦੀਆਂ ਅਸੈਂਬਲੀ ਚੋਣਾਂ ਵਿੱਚ ਖਾਸਾ ਲਾਹਾ ਮਿਲਿਆ ਸੀ। ਪਾਰਟੀ ਨੇ ਦਾਅਵਾ ਕੀਤਾ ਸੀ ਕਿ ਰਾਹੁਲ ਦੀ ਇਸ ਯਾਤਰਾ ਨਾਲ ਪਾਰਟੀ ਵਰਕਰਾਂ ਤੇ ਆਗੂਆਂ ਵਿਚ ਨਵੀਂ ਰੂਹ ਫੂਕੀ ਗਈ ਸੀ। ਰਮੇਸ਼ ਨੇ ਕਿਹਾ, “ਭਾਰਤ ਜੋੜੋ ਯਾਤਰਾ ਮਗਰੋਂ ਕਾਂਗਰਸ ਹੁਣ ਰਾਹੁਲ ਗਾਂਧੀ ਦੀ ਅਗਵਾਈ ਵਿਚ ਭਾਰਤ ਨਿਆਏ ਯਾਤਰਾ ਕੱਢੇਗੀ।” ਉਨ੍ਹਾਂ ਕਿਹਾ ਕਿ ਕਾਂਗਰਸ 28 ਦਸੰਬਰ ਨੂੰ ਪਾਰਟੀ ਦੇ ਸਥਾਪਨਾ ਦਿਵਸ ਮੌਕੇ ਨਾਗਪੁਰ ਵਿਚ ਵਿਸ਼ਾਲ ਰੈਲੀ ਕਰੇਗੀ। ਰੈਲੀ, ਜਿਸ ਦਾ ਨਾਮ ‘ਹੈਂ ਤਿਆਰ ਹਮ’ ਰੱਖਿਆ ਗਿਆ ਹੈ, ਕਾਂਗਰਸ ਲਈ 2024 ਦੀਆਂ ਲੋਕ ਸਭਾ ਚੋਣਾਂ ਲਈ ਬਿਗੁਲ ਹੋਵੇਗਾ। ਕਾਂਗਰਸ ਦੇ ਜਨਰਲ ਸਕੱਤਰ (ਜਥੇਬੰਦੀ) ਕੇ. ਸੀ. ਵੇਣੂਗੋਪਾਲ ਨੇ ਕਿਹਾ ਕਿ ਨਿਆਏ ਯਾਤਰਾ ਦੌਰਾਨ ਮਹਿਲਾਵਾਂ, ਨੌਜਵਾਨਾਂ ਤੇ ਹਾਸ਼ੀਏ ’ਤੇ ਧੱਕੇ ਭਾਈਚਾਰਿਆਂ ਨਾਲ ਰਾਬਤਾ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨਿਆਏ ਯਾਤਰਾ ‘ਭਾਰਤ ਜੋੜੋ ਯਾਤਰਾ’ ਨਾਲੋਂ ਵੱਧ ਪੈਂਡਾ ਘੱਟ ਸਮੇਂ ਵਿਚ ਪੂਰਾ ਕਰੇਗੀ ਕਿਉਂਕਿ ਨਿਆਏ ਯਾਤਰਾ ਦੌਰਾਨ ਬਹੁਤਾ ਫਾਸਲਾ ਬੱਸ ਰਾਹੀਂ ਤੈਅ ਕੀਤਾ ਜਾਵੇਗਾ ਜਦੋਂਕਿ ਕੁਝ ਪੈਂਡਾ ਤੁਰ ਕੇ ਪੂਰਾ ਹੋਵੇਗਾ। ਦੱਸ ਦੇਈਏ ਕਿ ਕਾਂਗਰਸ ਵਰਕਿੰਗ ਕਮੇਟੀ ਦੀ 21 ਦਸੰਬਰ ਨੂੰ ਹੋਈ ਬੈਠਕ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਸੀ ਕਿ ਰਾਹੁਲ ਗਾਂਧੀ ਨੂੰ ਦੇਸ਼ ਦੇ ਪੂਰਬ ’ਚੋਂ ਪੱਛਮ ਵੱਲ ਦੂਜੇ ਗੇੜ ਦੀ ਯਾਤਰਾ ਕੱਢਣੀ ਚਾਹੀਦੀ ਹੈ।

ਯਾਤਰਾ ਦੀ ਸ਼ੁਰੂਆਤ ਲਈ ਮਨੀਪੁਰ ਨੂੰ ਹੀ ਚੁਣੇ ਜਾਣ ਪਿਛਲੇ ਮੰਤਵ ਬਾਰੇ ਪੁੱਛਣ ’ਤੇ ਵੇਣੂਗੋਪਾਲ ਨੇ ਕਿਹਾ ਕਿ ਇਹ ਦੇਸ਼ ਦਾ ਅਹਿਮ ਹਿੱਸਾ ਹੈ ਤੇ ਪਾਰਟੀ ਚਾਹੁੰਦੀ ਸੀ ਕਿ ਉੱਤਰ-ਪੂਰਬੀ ਰਾਜ ਦੇ ਲੋਕਾਂ ਦੇ ‘ਜ਼ਖ਼ਮਾਂ ’ਤੇ ਮੱਲ੍ਹਮ’ ਨਾਲ ਹੀ ਇਸ ਅਮਲ ਦਾ ਆਗਾਜ਼ ਹੋਵੇ। ਯਾਤਰਾ ਵਿਚ ਇੰਡੀਆ ਗੱਠਜੋੜ ਦੀਆਂ ਪਾਰਟੀਆਂ ਦੇ ਸ਼ਾਮਲ ਹੋਣ ਬਾਰੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਅਜੇ ਇਸ ’ਤੇ ਕੰਮ ਜਾਰੀ ਹੈ। ਭਾਰਤ ਜੋੜੋ ਯਾਤਰਾ ਦੌਰਾਨ ਗਾਂਧੀ ਨੇ 12 ਜਨਤਕ ਰੈਲੀਆਂ, 100 ਤੋਂ ਵੱਧ ਨੁੱਕੜ ਮੀਟਿੰਗਾਂ ਤੇ 13 ਪ੍ਰੈੱਸ ਕਾਨਫਰੰਸਾਂ ਨੂੰ ਸੰਬੋਧਨ ਕੀਤਾ ਸੀ।











### ਸਫ਼ਰ-ਏ-ਸ਼ਹਾਦਤ ਭਾਗ ਚੌਥਾ

# ਇੰਨੇ ਤਸੀਹੇ ਦੇ ਕੀਤਾ ਸੀ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ





ਤੂਤ ਦੀ ਪਤਲੀ ਛਟੀ ਲੈ ਕੇ ਸਾਹਿਬਜ਼ਾਦਿਆਂ ਨੂੰ ਕੁੱਟਿਆ ਗਿਆ ਤਾਂ ਜੋ ਸੱਟ ਲੱਗਣ ਤੇ ਡਰ ਨਾਲ ਉਹ ਇਸਲਾਮ ਕਬੂਲ ਲੈਣ। ਸਾਹਿਬਜ਼ਾਦਿਆਂ ਦੀਆਂ ਉਂਗਲਾ ਵਿੱਚ ਪੁਲੀਤੇ ਰੱਖ ਕੇ ਅੱਗ ਲਗਾਈ ਗਈ ਕੇ ਚਮੜੀ ਸੜਨ ਨਾਲ ਸਾਹਿਬਜ਼ਾਦੇ ਡੋਲ ਜਾਣ। ਪਰ ਗੁਰੂ ਕੇ ਉਹ ਲਾਲ ਫੇਰ ਨਾ ਡੋਲੇ।

**ਸਫ਼ਰ-ਏ-ਸ਼ਹਾਦਤ ਭਾਗ ਪਹਿਲਾ:** ਸ੍ਰੀ ਅਨੰਦਪੁਰ ਸਾਹਿਬ ਵਸਣ ਤੋਂ ਲੈ ਕੇ ਕਿਲ੍ਹਾ ਅਨੰਦਗੜ੍ਹ ਛੱਡਣ ਤੱਕ

**ਸਫ਼ਰ-ਏ-ਸ਼ਹਾਦਤ ਭਾਗ ਦੂਜਾ:** ਅਨੰਦਗੜ੍ਹ ਛੱਡਣ ਮਗਰੋਂ ਸਰਸਾ ਦੇ ਕੰਡੇ ਪਰਿਵਾਰ ਵਿਛੋੜੇ ਤੱਕ ਦੀ ਗਾਥਾ

**ਸਫ਼ਰ-ਏ-ਸ਼ਹਾਦਤ ਭਾਗ ਤੀਜਾ:** ਚਮਕੌਰ ਦੀ ਜੰਗ, ਜਦੋਂ 10 ਲੱਖ ਨਾਲ ਲੜੇ ਗੁਰੂ ਗੋਬਿੰਦ ਸਿੰਘ ਦੇ 40 ਸਿੰਘ

**ਸਫ਼ਰ-ਏ-ਸ਼ਹਾਦਤ ਭਾਗ ਚੌਥਾ:** ਅਨੰਦਪੁਰ ਦਾ ਕਿਲ੍ਹਾ ਛੱਡਣ ਮਗਰੋਂ ਜਦੋਂ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਖਾਦੀਆਂ ਕਸਮਾਂ ਤੋੜ ਦਿੱਤੀਆਂ ਅਤੇ ਹਮਲਾ ਕਰ ਦਿੱਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰ ਸਿੱਖਾਂ ਅਤੇ ਪਰਿਵਾਰ ਨਾਲ ਉਸ ਵੇਲੇ ਉਫ਼ਾਨ ’ਤੇ ਵਹਿੰਦੀ ਸਰਸਾ ਨਦੀ ਪਾਰ ਕੀਤੀ ਤਾਂ ਗੁਰੂ ਪਰਿਵਾਰ ਦਾ ਵਿਛੋੜਾ ਪੈ ਗਿਆ ਅਤੇ ਮਾਤਾ ਗੁਜਰੀ ਜੀ ਸੱਤ ਅਤੇ ਨੌਂ ਸਾਲਾਂ ਦੇ ਮਾਸੂਮ ਬੱਚੇ ਦਾਦੀ ਮਾਂ ਦੀਆਂ ਉਂਗਲਾਂ ਫੜ ਕੇ ਸਰਸਾ ਨਦੀ ਦੇ ਕਿਨਾਰੇ ਤੁਰਦੇ ਹੋਏ ਸਤਲੁਜ ਦਰਿਆ ਦੇ ਪੱਤਣ ’ਤੇ ਪੁੱਜ ਗਏ, ਜਿੱਥੇ ਸਰਸਾ ਨਦੀ ਸਤਲੁਜ ਦਰਿਆ ਵਿੱਚ ਅਭੇਦ ਹੋ ਜਾਂਦੀ ਹੈ।

**ਕੁੰਮਾ ਮਾਸ਼ਕੀ ਦੀ ਅਣਥੱਕ ਸੇਵਾ** : ਸਰਸਾ ’ਤੇ ਸਤਲੁਜ ਦੇ ਇਸੇ ਸਾਂਝੇ ਪੱਤਣ ਉੱਤੇ ‘ਕੁੰਮਾ’ ਨਾਂ ਦਾ ਮਾਸ਼ਕੀ ਰਹਿੰਦਾ ਸੀ। ਉਹ ਨੇਕ ਤੇ ਰੱਬ ਦਾ ਖ਼ੌਫ਼ ਖਾਣ ਵਾਲਾ ਇਨਸਾਨ ਸੀ ਅਤੇ ਗੁਰੂ ਸਾਹਿਬ ਨੂੰ ਮੰਨਣ ਵਾਲਾ ਸੀ, ਜਿਸ ਨੇ ਤਿੰਨਾਂ ਰੂਹਾਨੀ ਮੂਰਤਾਂ ਨੂੰ ਆਉਂਦੇ ਵੇਖ ਆਪਣੀ ਛੰਨ ’ਚ ਰਹਿਣ ਦੀ ਬੇਨਤੀ ਕੀਤੀ। ਉਸ ਰਾਤ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੇ ਕੁੰਮੇ ਮਾਸ਼ਕੀ ਦੀ ਛੰਨ ਵਿੱਚ ਠਾਹਰ ਕੀਤਾ।

**ਪੰਥ ਦੋਖੀ ਗੰਗੂ ਬ੍ਰਾਹਮਣ ਨੇ ਕੁਫ਼ਰ ਕਮਾਇਆ**

ਇਸ ਮਗਰੋਂ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ (Chotte Sahibzadas) ਨੂੰ ਗੁਰੂ-ਘਰ ਦਾ ਰਸੋਈਆ ਗੰਗੂ ਮਿਲ ਗਿਆ। ਜੋ ਉਨ੍ਹਾਂ ਨੂੰ ਆਪਣੇ ਨਾਲ ਮੋਰਿੰਡੇ ਕੋਲ ਆਪਣੇ ਘਰੇ ਪਿੰਡ ਸਹੇੜੀ ਲੈ ਗਿਆ। ਘਰ ਜਾ ਕੇ ਜਦੋਂ ਗੰਗੂ ਨੇ ਮਾਤਾ ਜੀ ਵੱਲੋਂ ਆਪਣੇ ਨਾਲ ਇਸ ਔਖੀ ਘੜੀ ਦੌਰਾਨ ਰਖੀਆਂ ਮੋਹਰਾਂ ਦੀ ਥੈਲੀ ਵੇਖੀ ਤਾਂ ਉਸ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਰਾਤ ਨੂੰ ਉਹ ਥੈਲੀ ਚੋਰੀ ਕਰ ਲਈ ਅਤੇ ਮਾਤਾ ਜੀ ਨੇ ਇਹ ਵੇਖ ਲਿਆ। ਜਿਸ ਮਗਰੋਂ ਜਦੋਂ ਅਗਲੇ ਦਿਨ ਉਨ੍ਹਾਂ ਗੰਗੂ ਨੂੰ ਪੁੱਛਿਆ ਤਾਂ ਉਹ ਕਹਿਣ ਲੱਗਾ ਵੀ ਉਹ ਥੈਲੀ ਚੋਰ ਆ ਕੇ ਲੈ ਗਿਆ ਹੋਣਾ। ਪਰ ਮਾਤਾ ਜੀ ਨੇ ਉਸ ਨੂੰ ਥੈਲੀ ਚੋਰੀ ਕਰਦਿਆਂ ਵੇਖ ਲਿਆ ਸੀ। ਉਨ੍ਹਾਂ ਉਸ ਨੂੰ ਕਿਹਾ ਕਿ ਜੇਕਰ ਤੈਨੂੰ ਪੈਸਿਆਂ ਦੀ ਲੋੜ ਹੈ ਤਾਂ ਤੂੰ ਮੋਹਰਾਂ ਵਾਲੀ ਥੈਲੀ ਰੱਖ ਲੈ ਪਰ ਝੂਠ ਨਾ ਬੋਲ। ਆਪਣੀ ਚੋਰੀ ਫੜੀ ਜਾਂਦੀ ਵੇਖ ਉਹ ਭੜਕ ਗਿਆ ਅਤੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਮਾਤਾ ਜੀ ਨੇ ਉਸ ’ਤੇ ਝੂਠਾ ਇਲਜ਼ਾਮ ਲਾਇਆ। ਇਹ ਕਰਮ ਕਮਾ ਉਸ ਦਾ ਮਨ ਹੋਰ ਬੇਈਮਾਨ ਹੋ ਗਿਆ ਅਤੇ ਉਸ ਨੇ ਘੜਤ ਘੜੀ ਕਿ ਉਹ ਹੁਣ ਸਰਕਾਰ ਦਾ ਖ਼ਬਰੀ ਬਣ ਇਨਾਮ ਵੀ ਵਸੂਲ ਲਵੇਗਾ ਅਤੇ ਦੋਵੇਂ ਪਾਸਿਉਂ ਪੈਸੇ ਬਟੋਰ ਮਾਲਾਮਾਲ ਹੋ ਜਾਵੇਗਾ। ਪੰਥ ਦੋਖੀ ਗੰਗੂ ਪਾਪੀ ਨੇ ਮੋਰਿੰਡੇ ਦੇ ਥਾਣੇਦਾਰ ਨੂੰ ਖ਼ਬਰ ਦੇ ਕੇ ਬੱਚਿਆਂ ਅਤੇ ਮਾਤਾ ਜੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਮੋਰਿੰਡੇ ਦੇ ਥਾਣੇਦਾਰ ਨੇ ਮਾਤਾ ਜੀ ਤੇ ਬੱਚਿਆਂ ਨੂੰ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ। ਪਹਿਲੀ ਰਾਤ ਉਨ੍ਹਾਂ ਨੂੰ ਮੋਰਿੰਡੇ ਦੇ ਥਾਣੇ ’ਚ ਰੱਖਿਆ ਗਿਆ। ਅਗਲੇ ਦਿਨ ਉਨ੍ਹਾਂ ਨੂੰ ਸੂਬਾ ਸਰਸੂਬਾ ਸਰਹਿੰਦ ਨੂੰ ਲੱਗਿਆ ਵੀ ਹੁਣ ਤਾਂ ਗੁਰੂ ਸਾਹਿਬ ਨੂੰ ਝੁਕਣਾ ਪਵੇਗਾ

ਮਾਤਾ ਗੁਜਰੀ ਜੀ ਦੇ ਨਾਲ ਵਿੱਛੜੇ ਸਿੱਖ ਭਾਈ ਦੋਨਾਂ ਸਿੰਘ ਹੰਡੂਰੀਆ ਦੀ ਬ੍ਰਿਜ ਭਾਸ਼ਾ ਵਿਚ ਲਿਖੀ ਕਿਤਾਬ ‘ਕਥਾ ਗੂਰੂ ਸੂਤਨ ਜੀ ਕੀ’ ’ਚ ਲਿਖਿਆ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਹੱਥ ਘੜੀਆਂ ਲੱਗਾ ਕੇ ਤੋਰ ਕੇ ਮੋਰਿੰਡੇ ਲਿਆਂਦਾ ਗਿਆ। ਜਿੱਥੇ 8 ਪੋਹ ਦੀ ਰਾਤ ਨੂੰ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡਾ ਵਿਖੇ ਕਾਲ ਕੋਠੜੀ ’ਚ ਭੁੱਖੇ ਰੱਖਿਆ ਗਿਆ ਅਤੇ ਕੋਈ ਵੀ ਕੱਪੜਾ ਨਹੀਂ ਦਿੱਤਾ ਗਿਆ। ਉਨ੍ਹਾਂ ਨੂੰ ਸਾਰੀ ਰਾਤ ਉਸ ਕਾਲ ਕੋਠੜੀ ਵਿੱਚ ਠੰਡੀ ਜ਼ਮੀਨ ਉੱਪਰ ਕੱਟਣੀ ਪਈ। ਅਗਲੇ ਦਿਨ ਨੂੰ ਗੁਰੂ ਦੇ ਪਰਿਵਾਰ ਨੂੰ ਸਰਹਿੰਦ ਲਿਆਂਦਾ ਗਿਆ ਜਿੱਥੇ ਵਜ਼ੀਰ ਖ਼ਾਨ ਗੁਰੂ ਜੀ ਨੂੰ ਇੰਨੇ ਲੰਬੇ ਸਮੇਂ ਘੇਰਾ ਪਾ ਕੇ ਵੀ ਨਾ ਫੜ ਸਕਣ ਕਾਰਨ ਮਾਯੂਸ ਸੀ। ਜਦੋਂ ਉਸ ਨੂੰ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਗ੍ਰਿਫ਼ਤਾਰੀ ਬਾਰੇ ਪਤਾ ਲੱਗਿਆ ਤਾਂ ਉਨ੍ਹੇ ਸੋਚਿਆ ਕਿ ਹੁਣ ਮਾਂ ਤੇ ਪੁੱਤਰਾ ਦਾ ਮੋਹ ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਕੋਲ ਖਿੱਚ ਲਿਆਵਾਂਗੇ ਤੇ ਗੁਰੂ ਸਾਹਿਬ ਨੂੰ ਉਸ ਅੱਗੇ ਝੁਕਣ ਲਈ ਮਜਬੂਰ ਹੋਣਾ ਪਵੇਗਾ।

ਵਜ਼ੀਰ ਖ਼ਾਨ ਨੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ। ਉਸ ਸਮੇਂ ਠੰਡੇ ਬੁਰਜ ਦੇ ਥੱਲਿਓਂ ਪਾਣੀ ਵਗਦਾ ਸੀ ਜਿਸ ਨਾਲ ਹਵਾ ਟਕਰਾਅ ਕੇ ਉੱਪਰ ਵੱਲ ਆਉਂਦੀ ਸੀ ਤਾਂ ਅੱਤ ਦੀ ਗਰਮੀ ਵਿੱਚ ਵੀ ਕੰਬਣੀ ਛੇੜ



**ਜਸਮੀਤ ਸਿੰਘ**

ਠੰਡ ਹੁੰਦੀ ਸੀ ਅਤੇ ਅੱਤ ਦੀ ਸਰਦੀ ਵਿੱਚ ਕੀ ਹਾਲ ਹੁੰਦਾ ਹੋਵੇਗਾ ਇਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ। ਮਾਤਾ ਜੀ ਤੇ ਬੱਚੇ ਠੰਡੇ ਫ਼ਰਸ਼ ਉੱਪਰ ਬੈਠ ਗਏ ਤੇ ਮਾਤਾ ਜੀ ਕੋਲ ਸਿਰਫ਼ ਬੱਚਿਆ ਦੇ ਥੋੜੇ ਜਿਹੇ ਕੱਪੜੇ ਸਨ। ਉਸ ਰਾਤ ਵੀ ਉਨ੍ਹਾਂ ਨੂੰ ਖਾਣ ਲਈ ਕੁੱਝ ਨਾ ਦਿੱਤਾ ਗਿਆ। ਦੋ ਦਿਨਾਂ ਬਾਅਦ ਭੁੱਖੇ ਭਾਣੇ ਉਨ੍ਹਾਂ ਨਿੱਕੇ ਨਿੱਕੇ ਬੱਚਿਆਂ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ।

**ਹਿੰਦ ਕੋਲ ਲੈ ਜਾਣਾ ਹੋਇਆ।**

**ਸੂਬਾ ਸਰਹਿੰਦ ਦੀ ਪਹਿਲੀ ਕਚਹਿਰੀ ’ਚ ਕੀ ਹੋਇਆ ?**

ਡਾਕਟਰ ਗੰਡਾ ਸਿੰਘ ਜੀ ਲਿਖਦੇ ਨੇ ਕਿ ਸਾਹਿਬਜ਼ਾਦਿਆਂ ਦੀਆਂ ਨੱਕ ਦੀਆਂ ਟੋਡਰੀਆ ਲਾਲ ਹੋ ਗਈਆਂ ਸਨ ਬੁੱਲ ਨੀਲੇ ਤੇ ਹੱਥ ਠੰਡ ਨਾਲ ਬੇਹਾਲ ਹੋਏ ਪਏ ਸਨ। ਵੈਰੀਆਂ ਨੇ ਹੁਣ ਗੁਰੂ ਸਾਹਿਬ ਨੂੰ ਹਰਾਉਣ ਲਈ ਨਵੀਂ ਤਰਕੀਬ ਸੋਚੀ, ਉਨ੍ਹਾਂ ਸੋਚਿਆ ਵੀ ਕਿਉਂ ਨਾ ਇਨ੍ਹਾਂ ਛੋਟੇ ਬੱਚਿਆਂ ਨੂੰ ਇਸਲਾਮ ਕਬੂਲ ਕਰਵਾ ਦਿੱਤਾ ਜਾਵੇ, ਜਿਸ ਨਾਲ ਮਿਸਾਲ ਕਾਇਮ ਹੋਵੇ ਅਤੇ ਗੁਰੂ ਦੀ ਜਿੱਤਦਿਆਂ ਦੀ ਹਰ ਹੋ ਜਾਵੇ। ਪਹਿਲਾਂ ਤਾਂ ਉਨ੍ਹਾਂ ਨੂੰ ਪਿਆਰ ਅਤੇ ਲਾਲਚ ਦੇ ਕੇ ਮਨਾਉਣ ਦੀ ਕੋਸ਼ਿਸ਼ ਕੀਤੀ ਗਈ। ਪਰ ਜਦੋਂ ਬੱਚੇ ਗੁਰੂ ਗੋਬਿੰਦ ਸਿੰਘ ਦੇ ਹੋਣ, ਪੋਤੇ ਹਿੰਦ-ਦੀ-ਚਾਦਰ ਗੁਰੂ ਤੇਗ਼ ਬਹਾਦਰ ਸਾਹਿਬ ਦੇ ਅਤੇ ਸੰਸਕਾਰਾਂ ਦੀ ਗੁੜ੍ਹਤੀ ਉਨ੍ਹਾਂ ਨੂੰ ਜਗਤ ਮਾਤਾ, ਮਾਤਾ ਗੁਜਰ ਕੌਰ ਜੀ ਦੇ ਰਹੇ ਹੋਣ ਤਾਂ ਉਨ੍ਹਾਂ ਕਿਥੇ ਜ਼ਾਲਮਾਂ ਸਾਹਮਣੇ ਝੁਕਣਾ ਕਬੂਲ ਕਰਨਾ ਸੀ।

ਫਿਰ ਇੱਕ ਤੂਤ ਦੀ ਪਤਲੀ ਛੱਟੀ ਲੈ ਕੇ ਸਾਹਿਬਜ਼ਾਦਿਆਂ ਨੂੰ ਕੁੱਟਿਆ ਗਿਆ ਤਾਂ ਜੋ ਸੱਟ ਲੱਗਣ ਤੇ ਡਰ ਨਾਲ ਉਹ ਇਸਲਾਮ ਕਬੂਲ ਲੈਣ। ਇਸ ਨਾਲ ਉਨ੍ਹਾਂ ਦਾ ਮਾਸ ਉੱਭਰ ਗਿਆ ਤੇ ਕੋਮਲ ਸਰੀਰ ਉੱਪਰ ਨਿਸ਼ਾਨ ਪੈ ਗਏ। ਇਸ ਸਜਾ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਮਾਤਾ ਜੀ ਕੋਲ ਭੇਜ ਦਿੱਤਾ ਗਿਆ। ਮਾਤਾ ਜੀ ਨੇ ਉਨ੍ਹਾਂ ਦਾ ਹਾਲ ਪੁੱਛਿਆ ਅਤੇ ਉਨ੍ਹਾਂ ਦੇ ਮਨਾਂ ਨੂੰ ਹੋਰ ਦ੍ਰਿੜ ਕਰਨ ਲਈ ਦਾਦਾ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਦਾਸਤਾਨ ਸੁਣਾਈ ਤਾਂ ਜੋ ਉਹ ਡੋਲ ਨਾ ਜਾਣ। ਕਥਾ ਗੁਰੂ ਸੂਤਨ ਜੀ ਕੀ ਮੁਤਾਬਕ ਅਗਲੇ ਦਿਨ ਦੋਨਾਂ ਸਾਹਿਬਜ਼ਾਦਿਆਂ ਨੂੰ ਪਿੱਪਲ ਨਾਲ ਬੰਨ ਕੇ ਗ਼ੁਲੇਲੇ ਮਾਰੇ ਗਏ। ਡਾਕਟਰ ਗੰਡਾ ਸਿੰਘ ਜੀ ਮੁਤਾਬਕ ਸਾਹਿਬਜ਼ਾਦਿਆਂ ਦੀਆਂ ਉਂਗਲਾਂ ਵਿੱਚ ਪੁਲੀਤੇ ਰੱਖ ਕੇ ਅੱਗ ਲਗਾਈ ਗਈ ਕੇ ਚਮੜੀ ਸੜਨ ਨਾਲ ਸਾਹਿਬਜ਼ਾਦੇ ਡੋਲ ਜਾਣ। ਪਰ ਗੁਰੂ ਕੇ ਉਹ ਲਾਲ ਫੇਰ ਨਾ ਡੋਲੇ ਜ਼ਾਲਮਾਂ ਦੀ ਆਖ਼ਰੀ ਕਚਹਿਰੀ ’ਚ ਕੀ ਬੋਲੇ ਗੁਰੂ ਕੇ ਲਾਲ ਅਖੀਰ 12 ਪੋਹ ਨੂੰ ਜਦੋਂ ਆਖ਼ਰੀ ਕਚਹਿਰੀ ਲੱਗੀ ਤਾਂ ਕਾਜ਼ੀ ਨੂੰ ਫ਼ਤਵਾ ਦੇਣ ਲਈ ਕਿਹਾ ਗਿਆ ਪਰ ਇਸਲਾਮ ਮੁਤਾਬਿਕ ਇੱਕ ਬੱਚੇ ਅਤੇ ਇੱਕ ਔਰਤ ਦਾ ਖ਼ੂਨ ਦਾ ਕਤਰਾ ਧਰਤੀ ’ਤੇ ਨਹੀਂ ਡਿਗਣਾ ਚਾਹੀਦਾ ਅਤੇ ਸਾਹਿਬਜ਼ਾਦਿਆਂ ਦਾ ਕਸੂਰ ਵੀ ਕੋਈ ਨਾ ਮਿਲਿਆ। ਇਸ ’ਤੇ ਜ਼ਾਲਮਾਂ ਦਾ ਵਫ਼ਾਦਾਰ ਅਤੇ ਇੱਕ ਅਹਿਲਕਾਰ ਸੁੱਚਾ ਨੰਦ ਬੋਲਿਆ ਓਏ ਸਾਹਿਬਜ਼ਾਦਿਓ ਜੇਕਰ ਤੁਹਾਨੂੰ ਛੱਡ ਦਿੱਤਾ ਜਾਏ ਤਾਂ ਤੁਸੀਂ ਕੀ ਕਰੋਗੇ ਤਾਂ ਸਾਹਿਬਜ਼ਾਦਿਆਂ ਨੇ ਕਿਹਾ ਕਿ ਪਿਤਾ ਗੁਰੂ ਗੋਬਿੰਦ ਸਿੰਘ ਕੋਲ ਜਾਵਾਂਗੇ ਤੇ ਸਿੰਘ ਇਕੱਠੇ ਕਰਾਂਗੇ ਅਤੇ ਇਸ ਸੂਬਾ ਸਰਹਿੰਦ ਨੂੰ ਸਜ਼ਾ ਦਿਵਾਵਾਂਗੇ। ਸੁੱਚਾ ਨੰਦ ਨੇ ਵਾਰ ਵਾਰ ਫਿਰ ਪੁੱਛਿਆ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਉਹੀ ਜਵਾਬ ਦਿੱਤਾ ਤਾਂ ਅਖੀਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਕਿਹਾ ਕਿ ਸੁੱਚਾ ਨੰਦ ਜਿਨ੍ਹਾਂ ਚਿਰ ਇਸ ਜ਼ਾਲਮ ਰਾਜ ਦੀ ਜੜ੍ਹ ਨਹੀਂ ਪੱਟੀ ਜਾਂਦੀ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ, ਅਸੀਂ ਲੜਦੇ ਰਹਾਂਗੇ। ਫਿਰ ਜ਼ਾਲਮਾਂ ਨੇ ਘੜਤ ਘੜੀ ਕਿ ਹਕੂਮਤ ਦੇ ਇਨ੍ਹਾਂ ਬਾਗ਼ੀਆਂ ਨੂੰ ਨੀਂਹਾਂ ਵਿੱਚ ਚਿਣ ਦਿੱਤਾ ਜਾਏ। ਫ਼ੈਸਲਾ ਸੁਣਾ ਦਿੱਤਾ ਗਿਆ ਤੇ ਮਾਤਾ ਜੀ ਨੂੰ ਜਾ ਸਾਹਿਬਜ਼ਾਦਿਆਂ ਵੱਲੋਂ ਸਾਰੀ ਗੱਲ ਦੱਸੀ ਗਈ ਕਿ ਕਲ ਸਾਨੂੰ ਨੀਂਹਾਂ ਵਿੱਚ ਚਿਣਵਾ ਦਿੱਤਾ ਜਾਵੇਗਾ।

**ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਦਾਸਤਾਨ** : ਇਤਿਹਾਸ ਮੁਤਾਬਕ ਸ਼ਹਾਦਤ ’ਤੇ ਜਾਣ ਤੋਂ ਪਹਿਲਾਂ ਮਾਤਾ ਜੀ ਨੇ ਗਠੜੀ ਵਿਚੋਂ ਨੀਲੇ ਚੋਲ਼ੇ ਛੋਟੇ ਸਾਹਿਬਜ਼ਾਦਿਆਂ ਦੇ ਪਾਏ, ਦਸਤਾਰਾਂ ਸਜਾਈਆਂ ਅਤੇ ਦੋਹਾਂ ਦਾ ਮੱਥਾ ਚੁੰਮ ਕੇ ਵਿਦਾ ਕੀਤਾ। ਸੋਹਣ ਸਿੰਘ ਸੀਤਲ ਲਿਖਦੇ ਨੇ, ਛੋਟੇ ਸਾਹਿਬਜ਼ਾਦੇ ਬਾਬਾ ਫ਼ਤਿਹ ਸਿੰਘ ਥੋੜ੍ਹਾ ਅੱਗੇ ਜਾ ਕੇ ਪਿੱਛੇ ਮਾਤਾ ਜੀ ਵੱਲ ਵੇਖਦੇ ਹਨ ਤੇ ਕਹਿੰਦੇ ਹਨ, ’ਦਾਦੀ ਜੀ ਅਕਾਲ ਚਲਾਣੇ ਤੋਂ ਬਾਅਦ ਤੁਸੀਂ ਸਾਨੂੰ ਕਦੇ ਇਕੱਲਿਆਂ ਨਹੀਂ ਛੱਡਣਾ, ਹੁਣ ਵੀ ਸਾਡੇ ਪਿੱਛੇ ਪਿੱਛੇ ਆ ਜਾਣਾ।’ ਦੋਹਾਂ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣ ਦਿੱਤਾ ਗਿਆ ਤਾਂ ਕੱਚੀ ਹੋਣ ਕਰ ਕੇ ਕੰਧ ਗਿਰ ਗਈ ਤੇ ਬੱਚੇ ਬੇਹੋਸ਼ ਸਨ। ਹੁਣ ਮੁੜ ਸਜ਼ਾ ਨਹੀਂ ਦਿੱਤੀ ਜਾ ਸਕਦੀ ਸੀ ਪਰ ਫਿਰ ਹੁਕਮ ਹੋਇਆ ਕਿ ਇਨ੍ਹਾਂ ਨੂੰ ਜ਼ਿਬ ?ਹਾ ਕਰ ਦਿਓ। ਤਿੱਖੇ ਖ਼ੰਜਰਾਂ ਨਾਲ ਜਲਾਦਾਂ ਨੇ ਦੋਵਾਂ ਸਾਹਿਬਜ਼ਾਦਿਆਂ ਨੂੰ ਗੋਡੇ ਥੱਲੇ ਦੇ, ਉਨ੍ਹਾਂ ਦਾ ਸਿਰ ਉੱਤੇ ਚੁੱਕ ਉਨ੍ਹਾਂ ਪਵਿੱਤਰ ਸਰੀਰਾਂ ਦੇ ਗਲੇ ਵੱਢ ਦਿੱਤੇ।

ਇਤਿਹਾਸਕ ਗ੍ਰੰਥ ਬੰਸਾਵਲੀ ਨਾਮੇ ਵਿਚ ਲਿਖਿਆ ਹੈ ਕਿ ਬਾਬਾ ਜ਼ੋਰਾਵਰ ਸਿੰਘ (Baba Zorawar Singh) ਦੋ ਤੋਂ ਢਾਈ ਮਿੰਟ ਵਿੱਚ ਸ਼ਹੀਦ ਹੋ ਗਏ ਜਦਕਿ ਬਾਬਾ ਫ਼ਤਿਹ ਸਿੰਘ (Baba Fateh Singh) ਲਗਭਗ ਅੱਧੀ ਘੜੀ ਜੋ ਕਿ 12 ਮਿੰਟ ਬਣਦੇ ਨੇ, ਉਦੋਂ ਤੱਕ ਚਰਨ ਮਾਰਦੇ ਰਹੇ ਤੇ ਖ਼ੂਨ ਨਿਕਲਦਾ ਰਿਹਾ ਤੇ ਹੌਲੀ ਹੌਲੀ ਚਰਨ ਹਿੱਲਣੇ ਬੰਦ ਹੋ ਗਏ। ਦੂਜੇ ਪਾਸੇ ਆਪਣੇ ਪੋਤਿਆਂ ਦੀ ਸ਼ਹਾਦਤ ਦੀ ਕਹਾਣੀ ਸੁਣਦਿਆਂ ਉਹ ਵੀ ਬੱਚਿਆਂ ਦਾ ਵਿਛੋੜਾ ਨਾ ਸਹਿ ਸਕੇ ਅਤੇ ਮਾਤਾ ਜੀ ਵੀ ਆਪਣੇ ਪ੍ਰਾਣ ਤਿਆਗ ਉਸ ਅਕਾਲ ਪੁਰਖ ਦੇ ਭਾਣੇ ਨੂੰ ਮੰਨਦਿਆਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

**S.Jasmeet Singh ਧੰਨਵਾਦ ਸਾਹਿਤ ਸੋਸ਼ਲ ਮੀਡੀਆ**


Happy New Year
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਗਿੱਲ ਬ੍ਰਦਰਜ਼
ਸੌਂਗੀ, ਬਦਾਮ, ਅੰਗੂਰ ਦੀ ਕਾਸ਼ਤ ਵਿਚ ਅਮਰੀਕਾ ਦੇ ਉਘੇ ਕਿਸਾਨ ਸਿੱਖ ਯੂਥ ਆਫ਼
ਅਮਰੀਕਾ ਦੇ ਸੀਨੀਅਰ ਅਤੇ ਫਾਉਂਡਰ ਮੈਂਬਰ ਗੁਰਦੁਆਰਾ ਸਾਹਿਬ ਦੇ ਸਾਬਕਾ ਸਕੱਤਰ
ਸ੍ਰ. ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ,
ਸ੍ਰ. ਗੁਰਜੰਟ ਸਿੰਘ ਗਿੱਲ, ਸ੍ਰ. ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ)




ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ

ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ

1033. W Charter Way Stockton CA 95206 (1-5 Hwy4)

# ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ

## ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤ੍ਰਾ ਕੇ ਲਿਯੇ। ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲਿਯੇ।



ਸਿੱਖ ਇਤਿਹਾਸ ਦੀ ਸ਼ਹੀਦੀ ਪਰੰਪਰਾ ਲਾਸਾਨੀ ਹੈ। ਸੰਮਤ 1761 ’ਚ 8 ਪੋਹ ਅਤੇ 13 ਪੋਹ ਦੀਆਂ ਘਟਨਾਵਾਂ, ਜਿਨ੍ਹਾਂ ’ਚ ਮੇਰੇ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੀਆਂ ਚਮਕੌਰ ’ਚ ਸ਼ਹਾਦਤਾਂ ਅਤੇ ਸਰਹੰਦ ’ਚ ਨਿੱਕੀਆਂ ਜ਼ਿੰਦਾਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਦੀਆਂ ਅਡੋਲ ਪੂਰੇ ਸਿਦਕ ਨਾਲ ਦਿੱਤੀਆਂ ਮਹਾਨ ਸ਼ਹਾਦਤਾਂ ਨਿਸ਼ਚੇ ਹੀ “ਬਾਬੇਕਿਆਂ ਅਤੇ ਬਾਬਰਕਿਆਂ” ਵਿਚਕਾਰ ਖ਼ੂਨੀ ਸੰਘਰਸ਼ ਦਾ ਸਿਖਰ ਸੀ। ਜਿਸ ਦੀ ਸ਼ੁਰੂਆਤ ਗੁਰੂ ਨਾਨਕ ਸਾਹਿਬ ਵੱਲੋਂ ਐਮਨਾਬਾਦ ’ਚ ਬਾਬਰ ਨੂੰ ਜਾਬਰ ਕਹਿਣ ਅਤੇ “ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥” ਨਾਲ ਹੋ ਗਈ ਸੀ। ਗੁਰੂ ਨਾਨਕ ਸਾਹਿਬ ਅਤੇ ਭਗਤੀ ਲਹਿਰ ਦੇ ਸੰਤ ਮਹਾਂਪੁਰਸ਼ ਭਾਰਤ ਨੂੰ ਵਿਦੇਸ਼ੀਆਂ ਦੀ 7 ਸਦੀਆਂ ਤੋਂ ਜਾਰੀ ਗ਼ੁਲਾਮੀ ਤੋਂ ਨਿਜਾਤ ਦਿਵਾਉਣਾ ਚਾਹੁੰਦੇ ਸਨ। ਭਗਤ ਕਬੀਰ ਜੀ ਦੇ “ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥” ਦੇ ਸੰਕਲਪ ਨੂੰ ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੂਰਾ ਕਰ ਕੇ ਦਿਖਾਇਆ। ਗੁਰੂ ਸਾਹਿਬ ਦੀ ਸ਼ਹੀਦੀ ਦਾ ਕਾਰਨ ਕੇਵਲ ਦੀਵਾਨ ਚੰਦੂ ਦੀ ਧੀ ਦਾ ਰਿਸ਼ਤਾ ਬਾਲ (ਗੁਰੂ) ਹਰਗੋਬਿੰਦ ਸਾਹਿਬ ਲਈ ਇਨਕਾਰ ਕਰਨ ਦਾ ਹੀ ਨਹੀਂ ਸੀ। ਲੇਕਿਨ ਅਸਲ ਕਾਰਨ ਜੋ ਜਹਾਂਗੀਰ ਨੇ ਆਪਣੀ ਡਾਇਰੀ ਵਿਚ ਲਿਖਿਆ ਉਸ ਮੁਤਾਬਿਕ ਸਿੱਖੀ ਦੀ ਦੁਕਾਨ ਜੋ ਗੁਰੂ ਅਮਰਦਾਸ ਜੀ ਦੇ ਸਮੇਂ ਸ੍ਰੀ ਗੋਇੰਦਵਾਲ ਤੋਂ ਬੜੀ ਚਲਦੀ ਆ ਰਹੀ ਸੀ ਉਸ ਨੂੰ ਬੰਦ ਕਰਨ ਲਈ ਹੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ। ਜਹਾਂਗੀਰ ਚਾਹੁੰਦਾ ਸੀ ਕਿ ਗੁਰੂ ਸਾਹਿਬ ਵੱਲੋਂ ਸੰਪਾਦਿਤ ਗੁਰੂ ਗ੍ਰੰਥ ਸਾਹਿਬ ਵਿਚ ਉਸ ਅਤੇ ਇਸਲਾਮ ਨੂੰ ਅਪਣਾਉਣ ਬਾਰੇ ਲਿਖਿਆ ਜਾਵੇ। ਪਰ ਗੁਰਮਤਿ ਦਾ ਅਸੂਲ ਕਿ “ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ” ਸੀ। ਇਸੇ ਵਰਤਾਰੇ ’ਚ ਸਤਿਗੁਰੂ ਜੀ “ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥” ਦੀ ਗੁਰਬਾਣੀ ’ਚ ਅੰਕਿਤ ਬ੍ਰਹਮ ਗਿਆਨੀਆਂ ਦੇ ਲਛਣ ਨੂੰ ਵੀ ਪ੍ਰਤੱਖ ਕਰ ਕੇ ਦਿਖਾਉਂਦੇ ਹਨ।

ਨੌਵੇਂ ਪਾਤਿਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਧਾਰਮਿਕ ਅਜ਼ਾਦੀ ਦੇ ਸਰੋਕਾਰਾਂ ਨੂੰ ਪੂਰੀ ਤਰਾਂ ਪ੍ਰਣਾਈ ਹੋਈ ਸੀ। ਜਦੋਂ ਇੱਕ ਜ਼ਾਲਮ ਕੱਟੜਪੰਥੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਤਲਵਾਰ ਦੀ ਤਾਕਤ ਨਾਲ ਭਾਰਤ ਵਿੱਚ ਦਾਰ-ਉਲ-ਇਸਲਾਮ ਦੀ ਸਥਾਪਤੀ ਲਈ ਹਿੰਦੂਆਂ ਉੱਤੇ ਅਨੇਕਾਂ ਜ਼ੁਲਮ ਕਰਕੇ ਉਨ੍ਹਾਂ ਨੂੰ ਇਸਲਾਮ ਜਾਂ ਮੌਤ ਵਿੱਚੋਂ ਇੱਕ ਦੀ ਚੋਣ ਕਰਨ ਲਈ ਮਜਬੂਰ ਕੀਤਾ, ਹਿੰਦੂਆਂ ’ਤੇ ਜਜ਼ੀਆ ਹੀ ਨਹੀਂ ਲਗਾਇਆ ਸਗੋਂ ਘੋੜੇ ’ਤੇ ਚੜ੍ਹਨ ਅਤੇ ਹਿੰਦੂ ਤਿਉਹਾਰਾਂ ਨੂੰ ਮਨਾਉਣ ਦੀ ਵੀ ਮਨਾਹੀ ਕੀਤੀ। ਇਹਨਾਂ ਅੱਤਿਆਚਾਰਾਂ ਦਾ ਵਿਰੋਧ ਮਤਲਬ ਇੱਜ਼ਤ ਅਤੇ ਜਾਨ ਗਵਾਉਣੀ ਸੀ। ਅਜਿਹੀ ਸਥਿਤੀ ’ਚ ਕਸ਼ਮੀਰੀ ਪੰਡਿਤਾਂ ਦੀ ਅਰਜੋਈ ’ਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅੱਗੇ ਆਏ। ‘ਤਿਲਕ ਜੰਞੂ ਰਾਖਾ ਪ੍ਰਭ ਤਾਕਾ ।। ਕੀਨੋ ਬਡੋ ਕਲੂ ਮਹਿ ਸਾਕਾ।’ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਹਿੰਦੂ ਧਰਮ ਨੂੰ ਬਚਾਉਣ ਲਈ 11 ਨਵੰਬਰ 1675 ਨੂੰ ਦਿਲੀ ਦੀ ਚਾਂਦਨੀ ਚੌਕ ’ਚ ਸਿਰ ਕਲਮ ਕਰਵਾ ਕੇ ਸ਼ਹਾਦਤ ਦਿੱਤੀ। ਇਸ ਤੋਂ ਪਹਿਲਾਂ, ਉਨ੍ਹਾਂ ਦੇ ਅਨੁਆਈ ਸਿੱਖਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਇਸਲਾਮ ਕਬੂਲ ਨਾ ਕਰਨ ’ਤੇ ਵਾਰੋ ਵਾਰੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤੇ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਸੰਭਾਲਦਿਆਂ ਹਕੂਮਤ ਦੇ ਜ਼ੁਲਮ ਖ਼ਿਲਾਫ਼ ਲੋਕਾਂ ਵਿਚ ਜਾਗ੍ਰਿਤੀ ਪੈਦਾ ਕੀਤੀ। ਸ਼ਾਸਤਰ ਦੇ ਨਾਲ ਸ਼ਸਤਰ ਵਿੱਦਿਆ ਵਲ ਵਿਸ਼ੇਸ਼ ਧਿਆਨ ਦਿੱਤਾ। 1699 ਦੀ ਵਿਸਾਖੀ ਨੂੰ ਕੇਸਗੜ੍ਹ ਸਾਹਿਬ ਵਿਖੇ ਗੁਰੂ ਨਾਨਕ ਵੱਲੋਂ ਚਿਤਵੇਂ ਸਚਿਆਰ ਮਨੁੱਖ ਨੂੰ ਅਮਲੀ ਰੂਪ ’ਚ ਖ਼ਾਲਸੇ ਦੀ ਸਿਰਜਣਾ ਕੀਤੀ। ਊਚ ਨੀਚ, ਛੂਤ ਛਾਤ ਅਤੇ ਰਾਜ ਅਭਿਮਾਨ ਵਿਚ ਗ੍ਰਸੇ ਪਹਾੜੀ ਰਾਜੇ ਗੁਰੂ ਸਾਹਿਬ ਨਾਲ ਈਰਖਾ ਕਰਨ ਲੱਗੇ। ਯੁੱਧ ਕਰ ਕੇ ਜਿੱਤ ਨਸੀਬ ਨਹੀਂ ਹੋਈ ਤਾਂ ਅੰਤ ਉਨ੍ਹਾਂ ਬਾਦਸ਼ਾਹ ਔਰੰਗਜ਼ੇਬ ਨੂੰ ਚਿੱਠੀਆਂ ਲਿਖੀਆਂ ਕਿ ਗੁਰੂ ਗੋਬਿੰਦ ਸਿੰਘ ਇਸਲਾਮ ਦਾ ਵੈਰੀ ਹੈ। ਬਾਦਸ਼ਾਹੀ ਤਖ਼ਤ ਲਈ ਵੀ ਖ਼ਤਰਾ ਹੈ। ਬਾਦਸ਼ਾਹ ਅਨੰਦਪੁਰ ’ਚ ਤੇਰੀ ਹਕੂਮਤ ਨਹੀਂ ਚਲਦੀ, ਉਹ ਤੇਰੇ ਤੋਂ ਵੀ ਉੱਚਾ ਤਖ਼ਤ ਲਾ ਕੇ ਬੈਠਾ ਹੈ, ਰਣਜੀਤ ਨਗਾਰਾ ਰੱਖਿਆ ਹੈ, ਅਰਬੀ ਘੋੜੇ ਰੱਖਦਾ ਹੈ, ਲੋਕ ਇਨਾਇਤਾਂ ਲੈ ਕੇ ਆਉਂਦੇ ਹਨ ਉਹ ਨਿਆਂ ਦਿਵਾਉਂਦਾ ਹੈ। ਨਤੀਜੇ ਵਜੋਂ 1761 ਸੰਮਤ, ਸੰਨ 1704 ਨੂੰ ਮੁਗ਼ਲ ਅਤੇ ਬਾਈ ਧਾਰ ਦੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵੱਲੋਂ ਰਲ ਕੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਗਿਆ। ਇਕ ਪਾਸੇ ਲੱਖਾਂ ਫ਼ੌਜਾਂ ਦੂਜੇ ਪਾਸੇ ਫ਼ਕੀਰ ਅਤੇ ਮੁੱਠੀ ਭਰ ਸਿੰਘ। ਘੇਰਾ ਲੰਮਾ ਹੋ ਗਿਆ ਤਾਂ ਗੁਰੂ ਜੀ ਨਾਲ ਅਨੰਦਪੁਰ ਸਾਹਿਬ ਛੱਡਣ ਲਈ ਝੂਠੇ ਵਾਅਦੇ ਕੀਤੇ ਗਏ। ਸ਼ਰਤ ਇਹ ਸੀ ਕਿ ਇਕ ਵਾਰ ਗੁਰੂ ਜੀ ਕਿਲ੍ਹਾ ਛੱਡ ਦੇਣ ਉਨ੍ਹਾਂ ਨੂੰ ਬੇਰੋਕ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਨੇ ਸਿੰਘਾਂ ਨੂੰ ਧੀਰਜ ਰੱਖਣ ਲਈ ਕਿਹਾ ਪਰ ਕੁਝ ਸਿੰਘ ਬੇਦਾਵਾ ਲਿਖ ਕੇ ਦੇ ਗਏ। ਜੋ ਬਾਅਦ ’ਚ ਜਾਨ ਦੇ ਕੇ ਬੇਦਾਵਾ ਪੜਵਾ ਵੀ ਗਏ। ਕਿਲ੍ਹਾ ਛੱਡਣ ਲਈ ਪਹਾੜੀ ਰਾਜਿਆਂ ਨੇ ਸੌਹਾਂ ਖਾਧੀਆਂ ਅਤੇ ਬਾਦਸਾਹ ਵੱਲੋਂ ਗੁਰੂ ਜੀ ਨੂੰ ਲਿਖਤੀ ਕਸਮਾਂ ਵੀ ਭੇਜੀਆਂ ਗਈਆਂ। ਗੁਰੂ ਜੀ ‘ਜ਼ਫ਼ਰਨਾਮੇ’ ਵਿਚ ਵੀ ਇਸ ਦਾ ਜ਼ਿਕਰ ਕੀਤਾ ਹੈ ਕਿ ਜੇ ਤੂੰ ਕੁਰਾਨ ਦੀਆਂ ਲਿਖਤੀ ਕਸਮਾਂ ਵੇਖਣਾ ਚਾਹੁੰਦਾ ਹੈਂ ਤਾਂ ਉਹ ਵੀ ਮੈਂ ਤੈਨੂੰ ਭੇਜ ਸਕਦਾ ਹਾਂ। ਸੰਮਤ 1761 ਬਿਕਰਮੀ 6 ਪੋਹ ਦੀ ਰਾਤ ਨੂੰ ਗੁਰੂ ਜੀ ਦੇ ਕਿਲ੍ਹਾ ਛੱਡ ਦਿੱਤਾ। ਫਿਰ ਕੀ ਦੁਸ਼ਮਣ ਨੇ ਸਾਰੀਆਂ ਕਸਮਾਂ ਤੋੜ ਕੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਹ ਧਰਮ-ਹੀਣ ਰਾਜ ਸੱਤਾ ਦਾ ਹੀ ਨੰਗਾ ਨਾਚ ਸੀ।

7 ਪੋਹ ਦੀ ਸਵੇਰ ਅੰਮ੍ਰਿਤ ਵੇਲਾ ਹੋ ਗਿਆ ਤਾਂ ਸਰਸਾ ਨਦੀ ਦੇ ਕੋਲ ਗੁਰੂ ਸਾਹਿਬ ਨੇ ਆਸਾ ਦੀ ਵਾਰ ਅਤੇ ਨਿੱਤਨੇਮ ਸ਼ੁਰੂ ਕਰਨ ਦੀ ਆਗਿਆ ਕੀਤੀ । ਦੂਜੇ ਪਾਸੇ ਚੜ੍ਹ ਕੇ ਆਏ ਦੁਸ਼ਮਣ ਨਾਲ ਗਹਿਗੱਚ ਲੜਾਈ ਹੋਈ । ਸਰਸਾ ਨਦੀ ਵਿਚ ਭਾਰੀ ਹੜ੍ਹ ਦੌਰਾਨ ਯੁੱਧ ਵਿਚ ਸੈਂਕੜੇ ਹੀ ਮਰਜੀਵੜੇ ਸਿੰਘਾਂ ਸਮੇਤ ਭਾਈ ਜੀਵਨ ਸਿੰਘ (ਜੈਤਾ ਜੀ) ਅਤੇ ਭਾਈ ਉਦੇ ਸਿੰਘ ਸ਼ਹੀਦ ਹੋ ਗਏ ਪਰੰਤੂ ਦੁਸ਼ਮਣ ਦੇ ਦੰਦ ਖੱਟੇ ਕੀਤੇ ਗਏ। ਸਰਸਾ ਨਦੀ ਪਾਰ ਕਰਦੇ ਬਹੁਤ ਸਾਰਾ ਜਾਨੀ-ਮਾਲੀ ਨੁਕਸਾਨ, ਅਮੋਲਕ ਹਸਤ-ਲਿਖਤ ਗ੍ਰੰਥ ਸਰਸਾ ਦੇ ਤੇਜ਼ ਪਾਣੀ ਦੇ ਵਹਾਅ ਦੀ ਭੇਟ ਚੜ੍ਹ ਗਏ ਤੇ ਗੁਰੂ ਜੀ ਦਾ ਪਰਿਵਾਰ 3 ਹਿੱਸਿਆਂ ਵਿੱਚ ਵੰਡਿਆ ਗਿਆ। (ਇਸ ਸਥਾਨ ਤੇ ਹੁਣ ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ ਮੌਜੂਦ ਹੈ)। ਗੁਰੂ ਜੀ ਦੇ ਕਾਫ਼ਲੇ ਨਾਲੋਂ ਵਿੱਛੜ ਕੇ ਮਾਤਾ ਗੁਜਰੀ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਪਿੰਡ ਚੱਕ ਢੇਰਾ ਦੇ ਕੁਮਾ ਮਾਸ਼ਕੀ (ਕਰਮੂ ਤੋਂ ਕਰੀਮ ਬਖਸ਼) ਦੀ ਛੰਨ ’ਚ ਠਹਿਰੇ। ਸਰਸਾ ਕਿਨਾਰੇ ਵਿੱਛੜ ਕੇ ਗੁਰੂ ਗੋਬਿੰਦ ਸਿੰਘ ਜੀ ਖ਼ੁਦ, ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜੀ, ਪੰਜ ਪਿਆਰੇ ਅਤੇ ਕੁਝ ਸਿੰਘ ਰੋਪੜ ਵੱਲ ਚਲੇ ਗਏ। ਜਿੱਥੇ ਉਹ ਬੁੱਧੀ ਚੰਦ ਦੀ ਹਵੇਲੀ ਕੱਚੀ ਗੜ੍ਹੀ, ਚਮਕੌਰ ਸਾਹਿਬ ਪਹੁੰਚੇ। ਉਨ੍ਹਾਂ ਪਿੱਛੇ ਮੁਗ਼ਲ ਸੈਨਾ ਲੱਖਾਂ ਦੀ ਗਿਣਤੀ ਵਿੱਚ ਸੀ, ਉੱਥੇ ਗੁਰੂ ਜੀ ਦੇ ਨਾਲ 40 ਕੁ ਭੁੱਖੇ-ਭਾਣੇ ਸਿੰਘ ਸਨ। ਮੁਗ਼ਲ ਸੈਨਾ ਨੇ ਕੱਚੀ ਗੜ੍ਹੀ ਦੇ ਚੁਫੇਰੇ ਘੇਰਾ ਪਾ ਲਿਆ। ਇਸ ਜੰਗ ਵਿੱਚ ਲੱਖਾਂ ਦੀ ਗਿਣਤੀ ਦੀ ਮੁਗ਼ਲ ਸੈਨਾ ਨਾਹਰ ਖਾਂ, ਵਜ਼ੀਰ ਖ਼ਾਨ, ਹੈਬਤ ਖਾਂ, ਇਸਮਾਈਲ ਖਾਂ, ਉਸਮਾਨ ਖਾਂ, ਸੁਲਤਾਨ ਖਾਂ, ਖ਼ਵਾਜਾ ਖ਼ਿਜ਼ਰ ਖਾਂ, ਦਿਲਾਵਰ ਖਾਂ, ਸੈਦ ਖਾਂ, ਜ਼ਬਰਦਸਤ ਖਾਂ, ਗੁਲਬੇਗ ਖਾਂ ਆਦਿ ਦੀ ਨਿਗਰਾਨੀ ਵਿੱਚ ਚਮਕੌਰ ਚੜ੍ਹ ਕੇ ਆਈਆਂ ਸਨ। ਨਾਹਰ ਖਾਂ ਜੋ ਕਿ ਮਲੇਰਕੋਟਲੇ ਦੇ ਨਵਾਬ ਸ਼ੇਰ ਖਾਂ ਦਾ ਭਰਾ ਸੀ, ਹਮਲਾਵਰ ਹੋ ਕੇ ਸਾਥੀਆਂ ਨਾਲ ਅੱਗੇ ਵਧਿਆ ਤਾਂ ਸਤਿਗੁਰੂ ਜੀ ਨੇ ਉਸ ਨੂੰ ਪਾਰ ਬੁਲਾ ਦਿੱਤਾ। ਨਾਹਰ ਖਾਂ ਨੂੰ ਜ਼ਖ਼ਮੀ ਦੇਖ ਗੁਲਸ਼ੇਰ ਖਾਂ, ਖ਼ਿਜ਼ਰ ਖਾਂ ਅੱਗੇ ਨੂੰ ਵੱਧੇ ਪਰ ਗੁਰੂ ਜੀ ਦੇ ਤੀਰਾਂ ਦੀ ਮਾਰ ਨਾ ਝੱਲ ਸਕੇ, ਇੱਧਰ ਸਿੰਘ ਗੁਰੂ ਸਾਹਿਬਾਂ ਦੇ ਹੁਕਮਾਂ ਅਨੁਸਾਰ 5-5 ਸਿੰਘਾਂ ਦੇ ਜਥੇ ਬਣਾ ਕੇ ਜੰਗ ਦੇ ਮੈਦਾਨ ਵਿੱਚ ਜੂਝਦੇ ਹੋਏ ਅਖੀਰਲੇ ਸਾਹਾਂ ਤੱਕ ਮੁਗ਼ਲਾਂ ਨਾਲ ਲੋਹਾ ਲੈਂਦੇ ਰਹੇ। ਯੁੱਧ ਦਾ ਮੈਦਾਨ ਮੁਗ਼ਲ ਸਿਪਾਹੀਆਂ ਦੀਆਂ ਲੋਥਾਂ ਨਾਲ ਭਰ ਗਿਆ ਅਤੇ ਧਰਤੀ ਖ਼ੂਨ ਨਾਲ ਰੱਤੀ ਗਈ। ਗੜ੍ਹੀ ਵਿੱਚ ਗੁਰੂ ਜੀ ਨਾਲ ਖੜੇ ਸਿੰਘਾਂ ਨੇ ਸਲਾਹ ਕੀਤੀ ਕਿ ਗੁਰੂ ਜੀ ਆਪਣੇ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਇਸ ਥਾਂ ਤੋਂ ਨਿਕਲ ਜਾਣ ਤਾਂ ਕਿ ਹੋਰ ਸਿੰਘਾਂ ਨੂੰ ਹਥਿਆਰਬੰਦ ਕਰਕੇ ਮੁਗ਼ਲ ਫ਼ੌਜਾਂ ਨਾਲ ਟਾਕਰਾ ਲੈਣ, ਉਨ੍ਹਾਂ ਨੇ ਇਸ ਦਾ ਪ੍ਰਗਟਾਵਾ ਪਾਤਸ਼ਾਹ ਕੋਲ ਕੀਤਾ ਪਰ ਪਾਤਸ਼ਾਹ ਨੇ ਖ਼ਾਲਸੇ ਨੂੰ ਮੁਖ਼ਾਤਬ ਹੁੰਦਿਆਂ ਕਿਹਾ “ਤੁਸੀਂ ਸਾਰੇ ਮੇਰੇ ਲਖਤੇ ਜਿਗਰ ਹੋ। ਸਾਰੇ ਮੇਰੇ ਪੁੱਤਰ ਹੋ। ਗੁਰੂ ਨਾਨਕ ਦੇ ਘਰ ਦੀ ਰੱਖਿਆ ਲਈ ਸਾਰਾ ਪਰਿਵਾਰ ਵਾਰਿਆ ਜਾ ਰਿਹਾ ਹੈ। ਜਿੱਥੇ ਤੁਸੀਂ ਸ਼ਹੀਦੀਆਂ ਪਾ ਰਹੇ ਹੋ ਉੱਥੇ ਹੀ ਇਹ ਬੱਚੇ ਵੀ ਸ਼ਹੀਦ ਹੋਣਗੇ।” ਗੜ੍ਹੀ ਵਿੱਚੋਂ ਨਿਕਲਣ ਵਾਲੇ ਤੀਰ, ਗੋਲੀਆਂ ਦੁਸ਼ਮਣਾਂ ਨੂੰ ਵਿੰਨ੍ਹੀਂ ਜਾ ਰਹੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਗੜ੍ਹੀ ਵਿੱਚੋਂ ਸਿੰਘਾਂ ਨੂੰ ਸੂਰਮਿਆਂ ਵਾਂਗ ਲੜਦੇ ਹੋਏ ਵੇਖ ਰਹੇ ਸਨ ਅਤੇ ਨਾਲ ਹੀ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਖੜੇ ਸਨ। ਆਪਣੇ ਵੀਰਾਂ ਨੂੰ ਧਰਮ ਤੇ ਅਣਖ ਦੀ ਖ਼ਾਤਰ ਜਾਨਾਂ ਹੂਲ ਕੇ ਜੰਗ ਲੜਦੇ ਹੋਏ ਸ਼ਹੀਦੀਆਂ ਪਾਉਂਦੇ ਵੇਖ ਸਾਹਿਬਜ਼ਾਦਾ ਅਜੀਤ ਸਿੰਘ ਨੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਜੰਗ ਦੇ ਮੈਦਾਨ ਵਿੱਚ ਜਾਣ ਦੀ ਆਗਿਆ ਮੰਗੀ। ਮੈਦਾਨੇ ਜੰਗ ਵਿੱਚ ਜਦੋਂ ਵੱਡੇ ਫ਼ਰਜ਼ੰਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਜੈਕਾਰਿਆਂ ਦੀ ਗੂੰਜ ਵਿੱਚ ਲਲਕਾਰਦੇ ਸਿੱਖ ਸੂਰਬੀਰਾਂ ਨਾਲ ਅਨੇਕਾਂ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਅਖੀਰ ਜਦੋਂ ਜੰਗ ਦੇ ਮੈਦਾਨ ਵਿੱਚ ਆਖ਼ਰੀ ਦਮ ਤੱਕ ਜੂਝਦੇ ਹੋਏ ਬਾਕੀ ਸਿੰਘਾਂ ਸਮੇਤ ਸ਼ਹਾਦਤ ਦਾ ਜਾਮ ਪੀ ਗਏ। ਆਪਣੇ ਵੱਡੇ ਭਰਾਤਾ ਬਾਬਾ ਅਜੀਤ ਸਿੰਘ ਨੂੰ ਮੈਦਾਨੇ ਜੰਗ ਵਿੱਚ ਲੜਦੇ ਹੋਏ ਦੇਖ ਸਾਹਿਬਜ਼ਾਦਾ ਜੁਝਾਰ ਸਿੰਘ ਇਕਦਮ ਗੁਰੂ ਸਾਹਿਬ ਦੇ ਸਾਹਮਣੇ ਆਏ ਅਤੇ ਬੇਨਤੀ ਕੀਤੀ ਕਿ ਉਸ ਨੂੰ ਵੀ ਮੈਦਾਨੇ ਜੰਗ ਵਿੱਚ ਦੁਸ਼ਮਣਾਂ ਦੇ ਆਹੂ ਲਾਹੁਣ ਲਈ ਭੇਜਿਆ ਜਾਵੇ। ਇਤਿਹਾਸਕਾਰਾਂ ਮੁਤਾਬਿਕ ਗੁਰੂ ਜੀ ਨੇ ਆਪਣੇ ਲਖ਼ਤੇ ਜਿਗਰ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਵੀ ਅਜੀਤ ਸਿੰਘ ਵਾਂਗ ਤਿਆਰ ਬਰ ਤਿਆਰ ਕਰ ਮੈਦਾਨੇ ਜੰਗ ਵਿੱਚ ਜਾਣ ਦੀ ਆਗਿਆ ਦਿੱਤੀ। ਕਿੰਨਾ ਫ਼ਰਕ ਹੈ, ਇਕ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਇਕ ਪਿਤਾ ਹਜ਼ਰਤ ਇਬਰਾਹੀਮ ਦੇ ’ਚ ਧੰਨ ਹਨ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਜੋ ਧਰਮ ਲਈ ਆਪਣੇ ਪੁੱਤਰਾਂ ਨੂੰ ਆਪ ਜੰਗ ਵਿਚ ਸ਼ਹੀਦ ਹੋਣ ਲਈ ਹੱਥੀਂ ਤੋਰ ਰਹੇ ਹਨ। ਉੱਥੇ ਹੀ “ਇਕ ਵਾਰ ਅੱਲਾਹ ਨੇ ਹਜ਼ਰਤ ਇਬਰਾਹੀਮ ਤੋਂ ਕੁਰਬਾਨੀ ਵਿਚ ਉਨ੍ਹਾਂ ਦੀ ਕੋਈ ਪਸੰਦੀਦਾ ਚੀਜ਼ ਮੰਗ ਲਈ ਸੀ। ਹਜ਼ਰਤ ਸਾਹਿਬ ਦਾ ਇੱਕੋ ਇਕ ਪੁੱਤਰ ਇਸਮਾਈਲ ਸੀ। ਜੋ ਕਿ ਬੁਢਾਪੇ ਵਿਚ ਪੈਦਾ ਹੋਇਆ ਸੀ। ਕੁਰਬਾਨੀ ਦੇਣੀ ਪੈਣੀ ਸੀ। ਭਾਵਨਾਵਾਂ ਕਿਸੇ ਤਰਾਂ ਵੀ ਰੁਕਾਵਟ ਨਾ ਪਾਉਣ ਇਸ ਲਈ ਉਨ੍ਹਾਂ ਅੱਖਾਂ ’ਤੇ ਪੱਟੀ ਬੰਨ੍ਹ ਲਈ ਸੀ।” ਗੜ੍ਹੀ ਦਾ ਦਰਵਾਜ਼ਾ ਖੁੱਲ੍ਹਿਆ ਸਾਹਿਬਜ਼ਾਦਾ ਜੁਝਾਰ ਸਿੰਘ ਘੋੜੇ ਨੂੰ ਅੱਡੀ ਲਾਕੇ ਹਵਾ ਵਿੱਚ ਗੱਲਾਂ ਕਰਦਾ ਰਣ-ਤੱਤੇ ਮੈਦਾਨ ਵਿੱਚ ਦੁਸ਼ਮਣਾਂ ਦੇ ਆਹੂ ਲਾਹੁੰਦਾ ਹੋਇਆ ਅੱਗੇ ਵੱਧ ਰਿਹਾ ਸੀ। ਇਤਨੇ ਨੂੰ ਮੁਗ਼ਲ ਸਿਪਾਹਸਲਾਰ ਨੇ ਆਵਾਜ਼ ਲਗਾਈ ਕਿ ‘ਇਹ ਗੋਬਿੰਦ ਦਾ ਦੂਜਾ ਪੁੱਤਰ ਹੈ ਇਸ ਨੂੰ ਅਜਾਈਂ ਨਾ ਜਾਣ ਦੇਣਾ ਮਿਲ ਕੇ ਹਮਲਾ ਕਰੋ ਤੇ ਚਾਰੇ ਪਾਸਿਆਂ ਤੋਂ ਘੇਰ ਲਵੋ, ਇਹ ਵਾਪਸ ਜਿੰਦਾ ਹਵੇਲੀ ਵਿੱਚ ਨਹੀਂ ਜਾਣਾ ਚਾਹੀਦਾ’। ਸਾਹਿਬਜ਼ਾਦਾ ਜੁਝਾਰ ਸਿੰਘ ਬੀਰਤਾ ਨਾਲ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਸ਼ਹਾਦਤ ਨੂੰ ਪ੍ਰਵਾਨ ਚੜ੍ਹ ਗਏ। ਸ਼ਾਮ ਦਾ ਹਨੇਰਾ ਪੈ ਗਿਆ, ਲੜਾਈ ਬੰਦ ਹੋ ਗਈ। ਗੁਰੂ ਜੀ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਅੱਲਾ ਯਾਰ ਖਾਂ ਜੋਗੀ ਇੰਝ ਸ਼ਰਧਾਂਜਲੀ ਦਿੰਦਾ ਹੈ “ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤ੍ਰਾ ਕੇ ਲਿਯੇ। ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲਿਯੇ।” ਸਵੇਰੇ ਜੰਗ ਦੇ ਮੈਦਾਨ ਵਿੱਚ ਆਪ ਜੀ ਲੜਨ ਲਈ ਤਿਆਰੀ ਕਰਦੇ ਹਨ ਪਰ ਨਾਲ ਖੜੇ ਭਾਈ ਦਇਆ ਸਿੰਘ, ਧਰਮ ਸਿੰਘ, ਮਾਨ ਸਿੰਘ ਤੇ ਬਾਕੀ ਸਿੰਘ ਗੁਰੂ ਸਾਹਿਬ ਜੀ ਨਾਲ ਚਮਕੌਰ ਦੀ ਹਵੇਲੀ ਵਿਚੋਂ ਨਿਕਲਣ ਦੀ ਸਲਾਹ ਕਰਦੇ ਹਨ, ਕਿ ਬੇਵਕਤ ਸਮੇਂ ਦੀ ਕੁਰਬਾਨੀ ਪੰਥ ਨੂੰ ਨੁਕਸਾਨ ਪਹੁੰਚਾਏਗੀ, ਗੁਰੂ ਸਾਹਿਬ ਜੀ ਜੇਕਰ ਰਣਨੀਤੀ ਦੇ ਤਹਿਤ ਇੱਥੋਂ ਨਿਕਲ ਜਾਂਦੇ ਹਾਂ ਤਾਂ ਬਿਖੜੇ ਸਮੇਂ ਵਿੱਚ ਪੰਥ ਨੂੰ ਮੁੜ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਜਾ ਸਕਦਾ ਹੈ ਅਤੇ ਫਿਰ ਦੁਸ਼ਮਣਾਂ ਨਾਲ ਸੂਰਮਗਤੀ ਨਾਲ ਲੜਦੇ ਸ਼ਹਾਦਤਾਂ ਪਾਵਾਂਗੇ। ਪੰਜ ਪਿਆਰਿਆਂ ਦੇ ਹੁਕਮ ’ਤੇ ਗੁਰੂ ਸਾਹਿਬ ਇਸ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲਣ ਦੀ ਵਿਉਂਤਬੰਦੀ ਕਰਦੇ ਹਨ। ਭਾਈ ਸੰਗਤ ਸਿੰਘ ਨੇ ਆਪ ਗੜ੍ਹੀ ਵਿਚ ਰੁਕ ਕੇ ਦੁਸ਼ਮਣ ਨੂੰ ਝਾਂਸਾ ਦੇਣ ਪ੍ਰਤੀ ਬੇਨਤੀ ਕੀਤੀ। ਗੁਰੂ ਜੀ ਨੇ ਭਾਈ ਸੰਗਤ ਸਿੰਘ ਨੂੰ ਆਪਣੀ ਕਲਗ਼ੀ ਸਜਾਈ। ਰਾਤ ਦੇ ਹਨੇਰੇ ਵਿੱਚ ਗੁਰੂ ਸਾਹਿਬ ਗੜ੍ਹੀ ਵਿਚੋਂ ਨਿਕਲ ਕੇ ਤਾੜੀ ਮਾਰਦਿਆਂ ਸ਼ਾਹੀ ਲਸ਼ਕਰ ਨੂੰ ਚੀਰਦਿਆਂ ਨਿਕਲ ਜਾਂਦੇ ਹਨ। ਗੁਰੂ ਜੀ ‘ਮਾਛੀਵਾੜੇ’ ਜਾ ਪਹੁੰਚੇ। ਜਿੱਥੇ ਪਿਆਰੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਆਣ ਮਿਲਦੇ ਹਨ। ਉੱਧਰ ਗੜ੍ਹੀ ਵਿੱਚ ਬੱਚੇ ਬਾਕੀ ਸਿੰਘਾਂ ਨੇ ਮੁਗ਼ਲ ਫ਼ੌਜਾਂ ਨਾਲ ਜ਼ਬਰਦਸਤ ਟੱਕਰ ਲਈ, ਇੱਕ-ਇੱਕ ਸਿੰਘ ਗੜ੍ਹੀ ਵਿੱਚੋਂ ਨਿਕਲ ਕੇ ਆਪਣੇ ਅੰਤਲੇ ਸਮੇਂ ਤੱਕ ਕਈ ਦੁਸ਼ਮਣਾਂ ਦਾ ਘਾਣ ਕਰਦੇ। ਪਿਆਰੇ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਸਮੇਤ ਕਈ ਸ਼ਹੀਦੀ ਪ੍ਰਾਪਤ ਕਰਦੇ। ਚਮਕੌਰ ਦਾ ਕਿੱਸਾ ਇਥੇ ਹੀ ਖ਼ਤਮ ਨਹੀਂ ਹੁੰਦਾ। ਜੰਗ ਵਿੱਚ ਸ਼ਹੀਦ ਹੋਏ ਸਾਹਿਬਜ਼ਾਦੇ, ਗੁਰੂ ਕੇ ਪਿਆਰਿਆਂ ਅਤੇ ਹੋਰ ਸ਼ਹੀਦ ਸਿੰਘਾਂ ਦੇ ਪਵਿੱਤਰ ਦੇਹਾਂ ਦੀ ਬੇਅਦਬੀ ਨਾ ਹੋਵੇ, ਉਨ੍ਹਾਂ ਨੂੰ ਪਛਾਣ ਕੇ ਸਤਿਕਾਰ ਸਹਿਤ ਸਸਕਾਰ ਕਰਨ ਵਾਲੀ ਦਲੇਰ ਸਿੰਘਣੀ ਬੀਬੀ ਸ਼ਰਨ ਕੌਰ ਨੂੰ ਉੱਥੇ ਮੌਜੂਦ ਵੈਰੀਆਂ ਨੇ ਚੁੱਕ ਜਿਊਂਦੀ ਨੂੰ ਅੱਗ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ। ਬੀਬੀ ਸ਼ਰਨ ਕੌਰ ਆਪਣੇ ਪੰਥਕ ਭਰਾਵਾਂ ਪ੍ਰਤੀ ਅੰਤਿਮ ਸੇਵਾ ਕਰ ਕੇ ਇਹ ਦਸ ਗਈ ਕਿ ਦਸਮੇਸ਼ ਪਿਤਾ ਦੀਆਂ ਪੁੱਤਰੀਆਂ ਪੰਥਕ ਆਨ ਤੇ ਸ਼ਾਨ ਲਈ ਕੁਰਬਾਨ ਹੋਣ ਵਿੱਚ ਮਰਦਾਂ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ ਹਨ। ਆਓ ਸ਼ਹੀਦਾਂ ਨੂੰ ਕੋਟਨ ਕੋਟ ਪ੍ਰਣਾਮ ਕਰੀਏ।


ਪ੍ਰੋ. ਸਰਚਾਂਦ ਸਿੰਘ ਖਿਆਲਾ
9781355522


2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
L T A Bros
11145 E Clausen Road
Turlock, CA 95380
ਸ. ਰਾਜਾ ਧਾਮੀ




ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ



ਜਥੇਦਾਰ ਪਾਖਰ ਸਿੰਘ ਅਕਾਲੀ



Manhamir Singh Nijjar



ਜਥੇਦਾਰ ਸੌਦਾਗਰ ਸਿੰਘ ਅਕਾਲੀ



ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ



Varinder Singh Nijjar Jagbir Singh Nijjar

# ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

## ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577

# ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ




**ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ**

# CHARKHA'S

ਦੀ ਚੇਨ ਦੇ ਮਾਲਕ

**Pabla Beverages inc &**
**Pauls Liquors & Markets**



**Www.bevstore.com 408-515-5330,**
**San Jose Morgan Hill Gilroy California**



**Surinder Singh Pabla**

ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ

ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ

Happy
New Year
Wishes

Best collection of New Year
Wishes & Greetings

Best Western®

Holiday Inn
Express®
& Suites

ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ



ਸਿਟੀ ਆਫ਼ ਗਾਲਟ ਦੇ ਮੇਅਰ ਅਤੇ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ
ਦੇ ਮੁੱਖ ਸੇਵਾਦਾਰ
ਸ. ਪਰਗਟ ਸਿੰਘ ਸੰਧੂ




ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

**ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ**

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ

ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ


# ਔਰਤਾਂ 'ਤੇ ਅੱਤਿਆਚਾਰਾਂ ਨੂੰ ਰੋਕਣ ਲਈ ਸਮਾਜਿਕ ਸਜ਼ਾਵਾਂ ਦੀ ਵਿਵਸਥਾ ਹੋਵੇ



ਕਰਨਾਟਕ ਸੂਬੇ ਵਿੱਚ ਇਕ ਔਰਤ ਨੂੰ ਸ਼ਰੇਆਮ ਬੇਇਜ਼ਤ ਕੀਤੇ ਜਾਣ ਦੀ ਘਟਨਾ ਦਾ ਮਾਨਯੋਗ ਕਰਨਾਟਕ ਹਾਈ ਕੋਰਟ ਨੇ ਆਪਣੇ ਤੌਰ 'ਤੇ ਨੋਟਿਸ ਲੈਂਦਿਆਂ ਅਫਸੋਸ ਜਾਹਿਰ ਕਰਦਿਆਂ ਕਿਹਾ ਕਿ ਸੂਬਾਈ ਅਧਿਕਾਰੀ ਇਸ ਪੀੜਤ ਔਰਤ ਨੂੰ ਇਨਸਾਫ਼ ਦੇਣ 'ਚ ਅਵੇਸਲੇ ਰਹੇ, ਜਿਸ ਕਾਰਨ ਉਸ ਨੂੰ ਅਸਿਹ ਬੇਇੱਜਤੀ ਦਾ ਸਾਹਮਣਾ ਕਰਨਾ ਪਿਆ।' ਜ਼ਿਲ੍ਹਾ ਬੇਲਗਾਵੀ ਦੇ ਇਕ ਪਿੰਡ ਦੀ ਇਸ ਹਲੂਨਕੇ ਰੱਖ ਦੇਣ ਵਾਲੀ ਘਟਨਾ ਵਿੱਚ ਪਹਿਲਾਂ ਪੀੜਤ ਔਰਤ ਨੂੰ ਨਿਰਵਸਤਰ ਕਰਕੇ ਪਿੰਡ ਵਿਚ ਸ਼ਰੇਆਮ ਘੁਮਾਇਆ ਗਿਆ, ਫਿਰ ਬਿਜਲੀ ਦੇ ਖੰਭੇ ਨਾਲ ਬੰਨ੍ਹ ਦਿੱਤਾ ਗਿਆ। ਮਾਨਯੋਗ ਅਦਾਲਤ ਨੇ ਕਿਹਾ, ਆਖ਼ਰ ਉਸ ਦਾ ਕਸੂਰ ਕੀ ਸੀ? ਸਿਰਫ਼ ਇਹ ਕਿ ਉਸ ਦਾ ਪੁੱਤਰ ਆਪਣੀ ਮੰਗੇਤਰ ਕੁੜੀ ਨੂੰ ਲੈ ਕੇ ਕਿਧਰੇ ਚਲੇ ਗਿਆ ਸੀ, ਜਿਸ ਕਾਰਨ 'ਗੁੱਸੇ ਵਿੱਚ ਆਏ' ਪਰਿਵਾਰ ਨੇ ਕਾਨੂੰਨ ਆਪਣੇ ਹੱਥ ਵਿੱਚ ਲੈਂਦਿਆਂ ਇਸ ਭਿਆਨਕ ਕਾਰੇ ਨੂੰ ਅੰਜਾਮ ਦਿੱਤਾ। ਅਦਾਲਤ ਨੇ ਇਸ ਕੇਸ ਵਿੱਚ ਢਿੱਲੀ-ਮੱਠੀ ਕਾਰਵਾਈ ਲਈ ਪੁਲੀਸ ਦੀ ਵੀ ਖਿਚਾਈ ਕੀਤੀ ਅਤੇ ਹਦਾਇਤ ਕੀਤੀ ਕਿ ਦੋਸ਼ੀਆਂ ਨੂੰ ਫੌਰੀ ਗ੍ਰਿਫਤਾਰ ਕੀਤਾ ਜਾਵੇ ਤੇ ਪੀੜਤ ਔਰਤ ਨੂੰ ਆਰਥਿਕ ਸਹਾਇਤਾ ਦਿੱਤੀ ਜਾਵੇ। ਅਦਾਲਤ ਨੇ ਇਹ ਵੀ ਕਿਹਾ ਕਿ ਹਾਲੇ ਤੱਕ ਇਸ ਮਾਮਲੇ ਵਿੱਚ ਮਹਿਲਾ ਕਮਿਸ਼ਨ ਨੇ ਕੋਈ ਦਖ਼ਲ ਨਹੀਂ ਦਿੱਤਾ। ਇਹ ਸਾਡੇ ਦੇਸ਼ ਦੇ ਸ਼ਰਮਨਾਕ ਹਾਲਾਤ ਦਾ ਸਬੂਤ ਹੈ। ਔਰਤਾਂ ਉਤੇ ਅੱਤਿਆਚਾਰਾਂ ਦੀ ਇਹ ਕੋਈ ਪਹਿਲੀ ਘਟਨਾ ਨਹੀ ਹੈ। ਇਸੇ ਸਾਲ ਹੀ ਦਿੱਲੀ ਵਿੱਚ ਇਕ ਔਰਤ ਦਾ ਸਿਰ ਮੁੰਨ ਕੇ ਸ਼ਰੇਆਮ ਇਲਾਕੇ ਵਿੱਚ ਘੁਮਾਇਆ ਗਿਆ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੇ ਦੇਵਾਸ ਵਿੱਚ ਇਕ ਆਦਿਵਾਸੀ ਔਰਤ ਸਹਾਇਤਾ ਲਈ ਥਾਂ ਥਾਂ 'ਤੇ ਭਟਕਦੀ ਰਹੀ ਪਰ ਕੋਈ ਉਸ ਦੀ ਮਦਦ ਕਰਨ ਲਈ ਨਾ ਆਇਆ। ਇਸੇ ਤਰ੍ਹਾਂ ਤਿੰਨ ਦਰਿੰਦਿਆਂ ਨੇ ਅਸਾਮ ਵਿੱਚ ਨਬਾਲਗ ਕੁੜੀ ਨਾਲ ਸਮੂਹਿਕ ਬਲਾਤਕਾਰ ਕਰਕੇ ਉਸ ਨੂੰ ਮਾਰ ਦਿਤਾ। ਉਤਰ ਪ੍ਰਦੇਸ਼ ਵਿੱਚ ਇਕ ਪਰਿਵਾਰ ਨੂੰ ਇਹ ਪਤਾ ਲੱਗਾ ਕਿ ਉਹਨਾਂ ਦੀ ਧੀ ਗਰਭਵਤੀ ਹੈ। ਕੁੜੀ ਦੀ ਮਾਂ ਤੇ ਭਰਾ ਨੇ ਉਸ ਨੂੰ ਜੰਗਲ ਵਿੱਚ ਲਿਜਾ ਕੇ ਜਿਉਂਦਿਆਂ ਹੀ ਅੱਗ ਲਾ ਕੇ ਸਾੜ ਦਿੱਤਾ। ਖੇਤਾਂ 'ਚ ਕੰਮ ਕਰਦੇ ਲੋਕਾਂ ਨੇ ਉਸ ਦੀਆਂ ਚੀਕਾਂ ਸੁਣੀਆਂ ਤਾਂ ਜਾ ਕੇ ਉਹਨਾਂ ਨੇ ਉਸ ਨੂੰ ਬਚਾਇਆ ਪਰ ਉਸ ਦਾ 70 ਫ਼ੀਸਦੀ ਸਰੀਰ ਸੜ ਚੁੱਕਾ ਸੀ।

ਉਤਰ ਪ੍ਰਦੇਸ਼ ਦੇ ਕਾਨਪੁਰ ਦੇ ਇਕ ਪਿੰਡ ਦੇ ਨੌਜਵਾਨਾਂ ਨੇ 10 ਦਸੰਬਰ ਨੂੰ ਇਕ ਲੜਕੀ ਨੂੰ ਅਗਵਾ ਕਰਕੇ ਤਿੰਨ ਦਿਨ ਤੱਕ ਉਸ ਨੂੰ ਬੰਧਕ ਬਣਾ ਕੇ ਉਸ ਨਾਲ ਬਾਰ ਬਾਰ ਸਮੂਹਿਕ ਬਲਾਤਕਾਰ ਕੀਤਾ। ਬਾਅਦ ਉਸ ਦੀ ਲਾਸ਼ ਦਰੱਖ਼ਤ ਨਾਲ ਲਟਕਦੀ ਮਿਲੀ। 10 ਦਸੰਬਰ ਨੂੰ ਹੀ ਬਿਹਾਰ ਦੇ ਪੱਛਮੀ ਚੰਪਾਰਨ ਜ਼ਿਲ੍ਹੇ ਦੇ ਮਹਿਮੂਦਪੁਰ ਪਿੰਡ ਵਿੱਚ ਇਕ ਪ੍ਰੇਮਿਕਾ ਨਾਲ ਜਬਰ-ਜ਼ਨਾਹ ਕਰਨ ਤੋਂ ਬਾਅਦ ਉਸ ਨੂੰ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। ਗੁਜਰਾਤ ਦੇ ਕੱਛ ਜ਼ਿਲੇ 'ਚ 9 ਵਿਅਕਤੀਆਂ ਵੱਲੋਂ ਇੱਕ 24 ਸਾਲਾ ਔਰਤ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਯੂ.ਪੀ. ਵਿੱਚ ਮਾਨਸਿਕ ਤੌਰ 'ਤੇ ਅਪੰਗ ਇਕ 20 ਸਾਲਾ ਲੜਕੀ ਨਾਲ ਚੱਲਦੀ ਰੇਲ ਗੱਡੀ ਵਿੱਚ ਸਮੂਹਿਕ ਬਲਾਤਕਾਰ ਕੀਤਾ ਗਿਆ, ਓਡਿਸ਼ਾ ਵਿੱਚ ਇਕ 19 ਸਾਲਾ ਔਰਤ ਨੂੰ ਉਸ ਦੇ ਪਤੀ ਸਾਹਮਣੇ ਦਰਿੰਦਗੀ ਦਾ ਸ਼ਿਕਾਰ ਬਣਾਇਆ ਗਿਆ। ਦਿੱਲੀ 'ਚ 5 ਵਿਅਕਤੀਆਂ ਨੇ ਦਿਨ ਦਿਹਾੜੇ ਚਲਦੀ ਕਾਰ ਵਿੱਚ ਇੱਕ ਔਰਤ ਨਾਲ ਬਲਾਤਕਾਰ ਕੀਤਾ। ਇਕ ਔਰਤ


ਐਸ ਐਲ ਵਿਰਦੀ
ਐਡਵੋਕੇਟ
98145 17499

ਨੂੰ ਬੱਚਾ ਪੈਦਾ ਹੋਣ ਤੋਂ ਕੁਝ ਹੀ ਘੰਟਿਆਂ ਬਾਅਦ ਹਸਪਤਾਲ 'ਚ ਹੀ ਬਲਾਤਕਾਰ ਦੀ ਸ਼ਿਕਾਰ ਹੋਣਾ ਪਿਆ। ਕੇਰਲਾ 'ਚ ਸਮੂਹਿਕ ਬਲਾਤਕਾਰ ਦੀ ਸ਼ਿਕਾਰ 30 ਸਾਲਾ ਔਰਤ ਦੀ ਲਾਸ਼ ਬਹੁਤ ਹੀ ਬੁਰੀ ਤਰ੍ਹਾਂ ਨੁਕਸਾਨੀ ਹੋਈ ਮਿਲੀ।

ਝਾੜਖੰਡ ਵਿੱਚ 22 ਨਵੰਬਰ ਨੂੰ ਇੱਕ 32 ਸਾਲਾ ਔਰਤ ਆਪਣੇ ਇੱਕ ਰਿਸ਼ਤੇਦਾਰ ਨਾਲ ਸ਼ਹਿਰੋਂ ਘਰ ਦਾ ਸਮਾਨ ਲੈ ਕੇ ਮੋਟਰ ਸਾਈਕਲ ਉਤੇ ਆ ਰਹੀ ਸੀ। ਰਾਹ ਵਿੱਚ ਪੰਜ ਗੁੰਡਿਆਂ ਨੇ ਉਨ੍ਹਾਂ ਨੂੰ ਰੋਕ ਲਿਆ ਤੇ ਲਿਜਾ ਕੇ ਉਸ ਨਾਲ ਨਾਲ ਬਾਰੀ ਬਾਰੀ ਸਮੂਹਿਕ ਬਲਾਤਕਾਰ ਕੀਤਾ। ਝਾੜਖੰਡ ਦੀ ਰਾਜਧਾਨੀ ਰਾਂਚੀ ਦੇ ਕਾਂਕੇ ਇਲਾਕੇ ਵਿੱਚ ਇਕ ਕਾਨੂੰਨ ਦੀ ਵਿਦਿਆਰਥਣ ਨੂੰ ਇਕ ਬੱਸ ਸਟਾਪ ਤੋਂ ਦਰਿੰਦੇ ਬੰਦੂਕ ਦੀ ਨੋਕ 'ਤੇ ਚੁੱਕ ਕੇ ਲੈ ਗਏ, ਫਿਰ ਉਹਨਾਂ ਵਿਦਿਆਰਥਣ ਨੂੰ ਇੱਕ ਇੱਟਾਂ ਦੇ ਭੱਠੇ ਉਤੇ ਲਿਜਾ ਕੇ ਉਥੇ 12 ਦਰਿੰਦਿਆਂ ਨੇ ਉਸ ਨਾਲ ਬਾਰ ਬਾਰ ਬਲਾਤਕਾਰ ਕੀਤਾ। ਪਿਛਲੇ ਦਿਨੀ ਆਈਆਂ ਰਿਪੋਰਟਾਂ ਅਨੁਸਾਰ ਸਾਲ 2022 'ਚ ਔਰਤਾਂ ਦੇ ਖ਼ਿਲਾਫ਼ ਜੁਰਮਾਂ ਦੇ ਕੁੱਲ 4, 45, 256 ਮਾਮਲੇ ਦਰਜ ਕੀਤੇ ਗਏ, ਜੋ ਕਿ 2021 ਚ ਔਰਤਾਂ ਦੇ ਖ਼ਿਲਾਫ਼ ਜੁਰਮਾਂ ਦੇ 4, 28, 278 ਮਾਮਲਿਆ ਦੀ ਤੁਲਨਾ 'ਚ 4 ਫੀਸਦੀ ਵੱਧ ਹਨ। ਇਸੇ ਤਰਾਂ ਸਾਲ 2022 'ਚ ਸ਼ਡੂਲਡਕਾਸ ਔਰਤਾਂ ਦੇ ਖ਼ਿਲਾਫ਼ ਕੀਤੇ ਜੁਰਮਾਂ ਦੇ 57, 582 ਮਾਮਲੇ ਦਰਜ ਕੀਤੇ ਗਏ ਜੋ ਕਿ ਪਿਛਲੇ ਸਾਲ ਹੋਏ 50,900 ਮਾਮਲਿਆ ਦੇ ਮੁਕਾਬਲੇ 13.1 ਫੀਸਦੀ ਵੱਧ ਹਨ। ਆਦਿਵਾਸੀ ਔਰਤਾਂ ਦੇ ਖ਼ਿਲਾਫ਼ 2022 'ਚ 10, 604 ਮਾਮਲੇ ਦਰਜ ਕੀਤੇ ਗਏ ਜੋ ਕਿ ਪਿਛਲੇ ਸਾਲ 2021 'ਚ ਹੋਏ 8802 ਮਾਮਲਿਆ ਤੋਂ 14.1 ਫੀਸਦੀ ਜ਼ਿਆਦਾ ਹਨ। ਇਹਨਾਂ ਉਪਰੋਕਤ ਜੁਰਮਾਂ ਦੇ ਤਕਰੀਬਨ ਸਾਢੇ 4 ਲੱਖ ਜੁਰਮਾਂ 'ਚੋਂ ਜ਼ਿਆਦਾਤਰ ਭਾਵ 31.4 ਫੀਸਦੀ ਜੁਰਮ, ਔਰਤਾਂ ਦੇ ਪਤੀਆਂ ਅਤੇ ਰਿਸ਼ਤੇਦਾਰਾਂ ਵੱਲੋਂ ਕੀਤੇ ਗਏ ਹਨ।

ਰਿਪੋਰਟ ਅਨੁਸਾਰ ਦੇਸ਼ ਵਿਚ ਹਰ 42 ਮਿੰਟ 'ਚ ਇੱਕ ਔਰਤ ਦੀ ਦਾਜ ਕਾਰਨ ਮੌਤ, 43 ਮਿੰਟ 'ਚ ਇੱਕ ਔਰਤ ਦਾ ਅਗਵਾ , 26 ਮਿੰਟ 'ਚ ਇੱਕ ਔਰਤ ਨਾਲ ਛੇੜਖਾਨੀ, ਭਾਵ ਹਰੇਕ 7 ਮਿੰਟ 'ਚ ਔਰਤ ਖਿਲਾਫ਼ ਕੋਈ ਨਾ ਕੋਈ ਜੁਰਮ ਹੋ ਜਾਂਦਾ ਹੈ। ਰਿਪੋਰਟ ਕੀਤੇ ਕੇਸਾਂ ਵਿੱਚੋਂ ਬਹੁਤੀਆਂ 8 ਸਾਲ ਤੋਂ ਛੋਟੀਆਂ ਹਨ। ਜਬਰ ਜ਼ਿਨਾਹ ਦੇ ਮਾਮਲਿਆ ਵਿਚ ਦਲਿਤ ਆਦਿਵਾਸੀ ਤੇ ਹੋਰਨਾਂ ਪਛੜੇ ਵਰਗ ਦੀਆਂ ਔਰਤਾਂ ਨੂੰ ਵੱਧ ਨਿਸ਼ਾਨਾ ਬਣਾਇਆ ਜਾਂਦਾ ਹੈ। ਹਰਿਆਣਾ 'ਚ ਇੱਕ ਨਿੱਜੀ ਸਕੂਲ ਦੀ ਚੌਥੀ ਜਮਾਤ ਦੀਆਂ 2 ਲੜਕੀਆਂ ਸਮੇਤ 6 ਵਿਦਿਆਰਥੀਆਂ ਦੇ ਸਕੂਲ ਟੈਸਟ ਦੌਰਾਨ ਘੱਟ ਨੰਬਰ ਆਉਣ 'ਤੇ ਅਧਿਆਪਕਾਂ ਨੇ ਉਨ੍ਹਾਂ ਦੇ ਮੂੰਹ ਕਾਲੇ ਕਰਕੇ ਉਨ੍ਹਾਂ ਨੂੰ ਸਕੂਲ ਦੇ ਵੱਖ ਵੱਖ ਕਮਰਿਆਂ ਵਿਚ ਘੁਮਾਕੇ ਜਲੀਲ ਕੀਤਾ ਗਿਆ। ਪਿਛਲੇ ਦਿਨੀ ਹਰਿਆਣੇ ਦੇ ਹੀ ਇਕ ਸਰਕਾਰੀ ਸਕੂਲ ਦੇ ਪਿੰਸੀਪਲ ਨੂੰ ਨੌਕਰੀ ਤੋਂ ਇਸ ਕਰਕੇ ਬਾਰਖਾਸਤ ਕਰਨਾ ਪਿਆ ਕਿਉਂਕਿ ਸਕੂਲ ਦੀਆਂ 10ਵੀ ਤੇ 12ਵੀ ਕਲਾਸ ਦੀਆਂ 140 ਤੋਂ ਵੱਧ ਲੜਕੀਆਂ ਨੇ ਉਸ ਵਿਰੁੱਧ ਛੇੜਛਾੜ ਤੇ ਪ੍ਰੇਸ਼ਾਨ ਕਰਨ ਦੇ ਇਲਜ਼ਾਮ ਲਾਏ ਸੀ। ਔਰਤਾਂ 'ਤੇ ਅਪਰਾਧਾਂ ਦੀ ਰੋਕਥਾਮ ਲਈ ਅਣਗਿਣਤ ਕਨੂੰਨ ਬਣੇ ਹੋਏ ਹਨ। ਕਮੀ ਬੱਸ ਇਹੀ ਹੈ ਕਿ ਇਹਨਾਂ ਕਾਨੂੰਨਾਂ ਨੂੰ ਲਾਗੂ ਕਰਨ ਲਈ ਨੀਅਤ ਨੇਕ ਨਹੀਂ, ਸਰਕਾਰੀ ਮਸ਼ੀਨਰੀ ਭ੍ਰਿਸ਼ਟ ਤੇ ਨਿਕੰਮੀ ਹੈ। ਕਾਨੂੰਨ ਦੇ ਰਖਵਾਲੇ ਤੇ ਸਿਆਸਤਦਾਨ ਘਿਉ-ਖਿਚੜੀ ਹਨ। ਜਦੋਂ ਸਮਾਜ ਵਿੱਚ ਅਜਿਹੇ ਕਾਂਡ ਵਾਪਰਦੇ ਹਨ ਤਾਂ ਰਾਜਨੀਤਿਕ ਪਾਰਟੀਆਂ ਸੁਸਰੀ ਵਾਂਗ ਸੌਂ ਜਾਂਦੀਆਂ ਹਨ ਜੋ ਕਿ ਬਹੁਤ ਹੀ ਦੁੱਖਦਾਇਕ ਗੱਲ ਹੈ। ਲੋਕਾਂ ਦਾ ਆਮਮੁਹਾਰੇ ਅੰਦੋਲਨਾਂ ਤੇ ਜੱਦੋਜਹਿਦਾਂ ਦੇ ਬਾਅਦ, ਜੇ ਕਿਸੇ ਪ੍ਰਭਾਵਸ਼ਾਲੀ 'ਤੇ ਕਾਰਵਾਈ ਕੀਤੀ ਵੀ ਜਾਂਦੀ ਹੈ ਤਾਂ ਕੇਸ ਸਿਰੇ ਚੜ੍ਹਦੇ-ਚੜ੍ਹਦੇ ਉਮਰਾਂ ਬੀਤ ਜਾਂਦੀਆਂ ਹਨ। ਅਜਿਹੀ ਮਾਨਸਿਕਤਾ ਤੇ ਨਿਆਂਇਕ ਵਿਵਸਥਾ ਨੂੰ ਬਦਲਿਆ ਜਾਣਾ ਚਾਹੀਦਾ ਹੈ। ਖਾਪ ਪੰਚਾਇਤਾਂ ਨੂੰ ਕਾਨੂੰਨ ਨੂੰ ਆਪਣੇ ਹੱਥ ਵਿੱਚ ਨਹੀਂ ਲੈਣ ਦੇਣਾ ਚਾਹੀਦਾ।

ਇਕ ਅਧਿਕਾਰਤ ਰਿਪੋਰਟ, 'ਮੈਨ ਐਂਡ ਵੂਮੈਨ 2012' ਔਰਤਾਂ 'ਤੇ ਹੋ ਰਹੇ ਅਪਰਾਧਾਂ ਬਾਰੇ ਦੱਸਦੀ ਹੈ ਕਿ ਇਸ ਦਾ ਮੁੱਖ ਕਾਰਨ ਪ੍ਰਸ਼ਾਸਨ ਤੇ ਆਰਥਿਕ ਪ੍ਰਬੰਧ ਵਿਚ ਔਰਤਾਂ ਦੀ ਹਿੱਸੇਦਾਰੀ ਦਾ ਨਾਮਾਤਰ ਹੋਣਾ ਹੈ। ਦੇਸ਼ ਦੀ ਸਰਬਉਚ ਨਿਆਪਾਲਿਕਾ ਸਪਰੀਮ ਕੋਰਟ ਦੇ 26 ਜੱਜਾਂ ਵਿੱਚੋ ਸਿਰਫ 2, ਤੇ ਸੂਬਿਆਂ ਦੀਆਂ 25 ਹਾਈ ਕੋਰਟਾਂ ਦੇ 634 ਜੱਜਾਂ ਵਿੱਚੋਂ ਸਿਰਫ 54 ਹੀ ਔਰਤਾਂ ਜੱਜ ਹਨ। ਦੇਸ਼ ਦੀਆਂ ਲਗਪਗ ਸਾਰੀਆਂ ਪਾਰਟੀਆਂ ਦੇ ਨੇਤਾ ਵੋਟਾਂ ਵਟੋਰਨ ਲਈ ਔਰਤਾਂ ਦੀ ਹਾਲਤ ਬਾਰੇ ਵੱਡੇ-ਵੱਡੇ ਭਾਸ਼ਣ ਦਿੰਦੇ ਹਨ, ਪਰ ਇਹਨਾਂ ਆਗੂਆਂ ਹੀ ਅੱਜ ਤਕ ਸੰਸਦ ਤੇ ਵਿਧਾਨ ਪ੍ਰੀਸ਼ਦਾਂ 'ਚ ਮਹਿਲਾ ਰਾਖਵਾਂਕਰਨ ਬਿੱਲ ਪਾਸ ਨਹੀਂ ਹੋਣ ਦਿੱਤਾ। ਜੇ ਹੁਣ ਪਾਸ ਹੋਇਆ ਵੀ ਹੈ ਤਾਂ 6 ਸਾਲ ਲਈ ਟਿੰਡ 'ਚ ਕਾਨਾ ਪਾ ਦਿੱਤਾ ਹੈ। ਅਸਲ 'ਚ ਆਗੂ ਨਹੀ ਚਾਹੁੰਦੇ ਕਿ ਇਹ ਬਿਲ ਪਾਸ ਹੋਵੇ? ਕਿਉਂਕਿ ਇਸ ਨਾਲ 33ਪ੍ਰਤੀਸ਼ਤ ਲੀਡਰਾਂ ਨੂੰ ਔਰਤਾਂ ਲਈ ਆਪਣੀ ਸੀਟ ਛੱਡਣੀ ਪੈਣੀ ਹੈ। ਮਰਦ ਸਮਾਜ 'ਚ ਆਪਣੀ ਹਉਮੈ ਬਣਾਈ ਰੱਖਣ ਲਈ ਔਰਤਾਂ ਵਿਰੁੱਧ ਇਕੱਠੇ ਹੋ ਜਾਂਦੇ ਹਨ, ਪਿਛਲੇ 20 ਸਾਲਾਂ ਤੋਂ ਮਹਿਲਾ ਰਾਖਵਾਂਕਰਨ ਬਿੱਲ ਪਾਸ ਨਾ ਹੋਣ ਦੇਣਾ ਇਸ ਦਾ ਪ੍ਰਤੱਖ ਸਬੂਤ ਤਾਂ ਹੈ ਹੀ ਪਰ ਇਹ ਸਾਡੇ ਸਮਾਜ ਵਿੱਚ ਛਾਈ ਹੋਈ ਮਰਦ ਪ੍ਰਧਾਨ ਸੋਚ ਦਾ ਸੂਚਕ ਵੀ ਹੈ, ਜਿਹੜੀ ਮਰਦਾਂ ਨੂੰ ਔਰਤਾਂ ਵਿਰੁੱਧ ਹਿੰਸਾ ਅਤੇ ਅਜਿਹੀਆਂ ਘਿਨਾਉਣੀਆਂ ਕਾਰਵਾਈਆਂ ਕਰਨ ਲਈ ਉਤਸ਼ਾਹਿਤ ਕਰਦੀ ਹੈ। ਅਜਿਹੀ ਸੋਚ ਵਿਰੁੱਧ ਵੀ ਆਵਾਜ਼ ਉਠਣੀ ਚਾਹੀਦੀ ਹੈ। ਜਦ ਤਕ ਔਰਤ ਨੂੰ ਨੰਬਰ ਦੋ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ ਤੇ ਉਸ ਨੂੰ ਮਰਦਾਂ ਦੇ ਬਰਾਬਰ ਨਹੀਂ ਆਉਣ ਦਿੱਤਾ ਜਾਵੇਗਾ, ਤਦ ਤੱਕ ਅਬਾਦੀ ਦਾ ਅੱਧਾ ਹਿੱਸਾ ਗੁਲਾਮ ਹੀ ਬਣਿਆ ਰਹੇਗਾ।

ਅਜਿਹਾ ਵੀ ਨਹੀ ਕਿ ਕੁੱਝ ਹੋ ਨਹੀ ਸਕਦਾ। ਸੱਤ ਸਾਲ ਪਹਿਲਾਂ ਰਾਜਧਾਨੀ ਦਿੱਲੀ ਵਿੱਚ ਪੈਰਾ ਮੈਡੀਕਲ ਦੀ ਇੱਕ 23 ਸਾਲਾ ਵਿਦਿਆਰਥਣ ਨਾਲ ਚੱਲਦੀ ਬੱਸ ਵਿੱਚ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਲੜਕੀ ਵੱਲੋਂ ਵਿਰੋਧ ਕਰਨ 'ਤੇ ਦਰਿੰਦਿਆਂ ਨੇ ਉਸ ਦੇ ਨਿੱਜੀ ਅੰਗ ਵਿੱਚ ਰਾਡ ਪਾ ਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਸੀ। ਆਪਣੀ ਹਵਸ ਪੂਰੀ ਕਰਨ ਤੋਂ ਬਾਅਦ ਦਰਿੰਦੇ ਉਸ ਨੂੰ ਸੁੰਨਸਾਨ ਜਗ੍ਹਾ ਉਤੇ ਸੜਕ ਕਿਨਾਰੇ ਸੁੱਟ ਗਏ ਸਨ। ਇਸ ਕਾਂਡ ਵਿਰੁੱਧ ਦੇਸ਼ ਭਰ ਵਿੱਚ ਜ਼ਬਰਦਸਤ ਰੋਹ ਉਠਿਆ ਸੀ। ਲੋਕ ਆਪਮੁਹਾਰੇ ਸੜਕਾਂ ਉਤੇ ਨਿਕਲ ਤੁਰੇ ਸਨ। ਸਰਕਾਰ ਹਰਕਤ ਵਿੱਚ ਆਈ ਤੇ ਲੜਕੀ ਨੂੰ ਬਿਹਤਰ ਇਲਾਜ ਲਈ ਸਿੰਘਾਪੁਰ ਲਿਜਾਇਆ ਗਿਆ, ਪਰ ਉਸ ਨੂੰ ਬਚਾਇਆ ਨਾ ਜਾ ਸਕਿਆ। ਇਸ ਤੋਂ ਬਾਅਦ ਦੇਸ਼ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਨੂੰ ਠੱਲ ਪਾਉਣ ਲਈ ਸੰਸਦ ਵੱਲੋਂ ਸਖ਼ਤ ਕਾਨੂੰਨ ਲਿਆਂਦਾ ਗਿਆ। ਫਾਸਟ ਟਰੈਕ ਅਦਾਲਤਾਂ ਬਣੀਆਂ, ਦੋਸ਼ੀਆਂ ਲਈ ਫਾਂਸੀ ਦੀ ਸਜ਼ਾ ਹੋਈ ਸੀ। ਪਰ ਇਸ ਦੇ ਬਾਵਜੂਦ ਵੀ 7 ਸਾਲ ਬਾਅਦ ਵੀ ਔਰਤਾਂ 'ਤੇ ਘਿਨਾਉਣੇ ਅਪਰਾਧ ਜਾਰੀ ਹਨ?




ਸਮੁੱਚੇ ਦੇਸ਼ ਵਿਚ ਔਰਤਾਂ 'ਤੇ ਅੱਤਿਆਚਾਰ ਉਨਾਂ ਚਿਰ ਬੰਦ ਨਹੀਂ ਹੋਣੇ ਜਦ ਤਕ ਅਪਰਾਧੀਆਂ ਨੂੰ ਸਮਾਜਿਕ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ। ਪਹਿਲਾਂ ਤਾਂ ਦੋਸ਼ੀਆਂ ਨੂੰ ਨਿਆਇਕ ਪ੍ਰਣਲੀ ਰਾਹੀਂ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਫਿਰ ਉਹਨਾਂ ਦੀ ਜਾਇਦਾਦ ਜ਼ਬਤ ਕਰਕੇ ਪੀੜਤਾਂ ਨੂੰ ਦਿੱਤੀ ਜਾਵੇ। ਇਨਾ ਹੀ ਨਹੀਂ ਫਿਰ ਸਜ਼ਾ ਭੁਗਤ ਰਹੇ ਅਪਰਾਧੀਆਂ ਨੂੰ ਜੇਲਾਂ ਵਿਚੋਂ ਕੱਢ ਪਬਲਿਕ ਸਥਾਨ-ਆਮ ਚੌਕਾਂ, ਤਹਿਸੀਲ, ਕਚਿਹਰੀਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਬਿਰਧ, ਅਪਾਹਜ ਘਰਾਂ, ਹਸਪਤਾਲਾਂ 'ਚ ਲਿਜਾ ਕੇ ਆਮ ਲੋਕਾਂ ਸਾਹਮਣੇ ਉਹਨਾਂ ਦੇ ਕੀਤੇ ਗਏ ਅਪਰਾਧਾਂ ਤੇ ਉਹਨਾਂ ਨੂੰ ਮਿਲੀਆਂ ਸਜ਼ਾਵਾਂ ਬਾਰੇ ਦੱਸਿਆ ਜਾਵੇ। ਫਿਰ ਉਹਨਾਂ ਤੋਂ ਵਾਤਾਵਰਨ ਤੇ ਸਮਾਜ ਸੁਰੱਖਿਆ ਲਈ ਉਥੇ ਸਾਫ਼-ਸਫ਼ਾਈ ਦਾ ਕੰਮ ਕਰਵਾਇਆ ਜਾਵੇ। ਇਸ ਤਰਾਂ ਜਦ ਲੱਖਾਂ ਲੋਕ ਇਹਨਾਂ ਅਪਰਾਧੀਆਂ ਦੇ ਚਰਿਤਰ ਤੇ ਉਹਨਾਂ ਇਹ ਹਾਲਤ ਵੇਖਣਗੇ ਤਾਂ ਫਿਰ ਉਹ ਵੀ ਅਜਿਹੇ ਘਿਨਾਉਣੇ ਅਪਰਾਧ ਕਰਨ ਤੋਂ ਸੰਕੋਚ ਤਾਂ ਕਰਨਗੇ ਹੀ, ਸਗੋਂ ਘਰੀ, ਗਲੀ ਮੁਹੱਲੇ ਜਾ ਕੇ ਤਾਂ ਜਾ ਕੇ ਜਦ ਅਪਰਾਧੀਆਂ ਦੇ ਚਰਿਤਰ ਤੇ ਸਜ਼ਾਵਾਂ ਬਾਰੇ ਚਰਚਾ ਕਰਨਗੇ ਜਦ ਹੀ ਔਰਤਾਂ 'ਤੇ ਅੱਤਿਆਚਾਰਾਂ ਨੂੰ ਠੱਲ੍ਹ ਪਵੇਗੀ।






# ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ
ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ
ਸੰਦੇਸ਼ ਲੈ ਕੇ ਆਉਣ



Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



**Jugraj Singh Sahota**
President United Sports Club USA



**Narinder Singh Sahota**
Joint Finance Secretary
United Sports Club USA

# J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ


HAPPY
New Year
2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ
ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ
ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ
ਸੰਦੇਸ਼ ਲੈ ਕੇ ਆਉਣ
ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼
ਸ:ਹਰਮਿੰਦਰ ਸਿੰਘ ਸਮਾਣਾ
(209) 481-7750




ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ



ਆਉਣ ਵਾਲੇ ਦਿਨ ਤੁਹਾਡੇ
ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ
ਸੰਦੇਸ਼ ਲੈ ਕੇ ਆਉਣ



# CAPITAL

## Accounting & Tax Services

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

**PH : 530-669-5780 Fax : 530-669-5775**

**Cell : 530-908-9386 Cell : 530-405-6020**



HAPPY NEW YEAR
2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਸ. ਰੇਸ਼ਮ ਸਿੰਘ , ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ
ਸ. ਜਗਤਾਰ ਸਿੰਘ ਗਿੱਲ ਜਨਰਲ ਸੈਕਟਰੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ (ਵੈਸਟ)
ਬਲਵਿੰਦਰ ਸਿੰਘ ਮਿੰਨੂ ਚੀਮਾ ਨੈਸ਼ਨਲ ਪੈਨਲ ਮੈਂਬਰ
ਜਗਰਾਜ ਸਿੰਘ ਧਾਲੀਵਾਲ ਸੀਨੀਅਰ ਵਾਈਸ ਪ੍ਰਧਾਨ ਕੈਲੀਫੋਰਨੀਆ
ਰਛਪਾਲ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਲੇਫੋਨੀਆਂ ਵੈਸਟ
ਸ. ਜਸਬੀਰ ਸਿੰਘ ਤੱਖਰ ਨੈਸ਼ਨਲ ਪੈਨਲ ਮੈਂਬਰ
ਪਰਮਜੀਤ ਸਿੰਘ ਲਾਸਏਂਜਲਸ ਵਾਈਸ ਕੈਲੇਫੋਰੀਨੀਆ
ਕੁਲਵੰਤ ਸਿੰਘ
ਸਮਰਜੀਤ ਸਿੰਘ ਚੀਫ ਐਗਜੈਕਟਿਵ ਮੈਂਬਰ
ਲਵਦੀਪ ਸਿੰਘ ਸਹਾਇਕ ਖਜਾਨਚੀ
ਤਰਨਜੀਤ ਸਿੰਘ ਚੀਫ ਐਗਜੈਕਟਿਵ ਮੈਂਬਰ
ਗੁਰਮੀਤ ਸਿੰਘ ਯੁਬਾਸਿਟੀ ਵਾਈਸ ਪ੍ਰਧਾਨ
ਸੁਖਬੀਰ ਸਿੰਘ ਗਿੱਲ ਮੀਡੀਆ ਇੰਚਾਰਜ
ਵਿਕਰਮਜੀਤ ਸਿੰਘ ਐਗਜੈਕਟਿਵ ਮੈਂਬਰ
ਚਰਨਜੀਤ ਸਿੰਘ ਧਾਲੀਵਾਲ
ਗੁਰਵਿੰਦਰ ਸਿੰਘ
ਜਸਕਰਨ ਸਿੰਘ
ਨਿਰਮਲ ਸਿੰਘ
ਪਰਮਜੀਤ ਸਿੰਘ ਧਾਲੀਵਾਲ
ਰਾਜਦੀਪ ਸਿੰਘ
ਸੰਦੀਪ ਸਿੰਘ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ ਯੂ ਐਸ ਏ
661-209-0118


ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
2024
A&I Trucking Co.
123 E. Lee Road Watsonville, CA
Ph: 931-247-4637
ਅਮੋਲਕ ਸਿੰਘ ਗਾਖਲ
ਇਕਬਾਲ ਸਿੰਘ ਗਾਖਲ
ਪਲਵਿੰਦਰ ਸਿੰਘ ਗਾਖਲ
Gurvinder Singh Gakhal
Paramvir Singh Gakhal
Jaskaran Singh Gakhal
Karamvir Singh Gakhal
Amarvir Singh Gakhal
ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ
ਗਾਖਲ ਬ੍ਰਦਰਜ਼
ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ


2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ
ਸਾਬਕਾ ਜਰਨਲ ਸਕੱਤਰ
ਸ:ਸੰਤੋਖ ਸਿੰਘ ਝਿੰਗੜਾ


2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਹਰ ਕੌਮੀ ਕੰਮ ਨੂੰ ਪਹਿਲ ਦੇ ਆਧਾਰ 'ਤੇ ਅੱਗੇ ਹੋ ਕੇ ਕਰਨ ਵਾਲੇ, ਪੰਜਾਬ, ਪੰਜਾਬੀ ਮਾਂ ਬੋਲੀ, ਸਭਿਆਚਾਰ ਦੇ ਮਦੱਈ ਅਮਰੀਕਾ ਦੇ ਉਘੇ ਸਿੱਖ ਆਗੂ
ਸ੍ਰ. ਪਰਵਿੰਦਰ ਸਿੰਘ ਗਰੇਵਾਲ
ਅਤੇ ਉਨ੍ਹਾਂ ਦੇ ਸਪੁੱਤਰ
ਸ੍ਰ. ਮਨਪ੍ਰੀਤ ਸਿੰਘ ਗਰੇਵਾਲ
ਸ੍ਰ. ਮਨਪ੍ਰੀਤ ਸਿੰਘ ਗਰੇਵਾਲ
ਸ੍ਰ. ਪਰਵਿੰਦਰ ਸਿੰਘ ਗਰੇਵਾਲ


Happy
New Year
Wishes
Best collection of New Year
Wishes & Greetings
ਤੁਹਾਨੂੰ ਅਤੇ ਤੁਹਾਡੇ
ਪਰਿਵਾਰ ਨੂੰ
ਨਵਾਂ ਸਾਲ
ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ
ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ, ਬਿਜਨਸਮੈਨ
ਸ: ਗੁਲਬੱਰਗ ਸਿੰਘ ਭੰਗੂ, ਸ: ਕੁਲਦੀਪ ਸਿੰਘ ਭੰਗੂ, ਸ: ਜੇ ਸਿੰਘ (JOE) ਭੰਗੂ
St. Louis State Missouri USA

HAPPY
New Year
2024




ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ







ਧੰਨਵਾਦ ਸਾਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

# ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ






ਕਮਿਊਨਿਟੀ ਦੇ ਸੱਚੇ ਅਤੇ ਨਿਸ਼ਕਾਮ ਸੇਵਾਦਾਰ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੇ ਮੁਦਈ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਕੈਲੀਫੋਰਨੀਆ ਸਟੇਟ ਦੇ ਪ੍ਰਧਾਨ

**ਸ. ਬਲਜੀਤ ਸਿੰਘ ਮਾਨ** ਅਤੇ ਸਮੂਹ ਮਾਨ ਪਰਿਵਾਰ




ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ

# Singh Signs

ELECTRICAL · GRAPHIC · ENGRAVING

**Sales - Installation - Repair**

**WE FABRICATE & SERVICE ALL ELECTRICAL SIGNS**

44279 FREMONT BLVD. UNIT P FREMONT, CA 94538

**510-573-3162**

COMMERCIAL SIGNS BANNERS REAL STATE
INDUSTRIAL SIGNS VEHICLE GRAPHICE LASER DESIGNS
3-D GRAPHICS ENGRAVING VINYL LETTERING

*DESIGNED FOR QUALITY SIGH, ENGINEERED TO LAST !*



ਹਰ ਤਰ੍ਹਾਂ ਦੇ ਸਾਈਨ ਬਣਾਉਣ ਜਾਂ ਮੁਰੰਮਤ ਕਰਵਾਉਣ ਲਈ ਸੰਪਰਕ ਕਰੋ



ਅਸੀਂ ਹਰ ਤਰ੍ਹਾਂ ਦੇ ਬੈਨਰ-ਸ਼ੀਲਡਾਂ-ਪਲੈਕਾਂ-ਸਾਈਨ ਬਣਾਉਂਦੇ ਹਾਂ • ਅਸੀਂ ਪਿਛਲੇ 20 ਸਾਲ ਤੋਂ ਆਪ ਜੀ ਦੀ ਸੇਵਾ ਕਰ ਰਹੇ ਹਾਂ •ਅਸੀਂ ਅਮਰੀਕਾ ਦੀਆਂ ਤਕਰੀਬਨ ਸਾਰੀਆਂ ਵੱਡੀਆਂ ਕਪੰਨੀਆਂ ਨੂੰ ਸਪਲਾਈ ਕਰਦੇ ਹਾਂ •ਕੁਆਲਟੀ ਅਤੇ ਪਰਾਈਸ ਵਿੱਚ ਸਾਡਾ ਕੋਈ ਮੁਕਾਬਲਾ ਨਹੀਂ• ਕਿਸੇ ਵੀ ਹੁਸੀਨ ਸਮੇਂ ਪਾਰਟੀ ਅਤੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਉਣ ਲਈ ਸਾਨੂੰ ਜ਼ਰੂਰ ਕਾਲ ਕਰੋ

www.singhsigns.com, e-mail : singhsigns@hotmail.com

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿਠੇ ਅਤੇ ਨਿਘੇ ਸੁਭਾਅ ਦੇ ਮਾਲਕ

**ਸ. ਰਾਜਿੰਦਰ ਸਿੰਘ ਭੱਚੂ, ਛੋਟੇ ਭਾਈ ਸ. ਮਨਦੀਪ ਸਿੰਘ ਭੱਚੂ**




## ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ
ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ
ਸੰਦੇਸ਼ ਲੈ ਕੇ ਆਉਣ



ਸ. ਸੁਖਬੀਰ ਸਿੰਘ ਬਾਦਲ
ਸਾਬਕਾ ਉਪ ਮੁੱਖ ਮੰਤਰੀ ਪੰਜਾਬ


ਸ. ਬਲਵਿੰਦਰ ਸਿੰਘ ਭੂੰਦੜ
ਰਾਜ ਸਭਾ ਮੈਂਬਰ


ਸ. ਬਿਕਰਮ ਸਿੰਘ ਮਜੀਠੀਆ
ਸਾਬਕਾ ਕੈਬਨਿਟ ਮੰਤਰੀ



ਸ. ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਵੈਸਟ ਕੋਸਟ ਅਮਰੀਕਾ, ਉਨ੍ਹਾਂ ਦੇ ਪਿਤਾ ਸਰਪੰਚ ਬਲਜੀਤ ਸਿੰਘ ਖਹਿਰ ਤੇ ਉਨ੍ਹਾਂ ਦੇ ਛੋਟੇ ਵੀਰ ਸ. ਸੁਖਵੰਤ ਸਿੰਘ ਖਹਿਰਾ


ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
2024
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਪੁਸ਼ਤਾਂ ਤੋਂ ਖਾਲਸਾ ਪੰਥ ਦੀ ਸੇਵਾ ਕਰਦੇ ਆ ਰਹੇ ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਉਘੇ ਬਿਜ਼ਨਸਮੈਨ,
ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ 'ਤੇ ਕਰਨ ਵਾਲੇ ਗੁਰੂ ਅਤੇ ਪੰਥ ਦੇ ਸੇਵਾਦਾਰ
ਸ. ਜੋਗਾ ਸਿੰਘ ਹੀਰਾ
925-719-4359
ਸ. ਜੀਤ ਸਿੰਘ
510-750-2810

ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ




# Sakoon

CELEBRATING INDIAN FLAVORS



RESTAURANT | BAR
LOUNGE | BANQUET

our 3rd location now open in
santa clara





Late : Baba Lashkar Singh



Didar Singh



Balkar Singh



# BOMBAY GARDEN

ਅਸੀਂ 500 ਤੋਂ ਲੈ ਕੇ 10000 ਹਜ਼ਾਰ ਤੱਕ ਕੈਟਰਿਗ ਕਰਦੇ ਹਾਂ। ਇਸ ਵਿਚ ਸਾਡਾ ਕੋਈ ਮੁਕਾਬਲਾ ਨਹੀਂ।
ਅਸੀਂ ਕੈਲੀਫੋਰਨੀਆ ਵਿਚ ਬੰਬੇ ਗਾਰਡਨ, ਬੰਬੇ ਐਕਸਪ੍ਰੈਸ ਅਤੇ ਸਕੂਨ ਰੈਸਟੋਰੈਂਟ
ਦੀਆਂ ਵੱਖ-ਵੱਖ ਬ੍ਰਾਂਚਾਂ ਤੋਂ ਆਪ ਜੀ ਦੀ ਸੇਵਾ ਕਰਦੇ ਹਾਂ।

ਬਲਕਾਰ ਸਿੰਘ (510) 676-5641


2024
Happy New Year
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਸਵਰਗੀ ਸ਼ਿਵਰਾਜ ਸਿੰਘ ਸੰਘੇੜਾ
ਦੀ ਨਿੱਘੀ ਯਾਦ ਵਿਚ
ਜਥੇਦਾਰ ਸੱਜਣ ਸਿੰਘ ਸੰਘੇੜਾ
ਸ੍ਰ. ਹਰਦੁਮਨ ਸਿੰਘ ਬਿੱਲਾ ਸੰਘੇੜਾ ਤੇ
ਉਨ੍ਹਾਂ ਦੇ ਵੀਰ ਸ੍ਰ. ਜੇ.ਪੀ. ਸਿੰਘ ਲਾਲੀ


2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਪ੍ਰਮਾਤਮਾ ਕਰੇ
ਨਵਾਂ ਸਾਲ ਤੁਹਾਡੇ
ਲਈ ਖੁਸ਼ੀਆਂ ਤੇ
ਖੇੜੇ ਲੈ ਕੇ ਆਵੇ
ਪ੍ਰਧਾਨ ਸੁੱਚਾ ਸਿੰਘ
913 256 9498
ਗੁਰਦੁਆਰਾ ਨਾਨਕ ਦਰਬਾਰ ਸਾਹਿਬ ਉਲੇਥਾ ਕੈਨਸਾਸ
Gurdwara Nanak Darbar Sahib
126 S Cherry Street Olathe KS 66061


Happy New Year
2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਸ੍ਰ. ਕੇਹਰ ਸਿੰਘ ਘੋਤੜਾ ਮਿਆਣੀ, ਸ੍ਰ. ਜੋਗਾ ਸਿੰਘ ਘੋਤੜਾ ਮਿਆਣੀ
ਅਤੇ ਸ. ਰਘਵਿੰਦਰ ਸਿੰਘ ਘੋਤੜਾ ਮਿਆਣੀ
Binghamton New York





# ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਐਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ,ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ,ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ।
ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ

*Get more BENEFITS at No Cost $0 Premium*

## Rakhra Tax & Immigration

3073 W Ashlan Ave <> Fresno, CA 93722

Ph. (559) 243-9200


Fax (559) 549-6211

or visit

www.rakhrataxservice.com

or avtar06@gmail.com





2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਤੇ ਉਘੇ ਸਿੱਖ ਆਗੂ
ਸ੍ਰ. ਜਗਜੀਤ ਸਿੰਘ ਰੱਕੜ

# ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ



ਸਵਰਗਵਾਸੀ ਮਾਤਾ ਜਗੀਰ ਕੌਰ ਹੰਸਲਾ



ਸਵਰਗਵਾਸੀ ਪ੍ਰਿੰਸੀਪਲ ਬਲਬੀਰ ਸਿੰਘ ਹੰਸਲਾ






ਕਮਾਂਡਰ ਆਲਮਜੀਤ ਸਿੰਘ ਹੰਸਲਾ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੀਨੀਅਰ ਸੇਵਾਦਾਰ ਸ੍ਰ. ਬਲਜੀਤ ਸਿੰਘ ਹੰਸਲਾ,
ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਲਾ,
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸ੍ਰ. ਗੁਰਚਰਨ ਸਿੰਘ ਹੰਸਲਾ, ਨੌਜਵਾਨ ਸਿੱਖ ਆਗੂ ਸ੍ਰ. ਗੁਰਪ੍ਰੀਤ ਸਿੰਘ ਹੰਸਲਾ


Happy New Year
2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਕਮਿਊਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ
ਊਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ
ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ
ਸ੍ਰੀ ਪੰਕਜ ਆਂਸਲ
ਫਾਊਂਡਰ ਯੂਨਾਈਟਿਡ ਪੰਜਾਬ ਫਰੰਟ

# ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ

**510.487.3254**

**General Contractors**

CHANA CONSTRUCTION
Residential & Commercial
Since 1989


Licence No. 554005

**Custom Homes & Additions**

ਸਾਡਾ 43+ ਸਾਲਾਂ ਦਾ ਤਜਰਬਾ ਹੈ ਅਸੀਂ ਅਮਰੀਕਾ ਵਿਚ ਆਪਣੀ ਕੰਪਨੀ
ਰਾਹੀਂ ਤਿੰਨ ਦਹਾਕਿਆਂ ਤੋਂ ਸੇਵਾ ਕਰਦੇ ਆ ਰਹੇ ਹਾਂ।



*COMMERCIAL*






*RESIDENTIAL*

## COMMERCIAL

- New Homes
- Additon
- 2nd Story addition
- Kitchan Bath
- ADU

Google
FIVE STAR
CUSTOMER RATING

## RESIDENTIAL

- Shopping Centre
- Tenant Improvement
- Liqour Store
- Dental Office
- Restaurant
- Pharmacy



**Serving The Bay Area For Past More Then 43+ Years**

* Insurance Bonded*

Contact :
**Bhupinder S. Chana**
**Devinder S. Chana**
FAX : 510-487-0804



dschana@chanacoustruction.com
www.chanacontruction.com










ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ


# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,

ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ

ਕਮਿਉਨਟੀ ਦੇ ਨਿਸ਼ਕਾਮ ਸੇਵਾਦਾਰ

ਡਾ.ਜਸਪਾਲ ਸਿੰਘ ਸੈਣੀ ਨਾਰਥ ਰਿਜ਼ ਕੈਲੀਫੋਰਨੀਆ


ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
2024
Happy New Year
Cold Rush Trucking inc Manteca CA
209-328-5546 | Email : coldrushinc1313@gmail.com
ਸ੍ਰ. ਪ੍ਰਮਜੀਤ ਸਿੰਘ ਸ੍ਰ. ਅਵਤਾਰ ਸਿੰਘ, ਸ੍ਰ. ਪ੍ਰੇਮ ਸਿੰਘ, ਸ੍ਰ. ਗੁਰਫਤਿਹ ਸਿੰਘ
ਬੀਬੀ ਬਲਜਿੰਦਰ ਕੌਰ ਬੀਬੀ ਰਸ਼ਪਿੰਦਰ ਕੌਰ


ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
2024
ਗੁਰੂ ਅਤੇ ਪੰਥ ਦੇ ਦਾਸ
ਸ੍ਰ. ਮਨਜੀਤ ਸਿੰਘ ਉੱਪਲ
ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ


Happy New Year
2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਅਮਰੀਕਾ ਦੇ ਸੀਨੀਅਰ ਨੌਜਵਾਨ ਸਿੱਖ ਆਗੂ ਅਤੇ ਸ਼੍ਰੋਮਣੀ
ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ 5 ਮੈਂਬਰ ਪੈਨਲ ਦੇ ਮੈਂਬਰ, ਬਿਜਨਸਮੈਨ
ਸ੍ਰ. ਮੱਖਣ ਸਿੰਘ ਕਲੇਰ ਅਤੇ ਸਮੂਹ ਕਲੇਰ ਪਰਿਵਾਰ
ਬੇਨਤੀ ਕਰਤਾ
ਸ੍ਰ. ਮੱਖਣ ਸਿੰਘ ਕਲੇਰ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ-ਸ਼ਿਕਾਗੋ





## ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

**ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,**
**ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ**





# RANJIT SINGH

VALLEY REAL ESTATE CENTER (OFFICE LIC.: 01392267) 68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM


2024
ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ
ਨਵਾਂ ਸਾਲ ਮੁਬਾਰਕ
ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ
ਬੇਨਤੀ ਕਰਤਾ
ਗੁਰੂ ਅਤੇ ਪੰਥ ਦੇ ਦਾਸ
ਭਾਈ ਦਰਸ਼ਨ ਸਿੰਘ ਮਾਨ
ਵਿਦਿਆਰਥੀ, ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ
ਮੀਤ ਪ੍ਰਧਾਨ ਗੁਰਦੁਆਰਾ ਸਾਹਿਬ ਐਲਸਬਰਾਂਟੇ ਕੈਲੇਫੋਰਨੀਆ

ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ, ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ

# DAL-VER-EX-INC





DALVIR SEMBHI,C.E.O.

ਹੋਰ ਜਾਣਕਾਰੀ ਲਈ ਸੰਪਰਕ ਕਰੋ

## DALVIR SEMBHI

**209-992-0377**

**1814 Gordon verner circle Stockton ca**

ਹਿੰਦੂ ਲੈ ਗਏ ਹਿੰਦੁਸਤਾਨ ਮੁਸਲਿਮ ਲੈ ਗਏ ਪਾਕਿਸਤਾਨ ਹੁਣ ਸਾਡੀ ਮੰਜ਼ਿਲ ਖਾਲਿਸਤਾਨ

ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ

## ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,
ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ







ਦੁਨੀਆ ਭਰ 'ਚ ਵਸਦੇ ਖਾਲਸਾ ਪੰਥ ਜੀ ਆਓ ਆਪਣੀ ਅਜ਼ਾਦ ਹਸਤੀ ਲਈ ਹੰਭਲਾ ਮਾਰੀਏ ਅਤੇ ਸਿੱਖ ਕੌਮ ਦੀ ਮੁਕੰਮਲ ਅਜ਼ਾਦੀ ਲਈ ਆਪਣਾ ਆਪਣਾ ਬਣਦਾ ਹਿੱਸਾ ਪਾਈਏ। ਆਪਣੇ ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਕੌਮ ਦੀ ਚੜ੍ਹਦੀਕਲਾ ਲਈ ਇਕੱਠੇ ਹੋ ਕੇ ਪੰਥ ਦੀ ਸੇਵਾ ਕਰੀਏ।

**ਵਾਹਿਗੁਰੂ ਖਾਲਸਾ ਪੰਥ ਨੂੰ ਆਪਣਾ ਅਜ਼ਾਦ ਘਰ ਖਾਲਿਸਤਾਨ ਬਖਸ਼ੇ।**

# ਸ. ਰੇਸ਼ਮ ਸਿੰਘ

## ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵੈਸਟ



# (661) 209-0118

# ਪੰਜਾਬ ਦੇ ਸਿਆਸੀ ਆਗੂਆਂ ਦੀ ਕਥਨੀ ਤੇ ਕਰਨੀ 'ਚ ਵਧ ਰਿਹਾ ਹੈ ਪਾੜਾ

**ਡਾ. ਰਣਜੀਤ ਸਿੰਘ**

ਪੰਜਾਬੀ ਮਿਹਨਤੀ ਅਤੇ ਖ਼ਤਰਿਆਂ ਨਾਲ ਖੇਡਣ ਵਾਲਿਆਂ 'ਚ ਗਿਣੇ ਜਾਂਦੇ ਹਨ। ਇਸੇ ਕਰਕੇ ਉਨ੍ਹਾਂ ਨੂੰ ਸੰਸਾਰ ਦੇ ਵਧੀਆ ਕਿਸਾਨਾਂ ਅਤੇ ਬਹਾਦਰ ਜਵਾਨਾਂ ਕਰਕੇ ਜਾਣਿਆ ਜਾਂਦਾ ਹੈ। ਉਨ੍ਹਾਂ ਦੀ ਕਥਨੀ ਅਤੇ ਕਰਨੀ ਵਿਚ ਕੋਈ ਵੀ ਫ਼ਰਕ ਨਹੀਂ। ਉਹ ਜੋ ਠਾਣ ਲੈਂਦੇ ਹਨ, ਉਸ ਨੂੰ ਕਰਕੇ ਵੀ ਵਿਖਾਉਂਦੇ ਹਨ। ਪਿਛਲੀ ਸਦੀ ਦੇ ਸ਼ੁਰੂ ਵਿਚ ਜਦੋਂ ਅੰਗਰੇਜ਼ ਸਰਕਾਰ ਨੇ ਦੇਸ਼ ਵਿਚੋਂ ਭੁੱਖਮਰੀ ਦੂਰ ਕਰਨ ਲਈ ਪੱਛਮੀ ਪੰਜਾਬ ਵਿਚ ਨਹਿਰਾਂ ਦਾ ਜਾਲ ਵਿਛਾਇਆ ਤਾਂ ਜੰਗਲਾਂ ਨੂੰ ਆਪਣੀ ਮਿਹਨਤ ਨਾਲ ਸਾਫ਼ ਕਰਕੇ ਪੰਜਾਬੀਆਂ ਨੇ ਲਹਿਲਹਾਉਂਦੇ ਖੇਤਾਂ ਵਿਚ ਤਬਦੀਲ ਕਰ ਦਿੱਤਾ। ਆਜ਼ਾਦੀ ਸਮੇਂ ਪੰਜਾਬ ਦੀ ਵੰਡ ਹੋਈ। ਇਸ ਪਾਸਿਓਂ ਪੰਜਾਬੀ ਜਿਹੜੇ ਗੱਡੇ ਜੋੜ ਕੇ ਬਾਰਾਂ ਆਬਾਦ ਕਰਨ ਗਏ ਸਨ, ਉਨ੍ਹਾਂ ਗੱਡਿਆਂ ਉਤੇ ਹੀ ਉਨ੍ਹਾਂ ਨੂੰ ਸਭ ਕੁਝ ਲੁਟਾ ਕੇ ਖਾਲੀ ਹੱਥ ਵਾਪਸ ਮੁੜਨਾ ਪਿਆ। ਪਰ ਇਸ ਪਾਸੇ ਪੈਰ ਲਗਦਿਆਂ ਹੀ ਉਨ੍ਹਾਂ ਮਿਹਨਤ ਕੀਤੀ ਅਤੇ ਪੂਰਬੀ ਪੰਜਾਬ ਨੂੰ ਹਰੇ ਇਨਕਲਾਬ ਦੀ ਕਰਮਭੂਮੀ ਬਣਾ ਦਿੱਤਾ। ਉੱਤਰ ਪ੍ਰਦੇਸ਼ ਦੇ ਤਰਾਈ ਇਲਾਕੇ ਦੇ ਜੰਗਲਾਂ ਨੂੰ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਆਬਾਦ ਕਰਨ ਵਾਲੇ ਵੀ ਪੰਜਾਬੀ ਹੀ ਹਨ। ਇਸੇ ਤਰ੍ਹਾਂ ਰਾਜਸਥਾਨ ਦੇ ਰੇਤਲੇ ਟਿੱਬਿਆਂ ਨੂੰ ਲਹਿਲਹਾਉਂਦੇ ਖੇਤਾਂ 'ਚ ਵੀ ਪੰਜਾਬੀਆਂ ਨੇ ਹੀ ਤਬਦੀਲ ਕੀਤਾ। ਜਦੋਂ ਵੀ ਮੌਕਾ ਮਿਲਿਆ ਵਿਦੇਸ਼ਾਂ ਵਿਚ ਜਾ ਕੇ ਵੀ ਉਨ੍ਹਾਂ ਨੇ ਆਪਣੀ ਮਿਹਨਤ ਨਾਲ ਸਫ਼ਲਤਾ ਦੀਆਂ ਬੁਲੰਦੀਆਂ ਨੂੰ ਛੂਹਿਆ ਹੈ। ਇਹ ਬੜੇ ਦੁਖੀ ਹਿਰਦੇ ਨਾਲ ਲਿਖਣਾ ਪੈਂਦਾ ਹੈ ਕਿ ਇਸ ਸਦੀ ਦੇ ਸ਼ੁਰੂ ਹੁੰਦਿਆਂ ਹੀ ਪੰਜਾਬੀਆਂ ਵਿਸ਼ੇਸ਼ ਕਰਕੇ ਇਥੋਂ ਦੇ ਲੀਡਰਾਂ ਦਾ ਕਿਰਦਾਰ ਕੇਵਲ ਕਥਨੀ ਤਕ ਹੀ ਸੀਮਤ ਹੁੰਦਾ ਗਿਆ ਹੈ। ਉਹ ਕਰਨੀ ਤੋਂ ਦੂਰ ਹੋ ਰਹੇ ਹਨ। ਅਜਿਹਾ ਕੇਵਲ ਰਾਜਸੀ ਖੇਤਰ 'ਚ ਹੀ ਨਹੀਂ ਹੋ ਰਿਹਾ, ਸਗੋਂ ਸਾਡੇ ਧਾਰਮਿਕ ਲੀਡਰ, ਪ੍ਰਚਾਰਕ ਅਤੇ ਸਮਾਜ ਸੇਵਕਾਂ ਦੀ ਸੋਚ ਵੀ ਅਜਿਹੀ ਹੀ ਬਣਦੀ ਜਾ ਰਹੀ ਹੈ। ਉਹ ਕੇਵਲ ਪ੍ਰਵਚਨ ਕਰਦੇ ਹਨ, ਨਾਅਰੇ ਲਗਾਉਂਦੇ ਹਨ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਂਦੇ ਹਨ, ਪਰ ਲੋਕਾਂ ਦੇ ਮੱਸਲਿਆਂ ਦੇ ਨਿਵਾਰਨ ਦਾ ਕੋਈ ਯਤਨ ਨਹੀਂ ਕਰਦੇ। ਲੀਡਰ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਜਦੋਂ ਕੁਰਸੀ ਪ੍ਰਾਪਤ ਕਰ ਲੈਂਦੇ ਹਨ ਤਾਂ ਆਪਣੇ ਕੀਤੇ ਵਾਅਦਿਆਂ ਨੂੰ ਭੁੱਲ ਜਾਂਦੇ ਹਨ। ਕੇਵਲ ਕੁਝ ਕੁ ਮੁਫ਼ਤ ਦੀਆਂ ਰਿਓੜੀਆਂ ਵੰਡ ਕੇ ਲੋਕਾਂ ਨੂੰ ਪਰਚਾਉਣ ਦਾ ਯਤਨ ਕਰਦੇ ਹਨ। ਆਜ਼ਾਦੀ ਪਿੱਛੋਂ ਸੂਬੇ ਨੂੰ ਅਜਿਹੇ ਆਗੂ ਮਿਲੇ, ਜਿਨ੍ਹਾਂ ਦੀ ਕਰਨੀ ਅਤੇ ਕਥਨੀ ਵਿਚ ਕੋਈ ਫ਼ਰਕ ਨਹੀਂ ਸੀ। ਅਸਲ 'ਚ ਉਹ ਵਾਅਦੇ ਕਰਨ 'ਚ ਯਕੀਨ ਨਹੀਂ ਸਨ ਰੱਖਦੇ, ਸਗੋਂ ਸੂਬੇ ਦੇ ਭਲੇ ਲਈਕਾਰਜ ਕਰਨ ਨੂੰ ਪਹਿਲ ਦਿੰਦੇ ਸਨ। ਲੋਕਾਂ 'ਚ ਵੀ ਜੋਸ਼ ਸੀ। ਪੰਜਾਬੀਆਂ ਨੇ ਆਪਣੀ ਮਿਹਨਤ ਨਾਲ ਪੰਜਾਬ ਨੂੰ ਦੇਸ਼ ਦਾ ਸਭ ਤੋਂ ਵੱਧ ਵਿਕਸਿਤ ਸੂਬਾ ਬਣਾ ਦਿੱਤਾ। ਜਿਸ ਤੇਜ਼ੀ ਨਾਲ ਪੰਜਾਬ 'ਚ ਖੇਤੀ ਅਤੇ ਪੇਂਡੂ ਵਿਕਾਸ ਹੋਇਆ, ਇਸ ਦੀ ਮਿਸਾਲ ਸੰਸਾਰ ਵਿਚ ਹੋਰ ਕਿਧਰੇ ਨਹੀਂ ਮਿਲਦੀ। ਹੁਣ ਕੇਵਲ ਸਬਜ਼ਬਾਗ ਵਿਖਾਏ ਜਾਂਦੇ ਹਨ, ਲਗਾਏ ਨਹੀਂ ਜਾਂਦੇ, ਕਦੇ ਸਮਾਂ ਸੀ ਕਿ ਸਬਜ਼ਬਾਗ ਲਗਾ ਕੇ ਵਿਖਾਏ ਜਾਂਦੇ ਸਨ।

ਸਾਡੇ ਆਗੂਆਂ ਦੀ ਸੋਚ ਕਥਨੀ ਤਕ ਸੀਮਤ ਹੋ ਗਈ ਹੈ। ਇਸ ਦੀ ਪ੍ਰੋੜ੍ਹਤਾ ਲਈ ਕੁਝ ਮਿਸਾਲਾਂ ਦੇਣ ਦਾ ਯਤਨ ਕਰਾਂਗਾ। ਸ. ਪ੍ਰਤਾਪ ਸਿੰਘ ਕੈਰੋਂ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਦੀ ਸੋਚ ਸੀ ਕਿ ਖੇਤੀ ਦੀ ਤਰੱਕੀ ਸਿੰਚਾਈ ਸਹੂਲਤਾਂ ਤੋਂ ਬਗੈਰ ਨਹੀਂ ਹੋ ਸਕਦੀ। ਨਹਿਰੀ ਪਾਣੀ ਮਿਲਣ ਨਾਲ ਪੱਛਮੀ ਪੰਜਾਬ ਦੀਆਂ ਬਾਰਾਂ ਨੂੰ ਲਹਿਲਹਾਉਂਦੇ ਖੇਤਾਂ ਵਿਚ ਬਦਲਿਆ ਗਿਆ ਸੀ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਇਹ ਲੋੜ ਖੂਹਾਂ ਨਾਲ ਪੂਰੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਪੰਜਾਬ ਵਿਚ ਨਹਿਰਾਂ ਦਾ ਜਾਲ ਇਸ ਢੰਗ ਨਾਲ ਵਿਛਾਇਆ ਕਿ ਹਰੇਕ ਖੇਤ ਤਕ ਨਹਿਰੀ ਪਾਣੀ ਪਹੁੰਚਿਆ। ਇਸ ਪਿਛੋਂ ਆਉਣ ਵਾਲੀਆਂ ਸਰਕਾਰਾਂ ਨੇ ਕਿਸਾਨਾਂ ਨੂੰ ਟਿਊਬਵੈੱਲ ਲਗਾਉਣ ਲਈ ਉਤਸ਼ਾਹਿਤ ਕੀਤਾ। ਇਥੋਂ ਤੱਕ ਕਿ ਬਿਜਲੀ ਵੀ ਮੁਫ਼ਤ ਕਰ ਦਿੱਤੀ। ਫਿਰ ਕਿਸਾਨ ਨਹਿਰੀ ਪਾਣੀ ਦੀ ਵਾਰੀ ਕਿਉਂ ਉਡੀਕੇਗਾ, ਜਦੋਂ ਉਹ ਆਪਣੀ ਮਰਜ਼ੀ ਨਾਲ ਪਾਣੀ ਕੱਢ ਸਕਦਾ ਹੈ। ਨਵੀਆਂ ਸਰਕਾਰਾਂ ਨੇ ਬਹੁਤੀਆਂ ਕੱਸੀਆਂ ਰਜਵਾਹੇ ਪੂਰ ਕੇ ਸੜਕਾਂ ਬਣਾ ਦਿੱਤੀਆਂ ਹਨ ਜਾਂ ਲੋਕਾਂ ਨੇ ਆਪਣੇ ਖੇਤਾਂ ਨਾਲ ਰਲਾ ਲਏ ਹਨ। ਪੰਜਾਬ ਦੇ ਹਜ਼ਾਰਾਂ ਪਿੰਡ ਸ਼ਹਿਰਾਂ ਨੇ ਖਾ ਲਏ। ਉਥੇ ਵਗਣ ਵਾਲੇ ਰਜਵਾਹੇ ਵੀ ਸੜਕਾਂ ਵਿਚ ਤਬਦੀਲ ਹੋ ਗਏ। ਹੁਣ ਧਰਤੀ ਹੇਠ ਜਿਤਨਾ ਪਾਣੀ ਜਾਂਦਾ ਹੈ, ਉਸ ਤੋਂ ਕਿਤੇ ਵੱਧ ਧਰਤੀ ਹੇਠੋਂ ਕੱਢਿਆ ਜਾਂਦਾ ਹੈ। ਧਰਤੀ ਹੇਠ ਪਾਣੀ ਜਾਣ ਦੇ ਵਸੀਲੇ, ਛੱਪੜ, ਰਜਵਾਹੇ, ਬਰਸਾਤੀ ਨਾਲੇ ਤੇ ਕੱਚੇ ਰਾਹ ਸਾਰੇ ਬੰਦ ਹੋ ਗਏ ਹਨ। ਕਿਸੇ ਵੀ ਸਰਕਾਰ ਜਾਂ ਸੰਸਥਾ ਨੇ ਕਿਸੇ ਯੋਜਨਾਬੰਧ ਢੰਗ ਨਾਲ ਧਰਤੀ ਹੇਠ ਪਾਣੀ ਮੁੜ ਭੇਜਣ ਦਾ ਯਤਨ ਨਹੀਂ ਕੀਤਾ। ਮੁੱਕ ਰਹੇ ਪਾਣੀ ਦਾ ਰੌਲਾ ਜ਼ਰੂਰ ਸਾਰੇ ਹੀ ਪਾ ਰਹੇ ਹਨ ਅਤੇ ਕਿਸਾਨਾਂ ਸਿਰ ਭਾਂਡਾ ਭੰਨ ਰਹੇ ਹਨ। ਜੇਕਰ ਕਿਸਾਨ ਝੋਨਾ ਲਗਾਉਣਾ ਬੰਦ ਕਰ ਵੀ ਦੇਵੇ ਤਾਂ ਕੋਈ ਫ਼ਸਲ ਤਾਂ ਬੀਜੇਗਾ ਹੀ। ਪੰਜਾਬ ਵਿਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ, ਆਪਣੇ ਚੁੱਲ੍ਹੇ ਵਿਚ ਅੱਗ ਬਲਦੀ ਰੱਖਣ ਲਈ ਉਹ ਸਾਲ ਵਿਚ ਇਕ ਤੋਂ ਵੱਧ ਫ਼ਸਲਾਂ ਲੈਣ ਦਾ ਯਤਨ ਕਰੇਗਾ। ਗ਼ੈਰ-ਖੇਤੀ ਕੰਮਾਂ 'ਚ ਪਾਣੀ ਦੀ ਹੋ ਰਹੀ ਬਰਬਾਦੀ ਵੱਲ ਵੀ ਕਿਸੇ ਦਾ ਧਿਆਨ ਨਹੀਂ ਜਾ ਰਿਹਾ। ਸਾਨੂੰ ਆਪਣੇ ਗੁਆਂਢੀ ਰਾਜਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ।



ਰਾਜਸਥਾਨ ਵਿਚ ਜਦੋਂ ਕੋਈ ਫ਼ੈਕਟਰੀ ਲਗਦੀ ਹੈ ਤਾਂ ਉਸ ਲਈ ਲਾਜ਼ਮੀ ਕੀਤਾ ਜਾਂਦਾ ਹੈ ਕਿ ਜਿੰਨੇ ਪਾਣੀ ਦੀ ਉਸ ਨੂੰ ਲੋੜ ਹੈ, ਉਸ ਤੋਂ ਡੇਢ ਗੁਣਾ ਪਾਣੀ ਉਹ ਧਰਤੀ ਹੇਠ ਭੇਜੇਗੀ। ਬਰਸਾਤ ਦੇ ਪਾਣੀ ਨੂੰ ਧਰਤੀ ਹੇਠ ਭੇਜਣ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਕੁਝ ਛੱਪੜ ਅਲਾਟ ਕੀਤੇ ਜਾਂਦੇ ਹਨ, ਜਿਨ੍ਹਾਂ ਦੀ ਸਾਂਭ-ਸੰਭਾਲ ਉਸ ਫ਼ੈਕਟਰੀ ਦੀ ਜ਼ਿੰਮੇਵਾਰੀ ਹੁੰਦੀ ਹੈ। ਉਥੇ ਰਿਸ਼ਵਤਖੋਰੀ ਘੱਟ ਹੋਣ ਕਰਕੇ ਨਕਲੀ ਸਰਟੀਫਿਕੇਟ ਪ੍ਰਾਪਤ ਕਰਨੇ ਔਖੇ ਹਨ।

ਇਕ ਹੋਰ ਮਿਸਾਲ ਲੁਧਿਆਣੇ ਵਿਚੋਂ ਲੰਘਦੇ ਬੁੱਢੇ ਨਾਲੇ ਦੀ ਲੈਂਦੇ ਹਾਂ। ਇਸ ਦੇ ਪਾਣੀ ਨੂੰ ਸਾਫ਼ ਕਰਨ ਲਈ ਪਿਛਲੀ ਅੱਧੀ ਸਦੀ ਤੋਂ ਸਰਕਾਰ ਨੇ ਕਰੋੜਾਂ ਰੁਪਏ ਖਰਚ ਕੀਤੇ ਹਨ। ਬਹੁਤ ਸਾਰੀਆਂ ਸੰਸਥਾਵਾਂ ਅਤੇ ਧਾਰਮਿਕ ਆਗੂਆਂ ਨੇ ਸਫਾਈ ਮੁਹਿੰਮਾਂ ਚਲਾਈਆਂ ਹਨ, ਪਰ ਇਸ ਦਾ ਪਾਣੀ ਸਾਫ਼ ਹੋਣ ਦੀ ਥਾਂ ਹੋਰ ਗੰਦਾ ਹੋ ਰਿਹਾ ਹੈ। ਇਹ ਕਦੇ ਦਰਿਆ ਸੀ ਅਤੇ ਮਾਛੀਵਾੜੇ ਕੋਲੋਂ ਸਤਲੁਜ ਵਿਚੋਂ ਨਿਕਲਦਾ ਸੀ। ਉਦੋਂ ਇਸ ਦੇ ਲਾਗੇ ਫ਼ੈਕਟਰੀਆਂ ਵੀ ਨਹੀਂ ਸਨ ਅਤੇ ਨਾ ਹੀ ਸ਼ਹਿਰਾਂ ਵਿਚ ਸੀਵਰੇਜ ਸੀ। ਪਾਣੀ ਸਾਫ ਸੀ ਅਤੇ ਲੁਧਿਆਣੇ ਤਾਂ ਲੋਕੀਂ ਇਥੇ ਕੱਪੜੇ ਧੋਂਦੇ ਸਨ ਅਤੇ ਸਬਜ਼ੀਆਂ ਹੁੰਦੀਆਂ ਸਨ। ਜਦੋਂ ਸਤਲੁਜ ਦਰਿਆ ਦੇ ਕੰਢੇ ਬੰਨ੍ਹ ਬਣਾਏ ਗਏ ਤਾਂ ਇਹ ਬੰਦ ਹੋ ਗਿਆ। ਹੁਣ ਇਹ ਕੂੰਮ ਕਲਾਂ ਪਿੰਡ ਦੇ ਗੰਦੇ ਪਾਣੀ ਨਾਲ ਸ਼ੁਰੂ ਹੁੰਦਾ ਹੈ। ਇਸ ਦੇ ਨੇੜੇ ਲੱਗੇ ਕਾਰਖਾਨੇ ਵੀ ਆਪਣਾ ਗੰਦਾ ਪਾਣੀ ਇਸੇ ਵਿਚ ਹੀ ਸੁੱਟਦੇ ਹਨ। ਲੁਧਿਆਣਾ ਸ਼ਹਿਰ ਦੇ ਸੀਵਰੇਜ ਦਾ ਗੰਦ ਵੀ ਇਸੇ ਵਿਚ ਪੈਂਦਾ ਹੈ ਅਤੇ ਇਹ ਸਾਰੀ ਗੰਦਗੀ ਸਤਲੁਜ ਵਿਚ ਜਾ ਮਿਲਦੀ ਹੈ। ਇਹੋ ਪਾਣੀ ਨਹਿਰਾਂ ਰਾਹੀਂ ਮਾਲਵੇ ਅਤੇ ਰਾਜਸਥਾਨ ਨੂੰ ਜਾਂਦਾ ਹੈ ਤੇ ਮਜਬੂਰੀ ਵਿਚ ਇਹੋ ਪਾਣੀ ਲੋਕਾਂ ਨੂੰ ਪੀਣਾ ਪੈਂਦਾ ਹੈ। ਇਹ ਇਲਾਕਾ ਕੈਂਸਰ ਪੱਟੀ ਬਣ ਗਿਆ ਹੈ ਅਤੇ ਇਸ ਦਾ ਸਾਰਾ ਭਾਂਡਾ ਵੀ ਕਿਸਾਨਾਂ ਦੇ ਸਿਰ ਭੰਨਿਆ ਜਾਂਦਾ ਹੈ। ਇਸ ਦੇ ਪਾਣੀ ਨੂੰ ਲੁਧਿਆਣੇ ਆਉਣ ਤੋਂ ਪਹਿਲਾਂ ਸਾਫ਼ ਕਰਕੇ ਸਿੰਚਾਈ ਲਈ ਦਿੱਤਾ ਜਾਵੇ। ਮੁੜ ਲੁਧਿਆਣੇ ਤੋਂ ਅੱਗੇ ਸਾਰੇ ਪਾਣੀ ਨੂੰ ਸਾਫ਼ ਕਰਕੇ ਸਿੰਚਾਈ ਲਈ ਵਰਤਿਆ ਜਾਵੇ, ਪਰ ਕਿਸੇ ਨੇ ਇਸ ਪਾਸੇ ਕੋਈ ਯਤਨ ਨਹੀਂ ਕੀਤਾ।

ਚਲੋ, ਪੰਜਾਬ ਦੀ ਰਾਜਧਾਨੀ ਦੀ ਗੱਲ ਕਰੀਏ। ਸ. ਕੈਰੋਂ ਨੇ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਅਤਿ ਆਧੁਨਿਕ ਸ਼ਹਿਰ ਪੰਜਾਬ ਦੀ ਰਾਜਧਾਨੀ ਵਜੋਂ ਵਸਾਇਆ ਸੀ। ਪੰਜਾਬੀ ਸੂਬਾ ਬਣਨ ਸਮੇਂ ਫ਼ੈਸਲਾ ਹੋਇਆ ਸੀ ਕਿ ਹਰਿਆਣਾ ਪੰਜ ਸਾਲਾਂ 'ਚ ਕੇਂਦਰ ਦੀ ਸਹਾਇਤਾ ਨਾਲ ਆਪਣੀ ਰਾਜਧਾਨੀ ਬਣਾ ਲਵੇਗਾ। ਹੁਣ ਪੰਜਾਹ ਸਾਲ ਬੀਤ ਗਏ। ਇਹ ਕੇਂਦਰ ਸ਼ਾਸਿਤ ਪ੍ਰਦੇਸ਼ ਬਣਿਆ ਹੋਇਆ ਹੈ। ਪੰਜਾਬੀਆਂ ਦੀ ਗਿਣਤੀ ਏਨੀ ਘਟ ਗਈ ਹੈ ਕਿ ਚੰਡੀਗੜ੍ਹ ਹੁਣ ਇਸ ਦੇ ਪੰਜਾਬ ਨੂੰ ਮਿਲਣ ਦੀ ਸੰਭਾਵਨਾ ਵੀ ਘੱਟ ਗਈ ਹੈ। ਕਿਸੇ ਵੀ ਰਾਜਸੀ ਪਾਰਟੀ ਨੇ ਪੰਜਾਬੀ ਸੂਬਾ ਬਣਨ ਤੋਂ ਪੰਜ ਸਾਲ ਬਾਅਦ ਚੰਡੀਗੜ੍ਹ ਪ੍ਰਾਪਤੀ ਲਈ ਯਤਨ ਨਹੀਂ ਕੀਤੇ ਕੇਵਲ ਚੋਣਾਂ ਸਮੇਂ ਹੀ ਰੌਲਾ ਪਾਇਆ ਜਾਂਦਾ ਹੈ।

ਪੰਜਾਬੀ ਬੋਲੀ ਦੀ ਚਰਚਾ ਵੀ ਕੀਤੀ ਜਾ ਸਕਦੀ ਹੈ। ਬਹੁਤ ਸਾਰੀਆਂ ਕੁਰਬਾਨੀਆਂ ਦੇਣ ਪਿੱਛੋਂ ਬੋਲੀ ਦੇ ਆਧਾਰ ਉੱਤੇ ਪੰਜਾਬੀ ਸੂਬਾ ਹੋਂਦ ਵਿਚ ਆਇਆ। ਇਸ ਲਈ ਅੱਧਾ ਪੰਜਾਬ, ਚੰਡੀਗੜ੍ਹ, ਭਾਖੜਾ ਤੇ ਹੋਰ ਕਈ ਕੁੱਝ ਛੱਡਣਾ ਪਿਆ। ਸਾਡੇ ਬੁੱਧਜੀਵੀ ਪੰਜਾਬੀ ਦਾ ਪ੍ਰਚਾਰ ਕਰਦੇ ਹਨ, ਪਰ ਬਹੁਤੇ ਪੰਜਾਬੀਆਂ ਦੇ ਬੱਚੇ ਅਖੌਤੀ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਹਨ, ਜਿਥੇ ਪੰਜਾਬੀ ਪੜ੍ਹਨਾ ਤਾਂ ਦੂਰ ਪੰਜਾਬੀ ਬੋਲਣਾ ਵੀ ਮਨ੍ਹਾਂ ਹੈ। ਘਰਾਂ ਵਿਚ ਵੀ ਬਹੁਤ ਸਾਰੇ ਲੋਕ ਬੱਚਿਆ ਨਾਲ ਹਿੰਦੀ ਵਿਚ ਗੱਲਾਂ ਕਰਦੇ ਹਨ। ਲਿਖਣਾ ਤਾਂ ਨਹੀਂ ਚਾਹੀਦਾ ਪਰ ਹਿੰਦੂ ਪਰਿਵਾਰਾਂ ਦੀ ਗੱਲ ਤਾਂ ਛੱਡੋ ਸਿੱਖਾਂ ਦੇ ਬੱਚੇ ਵੀ ਪੰਜਾਬੀ ਤੋਂ ਦੂਰ ਹੋ ਰਹੇ ਹਨ। ਸਰਕਾਰੀ ਸਕੂਲਾਂ ਵਿਚ ਗ਼ਰੀਬਾਂ ਅਤੇ ਦੂਜੇ ਸੂਬਿਆਂ ਦੇ ਕਾਮਿਆਂ ਦੇ ਬੱਚੇ ਪੜ੍ਹਦੇ ਹਨ। ਉਨ੍ਹਾਂ ਨੂੰ ਹੀ ਪੰਜਾਬੀ ਆਉਂਦੀ ਹੈ, ਇੰਝ ਨੌਕਰੀਆਂ ਵੀ ਉਨ੍ਹਾਂ ਨੂੰ ਹੀ ਮਿਲਣਗੀਆਂ।

ਪੰਜਾਬ 'ਚ ਨਸ਼ਿਆਂ ਦੀ ਵਰਤੋਂ ਵਧ ਰਹੀ ਹੈ। ਸਾਰੀਆਂ ਰਾਜਸੀ ਪਾਰਟੀਆਂ ਚੋਣਾਂ ਤੋਂ ਪਹਿਲਾਂ ਨਸ਼ਾਬੰਦੀ ਕਰਨ ਦੇ ਵਾਅਦੇ ਕਰਦੀਆਂ ਹਨ ਪਰ ਕਦੇ ਵੀ ਕਿਸੇ ਰਾਜਸੀ ਪਾਰਟੀ, ਧਾਰਮਿਕ ਆਗੂਆਂ ਜਾਂ ਸਮਾਜ ਸੇਵਕਾਂ ਨੇ ਨਸ਼ੇ ਰੋਕਣ ਦਾ ਗੰਭੀਰ ਯਤਨ ਨਹੀਂ ਕੀਤਾ। ਪੁਲਿਸ ਅਤੇ ਆਗੂਆਂ ਦੀ ਸਰਪ੍ਰਸਤੀ ਤੋਂ ਬਗੈਰ ਸੂਬੇ ਵਿਚ ਨਸ਼ੇ ਨਹੀਂ ਵੇਚੇ ਜਾ ਸਕਦੇ। ਉਗਰਾਹਾਂ ਧੜੇ ਤੋਂ ਇਲਾਵਾ ਕਿਸਾਨ ਜਥੇਬੰਦੀਆਂ ਨੇ ਵੀ ਪਿੰਡਾਂ ਵਿਚੋਂ ਨਸ਼ੇ ਦੇ ਕੋਹੜ ਨੂੰ ਖਤਮ ਕਰਨ ਲਈ ਕੋਈ ਮੁਹਿੰਮ ਨਹੀਂ ਚਲਾਈ। ਪੰਜਾਬ ਦੇ ਕਿਸੇ ਭਖਦੇ ਮਸਲੇ ਵੱਲ ਜੇਕਰ ਝਾਤ ਮਾਰੀ ਜਾਵੇ ਤਾਂ ਉਸ ਨੂੰ ਹੱਲ ਕਰਨ ਲਈ ਕਿਸੇ ਵੀ ਧਿਰ ਵਲੋਂ ਅਮਲੀ ਯਤਨ ਨਹੀਂ ਕੀਤੇ ਜਾ ਰਹੇ। ਰਿਸ਼ਵਤਖੋਰੀ, ਮਿਲਾਵਟ ਆਪਣੇ ਸਿਖਰ ਉਤੇ ਹੈ। ਜਿਹੜੇ ਇਸ ਵਿਰੁੱਧ ਪ੍ਰਚਾਰ ਕਰਦੇ ਹਨ, ਉਹ ਹੀ ਇਸ ਨੂੰ ਉਤਸ਼ਾਹਿਤ ਕਰ ਰਹੇ ਹਨ। ਇੰਝ ਪੰਜਾਬੀ ਕਿਰਦਾਰ ਬਦਲ ਰਿਹਾ ਹੈ। ਪੰਜਾਬ ਦੇ ਕਿਰਤੀ ਲੋਕ ਕੇਵਲ ਕਿਰਤ ਤੋਂ ਹੀ ਦੂਰ ਨਹੀਂ ਹੋ ਰਹੇ, ਸਗੋਂ ਪੰਜਾਬ ਦੇ ਮਸਲੇ ਹੱਲ ਕਰਨ ਦੀ ਥਾਂ ਇਨ੍ਹਾਂ 'ਚ ਵਾਧਾ ਵੀ ਕਰ ਰਹੇ ਹਨ। ਸਾਡੇ ਅਖੌਤੀ ਆਗੂ ਕੇਵਲ ਰੌਲਾ ਪਾਉਂਦੇ ਹਨ, ਵੋਟ ਪ੍ਰਾਪਤੀ ਲਈ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਂਦੇ ਹਨ ਅਤੇ ਸਬਜ਼ਬਾਗ ਵਿਖਾਉਂਦੇ ਹਨ, ਪਰ ਮੱਸਲਿਆਂ ਨੂੰ ਹੱਲ ਕਰਨ ਦਾ ਕੋਈ ਯਤਨ ਨਹੀਂ ਕੀਤਾ ਜਾਂਦਾ, ਕਿਉਂਕਿ ਚੋਣਾਂ ਵੇਲੇ ਇਹੋ ਜਿਹੇ ਮੁੱਦੇ ਹੀ ਵੋਟ ਪ੍ਰਾਪਤੀ ਦੇ ਕੰਮ ਆਉਂਦੇ ਹਨ। ਪੰਜਾਬ ਵਿਚ ਕਥਨੀ ਅਤੇ ਕਰਨੀ ਵਿਚ ਆ ਰਿਹਾ ਅੰਤਰ ਸੂਬੇ ਲਈ ਘਾਤਕ ਸਿੱਧ ਹੋ ਰਿਹਾ ਹੈ। ਹਰ ਪਾਸੇ ਬੇਭਰੋਸਗੀ ਅਤੇ ਬੇਚੈਨੀ ਵਧ ਰਹੀ ਹੈ। ਆਓ, ਆਪਣੇ ਅੰਦਰ ਝਾਤ ਮਾਰੀਏ। ਆਪਣੇ ਨਿੱਜੀ ਸਵਾਰਥ ਲਈ ਰੰਗਲੇ ਪੰਜਾਬ ਦਾ ਨੁਕਸਾਨ ਨਾ ਕੀਤਾ ਜਾਵੇ, ਕਿਉਂਕਿ ਜੇਕਰ ਅੱਗ ਬੇਕਾਬੂ ਹੋ ਜਾਵੇ ਤਾਂ ਉਸ ਦੇ ਸੇਕ ਤੋਂ ਬਚਣਾ ਮੁਸ਼ਕਿਲ ਹੋ ਜਾਂਦਾ ਹੈ।

# ਕੁਸ਼ਤੀ ਫੈਡਰੇਸ਼ਨ ਨੂੰ ਮੁਅੱਤਲ ਕਰਨਾ ਸ਼ਲਾਘਾਯੋਗ ਫ਼ੈਸਲਾ, ਨਾ ਹੋਵੇ ਖਿਡਾਰੀਆਂ ਨਾਲ ਖਿਲਵਾੜ



ਖੇਡ ਮੰਤਰਾਲੇ ਵੱਲੋਂ ਨਵੀਂ ਚੁਣੀ ਭਾਰਤੀ ਕੁਸ਼ਤੀ ਫੈਡਰੇਸ਼ਨ ਨੂੰ ਜਿਸ ਤਰ੍ਹਾਂ ਮੁਲਤਵੀ ਕੀਤਾ ਗਿਆ, ਉਸ ਲਈ ਇਹ ਸੰਸਥਾ ਹੀ ਜ਼ਿੰਮੇਵਾਰ ਹੈ। ਸਮੱਸਿਆ ਸਿਰਫ਼ ਇਹ ਨਹੀਂ ਸੀ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਨਵੇਂ ਮੁਖੀ ਸੰਜੇ ਸਿੰਘ ਇਸ ਦੇ ਸਾਬਕਾ ਮੁਖੀ ਬ੍ਰਿਜਭੂਸ਼ਣ ਸ਼ਰਨ ਸਿੰਘ ਦੇ ਕਰੀਬੀ ਸਨ ਸਗੋਂ ਇਹ ਵੀ ਸੀ ਕਿ ਉਹ ਇਹ ਜ਼ਾਹਰ ਕਰ ਰਹੇ ਸਨ ਕਿ ਇਹ ਖੇਡ ਸੰਸਥਾ ਪਹਿਲਾਂ ਵਾਂਗ ਹੀ ਚੱਲੇਗੀ।

ਇਸ ਦਾ ਸਬੂਤ ਇਸ ਗੱਲ ਤੋਂ ਮਿਲਿਆ ਕਿ ਉਨ੍ਹਾਂ ਨੇ ਰਾਸ਼ਟਰੀ ਅੰਡਰ-15 ਤੇ ਅੰਡਰ-20 ਮੁਕਾਬਲੇ ਕਰਵਾਉਣ ਲਈ ਗੋਂਡਾ ਨੂੰ ਚੁਣਿਆ, ਜੋ ਬਿ?ਰਜਭੂਸ਼ਣ ਦਾ ਚੋਣ ਹਲਕਾ ਹੈ। ਇਸ ਫ਼ੈਸਲੇ ਤੋਂ ਇਹੋ ਸੰਦੇਸ਼ ਗਿਆ ਕਿ ਨਵੀਂ ਚੁਣੀ ਕੁਸ਼ਤੀ ਫੈਡਰੇਸ਼ਨ ਉਸੇ ਤਰ੍ਹਾਂ ਕੰਮ ਕਰੇਗੀ, ਜਿਵੇਂ ਬ੍ਰਿਜਭੂਸ਼ਣ ਦੇ ਕਾਰਜਕਾਲ 'ਚ ਹੁੰਦਾ ਸੀ। ਬ੍ਰਿਜਭੂਸ਼ਣ ਦੇ ਨੇੜਲਿਆਂ ਦਾ ਚੁਣੇ ਜਾਣਾ ਇਸ ਲਈ ਚਿੰਤਾ ਦਾ ਕਾਰਨ ਬਣ ਗਿਆ ਸੀ ਕਿਉਂਕਿ ਉਸ 'ਤੇ ਗੰਭੀਰ ਦੋਸ਼ ਸਨ ਤੇ ਉਨ੍ਹਾਂ ਦੀ ਜਾਂਚ ਹਾਲੇ ਚੱਲ ਰਹੀ ਹੈ। ਇਸ ਗੱਲ ਨੂੰ ਵੀ ਅੱਖੋਂ ਪ੍ਰੋਖੇ ਨਹੀਂ ਕੀਤਾ ਜਾ ਸਕਦਾ ਕਿ ਸੰਜੇ ਸਿੰਘ ਦੀ ਜਿੱਤ ਨੂੰ ਬਿ?ਰਜਭੂਸ਼ਣ ਨੇ ਆਪਣੀ ਜਿੱਤ ਵਾਂਗ ਪ੍ਰਚਾਰਿਤ ਕੀਤਾ ਸੀ। ਉਨ੍ਹਾਂ ਜਿਸ ਤਰ੍ਹਾਂ ਇਹ ਕਿਹਾ ਸੀ ਕਿ ਇਸ ਫੈਡਰੇਸ਼ਨ 'ਚ ਉਸ ਦਾ ਹੀ ਦਬਦਬਾ ਚੱਲਦਾ ਹੈ ਤੇ ਇੰਝ ਹੀ ਅੱਗੇ ਵੀ ਰਹੇਗਾ, ਉਸ ਤੋਂ ਇਹ ਖ਼ਦਸ਼ਾ ਹੋਰ ਵਧ ਗਿਆ ਸੀ ਕਿ ਕੁਸ਼ਤੀ ਫੈਡਰੇਸ਼ਨ ਦੇ ਨਵੇਂ ਅਹੁਦੇਦਾਰ ਸਾਬਕਾ ਮੁਖੀ ਦੇ ਪ੍ਰਭਾਵ ਹੇਠ ਹਨ।

ਇਸ ਸਭ ਕਾਰਨ ਹੀ ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਆਦਿ ਭਲਵਾਨਾਂ ਨੇ ਆਪਣਾ ਵਿਰੋਧ ਪ੍ਰਗਟਾਇਆ। ਸਾਕਸ਼ੀ ਮਲਿਕ ਨੇ ਜਿੱਥੇ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਫ਼ੈਸਲਾ ਕੀਤਾ, ਉੱਥੇ ਬਜਰੰਗ ਪੂਨੀਆ ਨੇ ਆਪਣਾ ਪਦਮਸ਼੍ਰੀ ਪੁਰਸਕਾਰ ਵਾਪਸ ਕਰ ਦਿੱਤਾ। ਬਜਰੰਗ ਪੂਨੀਆ ਨੇ ਜਿਸ ਤਰ੍ਹਾਂ ਆਪਣਾ ਪਦਮਸ਼੍ਰੀ ਵਾਪਸ ਕੀਤਾ, ਉਸ ਨੂੰ ਵੀ ਵਾਜਬ ਨਹੀਂ ਕਿਹਾ ਜਾ ਸਕਦਾ ਪਰ ਇਹ ਗੱਲ ਵੀ ਦਰੁਸਤ ਹੈ ਕਿ ਨਵੀਂ ਚੁਣੀ ਕੁਸ਼ਤੀ ਫੈਡਰੇਸ਼ਨ ਭਲਵਾਨਾਂ ਦੀਆਂ ਚਿੰਤਾਵਾਂ ਦੂਰ ਕਰਨ 'ਚ ਸਮਰੱਥ ਨਹੀਂ ਦਿਸੀ। ਇਹ ਵਧੀਆ ਹੋਇਆ ਕਿ ਖੇਡ ਮੰਤਰਾਲੇ ਨੇ ਕੁਸ਼ਤੀ ਫੈਡਰੇਸ਼ਨ ਨੂੰ ਮੁਲਤਵੀ ਕਰਦਿਆਂ ਓਲੰਪਿਕ ਐਸੋਸੀਏਸ਼ਨ ਨੂੰ ਕੁਸ਼ਤੀ ਨਾਲ ਜੁੜੇ ਮਾਮਲੇ ਵੇਖਣ ਲਈ ਆਖਿਆ।

ਇਹ ਅਸਥਾਈ ਪ੍ਰਬੰਧ ਹੋਵੇਗਾ, ਇਸੇ ਲਈ ਇਹ ਸਵਾਲ ਉੱਠਣਾ ਸੁਭਾਵਕ ਹੈ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਦਾ ਭਵਿੱਖ ਕੀ ਹੋਵੇਗਾ। ਕੀ ਨਵੇਂ ਸਿਰੇ ਤੋਂ ਚੋਣਾਂ ਹੋਣਗੀਆਂ ਅਤੇ ਜੇ ਅਜਿਹਾ ਹੁੰਦਾ ਹੈ ਤਾਂ ਇਸ ਫੈਡਰੇਸ਼ਨ ਤੋਂ ਬ੍ਰਿਜਭੂਸ਼ਣ ਦੇ ਨੇੜਲਿਆਂ ਨੂੰ ਦੂਰ ਰੱਖਣ 'ਚ ਕਾਮਯਾਬੀ ਮਿਲ ਸਕੇਗੀ ਜਾਂ ਨਹੀਂ। ਜੋ ਵੀ ਹੋਵੇ, ਖੇਡ ਮੰਤਰਾਲੇ ਤੇ ਭਾਰਤੀ ਓਲੰਪਿਕ ਐਸੋਸੀਏਸ਼ਨ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਕੁਸ਼ਤੀ ਫੈਡਰੇਸ਼ਨ ਨਾ ਸਿਰਫ਼ ਭਲਵਾਨਾਂ ਦੀਆਂ ਚਿੰਤਾਵਾਂ ਦੂਰ ਕਰਨ ਦੇ ਸਮਰੱਥ ਰਹੇ ਸਗੋਂ ਉਨ੍ਹਾਂ ਦਾ ਭਰੋਸਾ ਵੀ ਜਿੱਤੇ। ਪਿਛਲੇ ਕੁਝ ਸਾਲਾਂ ਦੌਰਾਨ ਸਾਡੇ ਭਲਵਾਨਾਂ ਨੇ ਏਸ਼ਿਆਈ ਤੇ ਓਲੰਪਿਕ ਖੇਡਾਂ 'ਚ ਜਿਹੋ ਜਿਹਾ ਪ੍ਰਦਰਸ਼ਨ ਕੀਤਾ ਹੈ, ਉਸ 'ਚ ਹੋਰ ਬਿਹਤਰੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਇਹ ਵੀ ਵੇਖਿਆ ਜਾਣਾ ਚਾਹੀਦਾ ਹੈ ਕਿ ਜੋ ਵੱਖੋ-ਵੱਖਰੀਆਂ ਖੇਡ ਸੰਸਥਾਵਾਂ ਹਨ, ਉਨ੍ਹਾਂ 'ਚ ਨੇਤਾਵਾਂ ਦਾ ਦਖ਼ਲ ਕਿਵੇਂ ਘੱਟ ਹੋਵੇ ਅਤੇ ਸਿਰਫ਼ ਉਹੀ ਲੋਕ ਇਨ੍ਹਾਂ ਖੇਡ ਸੰਸਥਾਵਾਂ ਦੇ ਅਹੁਦੇਦਾਰ ਬਣਨ, ਜੋ ਖੇਡਾਂ ਨੂੰ ਹੱਲਾਸ਼ੇਰੀ ਦੇਣ 'ਚ ਸਹਾਇਕ ਹੋ ਸਕਣ। ਅਜਿਹੇ ਵੇਲੇ ਜਦੋਂ ਭਾਰਤ ਖੇਡਾਂ 'ਚ ਵੱਡੀ ਤਾਕਤ ਵਜੋਂ ਉੱਭਰ ਰਿਹਾ ਹੈ, ਉਦੋਂ ਇਹ ਠੀਕ ਨਹੀਂ ਕਿ ਖੇਡ ਸੰਸਥਾਵਾਂ ਦਾ ਸੰਚਾਲਨ ਉਸ ਤਰ੍ਹਾਂ ਦਾ ਹੋਵੇ, ਜਿਵੇਂ ਕੁਸ਼ਤੀ ਫੈਡਰੇਸ਼ਨ ਦੇ ਅਹੁਦੇਦਾਰ ਪਿਛਲੇ ਕੁਝ ਸਮੇਂ ਤੋਂ ਕਰ ਰਹੇ ਸਨ।

ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ

# ਨਵਾਂ ਸਾਲ ਮੁਬਾਰਕ

ਆਉਣ ਵਾਲੇ ਦਿਨ ਤੁਹਾਡੇ ਘਰ ਖੁਸ਼ਹਾਲੀ,

ਉਮੀਦ ਅਤੇ ਮੌਕਿਆਂ ਦੇ ਸੰਦੇਸ਼ ਲੈ ਕੇ ਆਉਣ







ਅਮਰੀਕਾ ਦੇ ਉਘੇ ਪੰਜਾਬੀ ਨਿਧੜਕ ਆਗੂ,
ਕਮਿਊਨਟੀ ਦੇ ਹਰ ਕੰਮ ਨੂੰ ਪਹਿਲ
ਦੇ ਅਧਾਰ ਉਪਰ ਕਰਨ ਵਾਲੇ
ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ
ਅਤੇ ਸਭਿਆਚਾਰ ਦੇ ਸੇਵਾਦਾਰ
ਅਤੇ ਹਿੰਦੂ ਟੈਂਪਲ ਸਨੀਵੇਲ
ਕੈਲੀਫੋਰਨੀਆ ਦੇ
ਸਾਬਕਾ ਪ੍ਰਧਾਨ

# ਸ੍ਰੀ ਰਾਜ ਭਨੋਟ

## ਅਤੇ ਸਮੂਹ ਭਨੋਟ ਪਰਿਵਾਰ

# ਅਪਾਹਜਤਾ ਬਣੀ ਚੁਨੌਤੀ-ਵਿਸ਼ਵ ਭਰ ਲਈ

*''ਅੱਜ ਅਸੀਂ ਸੰਕਟਾਂ ਦਾ ਸਾਹਮਣਾ ਕਰ ਰਹੇ ਹਾਂ, ਵਿਸ਼ਵ 2030 ਤੱਕ ਕਈ ਸਸਟਟਨੇਵਲ ਡਿਵੈਲਪਮੈਂਟ ਟੀਚਿਆਂ ਤੱਕ ਪਹੁੰਚਣ ਦੇ ਰਸਤੇ 'ਤੇ ਨਹੀਂ ਹੈ। ਸੰਯੁਕਤ ਰਾਸ਼ਟਰ ਦੀ ਅਯੋਗਤਾ ਅਤੇ ਵਿਕਾਸ 2023 ਤੋਂ ਸ਼ੁਰੂਆਤੀ ਖੋਜਾਂ ਤੋਂ ਇੱਕ ਸੰਕੇਤ ਮਿਲਦਾ ਹੈ ਕਿ ਵਿਸ਼ਵ ਇਸ ਮਾਮਲੇ 'ਚ ਹੋਰ ਵੀ ਔਫ-ਟ੍ਰੈਕ ਹੈ। ਅਸਮਰਥ ਲੋਕਾਂ ਲਈ, ਅਤੇ ਉਹਨਾਂ ਦੁਆਰਾ ਐਸਡੀਜੀਸ ਨੂੰ ਬਚਾਉਣ ਲਈ ਸਾਡੇ ਯਤਨਾਂ ਨੂੰ ਤੇਜ਼ ਕਰਨ ਦੀ ਲੋੜ ਹੈ, ਕਿਉਂਕਿ ਅਸਮਰਥ ਲੋਕਾਂ ਨੂੰ ਇਤਿਹਾਸਕ ਤੌਰ 'ਤੇ ਹਾਸ਼ੀਏ 'ਤੇ ਰੱਖਿਆ ਗਿਆ ਹੈ ਅਤੇ ਅਕਸਰ ਸੱਭ ਤੋਂ ਪਿੱਛੇ ਰਹਿ ਗਏ ਲੋਕਾਂ ਵਿੱਚੋਂ ਹੁੰਦੇ ਹਨ'' - ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*




ਹੈਲਥ ਮੀਡੀਆ ਕੈਨੇਡਾ: (ਅਨਿਲ ਧੀਰ) ਵਿਸ਼ਵ ਭਰ ਵਿੱਚ ਬੀਤੇ ਦਿਨੀਂ ਦਸੰਬਰ 2023 'ਚ ਅਪਾਹਜ ਲੋਕਾਂ ਦਾ ਅੰਤਰਰਾਸ਼ਟਰੀ ਦਿਵਸ ਲੋਕਾਂ ਨੂੰ ਜਾਗਰੁਕ ਕਰਕੇ ਮਨਾਇਆ ਗਿਆ। ਅੱਜ ਅਪਾਹਜ ਵਿਅਕਤੀਆਂ ਦੀ ਇੱਕ ਅਰਬ ਆਬਾਦੀ ਵਿੱਚੋਂ 80% ਵਿਕਾਸਸ਼ੀਲ ਦੇਸ਼ਾਂ ਵਿੱਚ ਜ਼ਿੰਦਗੀ ਜੀਅ ਰਹੀ ਹੈ। ਹਰ ਪੰਜ ਵਿੱਚੋਂ ਇੱਕ ਔਰਤ ਨੂੰ ਆਪਣੀ ਜ਼ਿੰਦਗੀ ਵਿੱਚ ਅਪਾਹਜਤਾ ਦਾ ਅਨੁਭਵ ਹੋਣ ਦੀ ਸੰਭਾਵਨਾ ਰਹਿੰਦੀ ਹੈ, ਜਦੋਂ ਕਿ ਹਰ ਦੱਸ ਵਿੱਚੋਂ ਇੱਕ ਅਪਾਹਜ ਦੇਖਿਆ ਜਾ ਰਿਹਾ ਹੈ। 60 ਸਾਲ ਤੋਂ ਵੱਧ ਉਮਰ ਦੇ 46% ਬਜ਼ੁਰਗਾਂ ਦਾ ਅੰਕੜਾ ਮੌਜੂਦ ਹੈ। ਅੱਜ ਅਸੀਂ ਸੰਕਟਾਂ ਦਾ ਸਾਹਮਣਾ ਕਰ ਰਹੇ ਹਾਂ, ਵਿਸ਼ਵ 2030 ਤੱਕ ਕਈ ਸਸਟਟਨੇਵਲ



ਡਿਵੈਲਪਮੈਂਟ ਟੀਚਿਆਂ ਤੱਕ ਪਹੁੰਚਣ ਦੇ ਰਸਤੇ 'ਤੇ ਨਹੀਂ ਹੈ। ਸੰਯੁਕਤ ਰਾਸ਼ਟਰ ਦੀ ਅਯੋਗਤਾ ਅਤੇ ਵਿਕਾਸ 2023 ਤੋਂ ਸ਼ੁਰੂਆਤੀ ਖੋਜਾਂ ਤੋਂ ਇੱਕ ਸੰਕੇਤ ਮਿਲਦਾ ਹੈ ਕਿ ਵਿਸ਼ਵ ਇਸ ਮਾਮਲੇ 'ਚ ਹੋਰ ਵੀ ਔਫ-ਟ੍ਰੈਕ ਹੈ। ਅਸਮਰਥ ਲੋਕਾਂ ਲਈ, ਅਤੇ ਉਹਨਾਂ ਦੁਆਰਾ ਐਸਡੀਜੀਸ ਨੂੰ ਬਚਾਉਣ ਲਈ ਸਾਡੇ ਯਤਨਾਂ ਨੂੰ ਤੇਜ਼ ਕਰਨ ਦੀ ਲੋੜ ਹੈ, ਕਿਓਂਕਿ ਅਸਮਰਥ ਲੋਕਾਂ ਨੂੰ ਇਤਿਹਾਸਕ ਤੌਰ 'ਤੇ ਹਾਸ਼ੀਏ 'ਤੇ ਰੱਖਿਆ ਗਿਆ ਹੈ ਅਤੇ ਅਕਸਰ ਸੱਭ ਤੋਂ ਪਿੱਛੇ ਰਹਿ ਗਏ ਲੋਕਾਂ ਵਿੱਚੋਂ ਹੁੰਦੇ ਹਨ।

ਵਚਨਬੱਧਤਾ, ਏਕਤਾ, ਵਿੱਤ ਅਤੇ ਕਾਰਵਾਹੀ ਵਿੱਚ ਇੱਕ ਬੁਨਿਆਦੀ ਤਬਦੀਲੀ ਹੈ। ਉਤਸ਼ਾਹਜਨਕ ਤੌਰ 'ਤੇ ਹਾਲ ਹੀ ਦੇ ਐਸਡੀਜੀ ਦੇ ਸੰਮੇਲਨ ਦੇ ਰਾਜਨੀਤਕ ਘੋਸ਼ਣਾ ਪੱਤਰ ਨੂੰ ਅਪਣਾਉਣ ਦੇ ਨਾਲ, ਵਿਸ਼ਵ ਨੇਤਾਵਾਂ ਨੇ ਅਪਾਹਜ ਲੋਕਾਂ ਸਮੇਤ ਸੱਭ ਤੋਂ ਗਰੀਬ ਅਤੇ ਕਮਜ਼ੋਰ ਲੋਕਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਨੀਤੀਆਂ ਅਤੇ ਕਾਰਵਾਈਆਂ 'ਤੇ ਧਿਆਨ ਕੇਂਦ੍ਰਤ ਕਰਕੇ, ਟਿਕਾਉ ਵਿਕਾਸ ਅਤੇ ਸਾਰਿਆਂ ਲਈ ਸਾਂਝੀ ਖੁਸ਼ਹਾਲੀ ਹਾਸਿਲ ਕਰਨ ਲਈ ਆਪਣੇ ਆਪ ਨੂੰ ਦੁਬਾਰਾ ਪ੍ਰਤੀਬੱਧ ਕੀਤਾ ਹੈ। ਅਪੰਗਤਾ ਮਨੁੱਖ ਹੋਣ ਦਾ ਹਿੱਸਾ ਹੈ। ਲਗਭਗ ਹਰ ਕੋਈ ਆਪਣੇ ਜੀਵਨ 'ਚ ਕਿਸੇ ਨਾ ਕਿਸੇ ਸਮੇਂ ਅਸਥਾਈ ਤੌਰ 'ਤੇ ਅਪਾਹਜ ਮਹਿਸੂਸ ਕਰ ਰਿਹਾ ਹੈ।

ਵਿਸ਼ਵ ਸਿਹਤ ਸੰਸਥਾ ਨੇ ਅਪੰਗਤਾ ਨੂੰ ਤਿੰਨ ਤਰੀਕਿਆਂ ਨਾਲ ਮਾਪਿਆ ਹੈ-

ਕਿਸੇ ਆਦਮੀ ਦੇ ਸਰੀਰ ਦੀ ਬਣਤਰ, ਸਰੀਰਕ-ਮਾਨਸਿਕ ਕੰਮਕਾਜ 'ਚ ਵਿਗਾੜ, ਸਰੀਰ ਦੇ ਕਿਸੇ ਹਿੱਸੇ ਦਾ ਨੁਕਸਾਨ,ਘੱਟ ਨਜ਼ਰ ਜਾਂ ਕਮਜ਼ੋਰ ਯਾਦਾਸ਼ਤ ਵੀ ਸ਼ਾਮਿਲ ਹੈ।

ਆਮ ਰੋਜਾਨਾਂ ਦੀ ਐਕਟੀਵਿਟੀ 'ਚ ਭਾਗੀਦਾਰੀ ਪਾਬੰਦੀਆਂ ਦੌਰਾਣ ਸਮਾਜਿਕ ਅਤੇ ਮਨੋਰੰਜਨ ਗਤੀਵੀਧਿਆਂ 'ਚ ਸ਼ਾਮਿਲ ਹੋਣਾ, ਅਤੇ ਸਿਹਤ ਦੀ ਕੇਅਰ 'ਤੇ ਰੋਕਥਾਮ ਸੇਵਾਵਾਂ ਪ੍ਰਾਪਤ


ਅਨਿਲ ਧੀਰ
ਕਾਲਮਨਿਸਟ
healthmedia1@hotmail.com

ਕਰਨਾ ਹੈ।

ਗਤੀਵਿਧੀਆਂ ਦੀ ਲੀਮਿਟ, ਦੇਖਣ, ਸੁਣਨ, ਤੁਰਨ, ਜਾਂ ਸਮੱਸਿਆ ਨੂੰ ਹੱਲ ਕਰਨ 'ਚ ਮੁਸ਼ਕਲ ਦਾ ਆਉਣਾ ਹੈ।

ਅਪਾਹਜਤਾ ਕਾਰਨ ਸਿੰਗਲ ਜੀਨਾਂ 'ਚ ਵਿਕਾਰ ਯਾਨਿ ਡੁਕੇਨ ਮਾਸਕੂਲਰ ਡਿਸਟ੍ਰੋਫੀ, ਗਤੀਸ਼ੀਲਤਾ, ਕ੍ਰੋਮੋਸੋਮ ਦੇ ਰੋਗ ਯਾਨਿ ਡਾਉਨ ਸਿੰਡ੍ਰੋਮ, ਗਰਭ ਦੌਰਾਣ ਮਾਂ ਦੁਆਰਾ ਇਨਫੈਕਸ਼ਨ, ਮਾਨਸਿਕ -ਸਰੀਰਕ ਕਮਜੋਰੀ ਵਗੈਰਾ ਸਮੱਸਿਆਵਾਂ ਵੱਧ ਰਹੀਆਂ ਹਨ।

ਅਪਾਹਜਤਾ ਸਰੀਰ ਜਾਂ ਦਿਮਾਗ ਦੀ ਕੋਈ ਵੀ ਹਾਲਤ, ਜੋ ਅਜਿਹੇ ਹਾਲਾਤ ਵਾਲੇ ਲੋਕਾਂ ਨੂੰ ਕੁੱਝ ਗਤੀਵਿਧੀਆਂ ਕਰਨ ਅਤੇ ਉਹਨਾਂ ਦੇ ਆਲੇ-ਦੁਆਲੇ ਦੀ ਦੁਨੀਆ ਨਾਲ ਗੱਲਬਾਤ ਕਰਨਾ ਜ਼ਿਆਦਾ ਮੁਸ਼ਕਲ ਬਣਾਉਂਦੀ ਹੈ। ਦਿਮਾਗੀ ਸਿਹਤ, ਦ੍ਰਿਸ਼ਟੀ, ਅੰਦੋਲਨ, ਸੋਚਣਾ, ਯਾਦ ਕਰਨਾ, ਸਿੱਖਣਾ, ਸੁਣਵਾਈ, ਸਮਾਜਿਕ ਰਿਸ਼ਤੇ ਵਗੈਰਾ, ਨੂੰ ਨਿਭਾਉਣ 'ਚ ਅਸਮਰਥਤਾਵਾਂ ਜੋ ਕਿਸੇ ਵੀ ਵਿਅਕਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਹਾਲਾਂਕਿ 'ਅਯੋਗਤਾ ਵਾਲੇ ਲੋਕ' ਕਈ ਬਾਰ ਇਕੱਲੀ ਆਬਾਦੀ ਨੂੰ ਦਰਸਾਉਂਦੇ ਹਨ, ਇਹ ਅਸਲ 'ਚ ਲੋੜਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਵਾਲੇ ਲੋਕਾਂ ਦਾ ਇੱਕ ਅਲੱਗ ਗਰੁੱਪ ਹੈ। ਇੱਕੋ ਕਿਸਮ ਦੀ ਅਪੰਗਤਾ ਵਾਲੇ ਲੋਕ ਬਹੁਤ ਵੱਖਰੇ ਤਰੀਕਿਆਂ ਨਾਲ ਪ੍ਰਭਾਵਿਤ ਹੋ ਸਕਦੇ ਹਨ। ਕੁੱਝ ਅਸਮਰਥਤਾਵਾਂ ਲੁਕੀਆਂ ਹੋ ਵੀ ਸਕਦੀਆਂ ਹਨ। ਸਰੀਰ ਅੰਦਰ ਨਸਾਂ ਦੇ ਨੁਕਸਾਨ ਵੱਜੋਂ ਮਲਟੀਪਲ ਸਕਲੋਰੋਸਿਸ ਬਾਹਰੀ ਆਇਕਨ, ਜਾਂ ਸਰੀਰ ਦੇ ਕਿਸੇ ਹਿੱਸੇ ਦਾ ਪੂਰਾ ਨੁਕਸਾਨ ਹੋ ਸਕਦਾ ਹੈ, ਜਿਵੇਂ ਕਿ ਜਦੋਂ ਇੱਕ ਅੰਗ ਕੱਟਿਆ ਗਿਆ ਹੋਵੇ। ਲਗਾਤਾਰ ਦਰਦਾਂ ਦੂਰ ਨਾ ਹੋਣ ਕਰਕੇ ਸਰੀਰ ਦੇ ਜੋੜਾਂ ਦੀ ਹਿੱਲ-ਡੁੱਲ ਔਖੀ ਹੋ ਜਾਂਦੀ ਹੈ।

ਸੰਯੁਕਤ ਰਾਸ਼ਟਰ ਅਪੰਗਤਾ ਸ਼ਾਮਲ ਕਰਨ ਦੀ ਰਣਨੀਤੀ :

ਕਰੀਬਨ 1.3 ਬਿਲੀਅਨ ਲੋਕ- ਵਿਸ਼ਵ ਆਬਾਦੀ ਦਾ ਲਗਭਗ 16% ਅੱਜ ਮਹੱਤਵਪੂਰਨ ਅਪਾਹਜਤਾ ਮਹਿਸੂਸ ਕਰ ਰਹੇ ਹਨ।ਇਹ ਅੰਕੜਾ ਆਬਾਦੀ ਦੀ ਉਮਰ ਵੱਧਣ ਅਤੇ ਗੈਰ-ਸੰਚਾਰੀ ਬਿਮਾਰੀਆਂ ਦੇ ਫੈਲਣ ਦਾ ਕਾਰਨ ਵੀ ਬਣ ਰਹੀ ਹੈ।

ਅਪਾਹਜਤਾ ਸਿਹਤ ਹਾਲਾਤ, ਜਿਵੇਂ ਕਿ ਸੇਰੇਬ੍ਰਲ ਪਾਲਸੀ, ਡਾਊਨ ਸਿੰਡਰੋਮ ਅਤੇ ਡਿਪਰੈਸ਼ਨ, ਨਿੱਜੀ 'ਤੇ ਮੌਸਮੀ ਕਾਰਕਾਂ ਦੇ ਨਾਲ ਨਕਾਰਾਤਮਕ ਰੱਵਈਏ, ਪਹੁੰਚਯੋਗ ਆਵਾਜਾਈ ਅਤੇ ਜਨਤਕ ਇਮਾਰਤਾਂ, ਅਤੇ ਸੀਮਤ ਸਮਾਜਿਕ ਮਦਦ ਦੇ ਨਾਲ ਆਪਸੀ ਤਾਲਮੇਲ ਨਤੀਜੇ ਵੱਜੋਂ ਹੁੰਦੀ ਹੈ।

ਕਿਸੇ ਵੀ ਵਿਅਕਤੀ ਦੇ ਵਾਤਾਵਰਣ ਦਾ ਅਪੰਗਤਾ ਮਹਿਸੂਸ ਕਰਨਾ 'ਤੇ ਹੱਦ 'ਤੇ ਕਾਫੀ ਵੱਡਾ ਅਸਰ ਪੈਂਦਾ ਹੈ। ਪਹੁੰਚ ਤੋਂ ਬਾਹਰ ਦਾ ਵਾਤਾਵਰਣ ਰੁਕਾਵਟਾਂ ਪੈਦਾ ਕਰਦੇ ਹਨ ਜੋ ਅਕਸਰ ਸਮਾਜ 'ਚ ਦੂਸਰਿਆਂ ਦੇ ਬਰਾਬਰ ਦੇ ਅਧਾਰ 'ਤੇ ਅਪਾਹਜ ਲੋਕਾਂ ਦੀ ਪੂਰੀ ਅਤੇ ਪ੍ਰਭਾਵਸ਼ਾਲੀ ਹਿੱਸੇਦਾਰੀ 'ਚ ਰੁਕਾਵਟ ਬਣਦੇ ਹਨ। ਇਹਨਾਂ ਰੁਕਾਵਟਾਂ ਨੂੰ ਦੂਰ ਕਰਕੇ ਅਤੇ ਅਪਾਹਜ ਲੋਕਾਂ ਨੂੰ ਉਹਨਾਂ ਦੇ ਰੋਜ਼ਾਨਾਂ ਜੀਵਨ 'ਚ ਸੁਵਿਧਾ ਪ੍ਰਦਾਨ ਕਰਕੇ ਸਮਾਜਿਕ ਹਿੱਸੇਦਾਰੀ 'ਚ ਸੁਧਾਰ ਕਰਨ ਲਈ ਤਰੱਕੀ ਕੀਤੀ ਜਾ ਸਕਦੀ ਹੈ।

ਅਪਾਹਜ ਲੋਕਾਂ ਨੂੰ ਅਸਮਰਥਤਾਵਾਂ ਵਾਲੇ ਲੋਕਾਂ ਵਾਂਗ ਸਿਹਤ ਦੇ ਉੱਚਤਮ ਪ੍ਰਾਪਤੀ ਮਿਆਰ ਦਾ ਹੱਕ ਹੈ। ਹਾਲਾਂਕਿ, ਅਸਮਰਥ ਲੋਕਾਂ ਲਈ ਸਿਹਤ ਸਮਾਨਤਾ ਬਾਰੇ ਵਿਸ਼ਵ ਸਿਹਤ ਸੰਸਥਾ ਦੀ ਗਲੋਬਲ ਰਿਪੋਰਟ ਮੁਤਾਬਕ ਹਾਲ ਹੀ ਦੇ ਸਾਲਾਂ 'ਚ ਤਰੱਕੀ ਕੀਤੀ ਹੈ, ਪਰ ਵਿਸ਼ਵ ਅਜੇ ਵੀ ਬਹੁਤ ਸਾਰੇ ਅਪਾਹਜ ਲੋਕਾਂ ਲਈ ਇਸ ਅਧਿਕਾਰ ਨੂੰ ਮਹਿਸੂਸ ਕਰਨ ਤੋਂ ਦਰੂ ਹੈ, ਜੋ ਪਹਿਲਾਂ ਹੀ ਮਾੜੀ ਸਿਹਤ ਦੇ ਸ਼ਿਕਾਰ ਹਨ।

ਅਸਮਰਥ ਲੋਕਾਂ ਦੁਆਰਾ ਦਰਪੇਸ਼ ਸਿਹਤ ਅਸਮਾਨਤਾਵਾਂ ਨੂੰ ਹੱਲ ਕਰਨ ਲਈ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੇ ਤਹਿਤ ਦੇਸ਼ਾਂ ਦੀ ਜ਼ਿੰਮੇਵਾਰੀ ਹੈ। ਇਸ ਤੋਂ ਇਲਾਵਾ, ਸਸਟੇਨੇਵਲ ਡਿਵੈਲਪਮੈਂਟ ਟੀਚਿਆਂ ਅਤੇ ਵਿਸ਼ਵ ਵਿਆਪੀ ਸਿਹਤ ਪ੍ਰਾਥਮਿਕਤਾਵਾਂ ਸੱਭ ਲਈ ਸਿਹਤ ਨੂੰ ਯਕੀਨੀ ਬਣਾਏ ਬਿਨਾਂ ਤਰੱਕੀ ਨਹੀਂ ਕਰਨਗੇ।

ਵਿਸ਼ਵ ਸਿਹਤ ਸੰਸਥਾ ਦੇ ਮੈਂਬਰ ਰਾਜਾਂ ਅਪਾਹਜ ਲੋਕਾਂ ਲਈ ਸਿਹਤ ਸਮਾਨਤਾ ਨੂੰ ਅੱਗੇ ਵਧਾਉਣ ਲਈ ਕਾਰਵਾਈ ਕਰਨ 'ਤੇ ਜੋਰ ਦਿੱਤਾ ਗਿਆ ਹੈ। ਸੰਦਰਭ ਅਤੇ ਸਾਧਨਾਂ ਦੀ ਪ੍ਰਵਾਹ ਕੀਤੇ ਬਿਨਾਂ, ਹਰ ਸਰਕਾਰ ਨੂੰ ਸਿਹਤ ਖੇਤਰ ਦੇ ਭਾਈਵਾਲਾਂ ਨੂੰ ਸੱਭ ਤੋਂ ਪਹਿਲਾਂ ਸਿਹਤ ਸੰਬੰਧੀ ਕਾਰਵਾਈਆਂ ਦੇ ਕੇਂਦਰ 'ਚ ਅਸਮਰਥ ਲੋਕਾਂ ਲਈ ਸਿਹਤ ਸਮਾਨਤਾ ਸ਼ਾਮਲ ਕਰਨ ਲਈ ਵਚਨਵੱਧ ਹੋਣਾ ਚਾਹੀਦਾ ਹੈ। ਦੂਜਾ ਸਸ਼ਕਤੀਕਰਨ ਅਤੇ ਅਪਾਹਜ ਲੋਕਾਂ ਨੂੰ ਸ਼ਾਮਲ ਕਰਨਾ, ਅਤੇ ਤੀਜਾ ਅਪਾਹਜ ਲੋਕਾਂ ਲਈ ਨਤੀਜਿਆਂ ਦੀ ਨਿਗਰਾਨੀ ਅਤੇ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ।

ਇੰਨਟਰਨੈਸ਼ਨਲ ਕਲਾਸੀਫਿਕੇਸ਼ਨ ਆਫ ਫੰਕਸ਼ਨਿੰਗ (ਆਈਸੀਐਫ) ਸਰੀਰ ਦੇ ਕੰਮ ਅਤੇ ਬਣਤਰ, ਗਤੀਵਿਧੀ, ਭਾਗੀਦਾਰੀ ਦੇ ਪੱਧਰਾਂ, 'ਤੇ ਸਾਡੇ ਆਲੇ-ਦੁਆਲੇਦੇ ਸੰਸਾਰ ਨੂੰ ਪ੍ਰਭਾਵਿਤ ਕਰਨ ਵਾਲੇ ਹਾਲਾਤਾਂ ਦਾ ਵਰਗੀਕਰਨ ਕਰਨ ਲਈ ਇੱਕ ਮਿਆਰੀ ਭਾਸ਼ਾ ਪ੍ਰਦਾਨ ਕਰਦਾ ਹੈ।

ਆਈਸੀਐਫ ਮੁਤਾਬਿਕ * ਗਤੀਵਿਧੀ ਇੱਕ ਵਿਅਕਤੀ ਦੁਆਰਾ ਇੱਕ ਕੰਮ ਕਾਰਵਾਈ ਨੂੰ ਲਾਗੂ ਕਰਨਾ ਹੈ। * ਭਾਗੀਦਾਰੀ ਇੱਕ ਜੀਵਨ ਦੀ ਹਾਲਤ 'ਚ ਇੱਕ ਆਦਮੀ ਦੀ ਸ਼ਮੂਲਅਿਤ ਹੈ। * ਉੱਪਰ ਦੋ ਸ਼੍ਰੇਣੀਆਂ 'ਚ ਅੰਤਰ ਕੁੱਖ ਅਸਪਸ਼ਟ ਹੈ ਅਤੇ ਉਹਨਾਂ ਨੂੰ ਜੋੜਦਾ ਹੈ, ਹਾਲਾਂਕਿ ਅਸਲ 'ਚ ਗਤੀਵਿਧੀਆਂ ਇੱਕ ਨਿੱਜੀ ਪੱਧਰ 'ਤੇ ਹੁੰਦੀਆਂ ਹਨ ਅਤੇ ਭਾਗੀਦਾਰੀ ਵਿੱਚ ਜੀਵਨ ਭੂਮਿਕਾਵਾਂ, ਜਿਵੇਂ ਕਿ ਰੁਜ਼ਗਾਰ, ਸਿੱਖਿਆ, ਜਾਂ ਰਿਸ਼ਤੇ ਸ਼ਾਮਲ ਹੁੰਦੇ ਹਨ। ਗਤੀਵਿਧੀਆਂ ਅਤੇ ਭਾਗੀਦਾਰੀ ਨੂੰ ਵਾਤਾਵਰਣਕ ਕਾਰਕਾਂ, ਜਿਵੇਂ ਕਿ ਤਕਨਾਲੋਜੀ, ਮਦਦ 'ਤੇ ਰਿਸ਼ਤੇ, ਸੇਵਾਵਾਂ, ਨੀਤੀਆਂ, ਜਾਂ ਦੂਜਿਆਂ ਦੇ ਵਿਸ਼ਵਾਸਾਂ ਵੱਜੋਂ ਆਸਾਨ ਜਾਂ ਵਧੇਰੇ ਮੁਸ਼ਕਲ ਬਣਾਇਆ ਜਾ ਸਕਦਾ ਹੈ। * ਗਿਆਨ ਨੂੰ ਅਤੇ ਲਾਗੂ ਕਰਨਾ * ਕੰਮਾਂ ਅਤੇ ਮੰਗਾਂ ਦਾ ਪ੍ਰਬੰਧਨ ਕਰਨਾ * ਸਰੀਰ ਦੀਆਂ ਸਥਿਤੀਆਂ ਨੂੰ ਹਿਲਾਉਣਾ ਅਤੇ ਕਾਇਮ ਰੱਖਣਾ, ਚੀਜ਼ਾਂ ਨੂੰ ਸੰਭਾਲਣਾ ਅਤੇ ਹਿਲਾਉਣਾ, ਵਾਤਾਵਰਣ 'ਚ ਘੁੰਮਣਾ, ਆਵਾਜਾਈ ਦੀ ਵਰਤੋਂ ਕਰਦੇ ਹੋਏ ਘੁੰਮਣਾ * ਸਵੈ-ਸੰਭਾਲ ਦਾ ਪ੍ਰਬੰਧਨ ਕਰਨਾ * ਘਰੇਲੂ ਜੀਵਨ ਦਾ ਪ੍ਰਬੰਧਨ * ਆਪਸੀ ਸਬੰਧਾਂ ਅਤੇ ਆਪਸੀ ਕ੍ਰਿਆਵਾਂ ਦੀ ਸਥਾਪਨਾ ਅਤੇ ਪ੍ਰਬੰਧਨ ਕਰਨਾ * ਜੀਵਨ 'ਚ ਸਿੱਖਿਆ, ਰੁਜ਼ਗਾਰ, ਪੈਸੇ ਦਾ ਪ੍ਰਬੰਧਨ 'ਚ ਸ਼ਾਮਲ ਹੋਣਾ * ਭਾਈਚਾਰਕ, ਸਮਾਜਿਕ, ਅਤੇ ਨਾਗਰਿਕ ਜੀਵਨ 'ਚ ਸ਼ਾਮਲ ਹੋਣਾ * ਅਸਮਰਥਤਾਵਾਂ ਵਾਲੇ ਲੋਕਾਂ ਲਈ ਗਤੀਵਿਧੀਆਂ ਦੀਆਂ ਸੀਮਾਵਾਂ ਅਤੇ ਹਿੱਸੇਦਾਰੀ ਪਾਬੰਦੀਆਂ ਨੂੰ ਘਟਾਉਣਾ ਜਾਂ ਖਤਮ ਕਰਨ ਵਾਲੀਆਂ ਅਨੁਕੂਲਤਾਵਾਂ ਪ੍ਰਦਾਨ ਕਰਕੇ ਭਾਈਚਾਰਿਆਂ 'ਚ ਹਾਲਾਤਾਂ ਵਿੱਚ ਸੁਧਾਰ ਬੜਾ ਮਹੱਤਵਪੂਰਨ ਹੈ, ਤਾਂ ਜੋ ਉਹ ਰੋਜ਼ਾਨਾਂ ਜੀਵਨ ਦੀਆਂ ਭੂਮਿਕਾਵਾਂ ਅਤੇ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਣ।

ਨੋਟ : ਕੈਨੇਡਾ 'ਚ ਸੜਕ ਹਾਦਸੇ ਦੇ ਸ਼ਿਕਾਰ ਕੁੱਝ ਬੇਗੁਨਾਹ ਅਪਾਹਜ ਲੋਕਾਂ ਨੂੰ ਅੱਜ ਕਈ ਆਟੋ-ਇੰਨਸ਼ਿਓਰੈਂਸ ਕੰਪਨੀਆਂ ਤੋਂ ਕਾਫੀ ਪ੍ਰੇਸ਼ਾਨ ਹੋਣਾ ਪੈ ਰਿਹਾ ਹੈ। ਆਟੋ-ਇਨਸ਼ਿਓਰੈਂਸ ਵਾਲੇ ਵੀਕਲ ਟੋਟਲ ਹੋ ਜਾਣ ਤੋਂ ਬਾਅਦ ਜ਼ਿਆਦਾਤਰ ਬੇਗੁਨਾਹ ਲੋਕਾਂ ਨੂੰ ਪੈਸੇ ਦੇਣ ਦੀ ਥਾਂ ਕਾਰ ਕੰਪਨੀਆਂ ਨੂੰ ਬਕਾਇਆ ਪੂਰੇ ਪੈਸੇ ਦੇ ਦਿੰਦੇ ਹਨ। ਕਿਉਂਕਿ ਕਾਰ ਕੰਪਨੀਆਂ ਵਕੀਲਾਂ ਨਾਲ ਰੱਲ ਕੇ ਇੰਨਸ਼ਿਊਰੈਂਸ ਵਾਲਿਆਂ ਤੋਂ ਆਪਣੇ ਪੂਰੇ ਪੈਸੇ ਘੜਾ ਲੈਂਦੇ ਹਨ। ਆਟੋ ਇਨਸ਼ਿਊਰੈਨਸ ਕਰਾਉਣ ਵਾਲੇ ਕੁੱਝ ਬੇਗੁਨਾਹ ਅਪਾਹਜਾਂ ਨੂੰ ਇੱਕ ਸੈਂਟ ਵੀ ਨਹੀਂ ਮਿਲਦਾ। ਕਈ ਬਾਰ ਐਡਜਸਟਰਾਂ ਦੀ ਲਾਰੇਬਾਜੀ ਜਾਂ ਅਣਗਹਿਲੀ ਤੋਂ ਬਾਅਦ ਫਸਿਆ ਬੰਦਾ ਮਹਿਸੂਸ ਕਰਦਾ ਹੈ ਕਿ ਕਿਉਂ ਇਸ ਕੰਪਨੀ ਦੀ ਪਾਲਿਸੀ ਲਈ। ਹੁਣ ਤਾਂ ਲੋੜ ਜਾਂ ਕੁੱਝ ਵਾਪਰ ਜਾਣ 'ਤੇ ਘਰਾਂ ਦੀ ਪਾਲਿਸੀ ਲੈਣ ਵਾਲਿਆਂ ਨੂੰ ਵੀ ਕਲੇਮ ਲੈਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਲੇਮ ਨਾ ਮਿਲਣ ਕਰਕੇ ਜ਼ਿਆਦਾਤਰ ਲੋਕਾਂ ਦਾ ਇਨਸ਼ਿਊਰੈਂਸ ਕੰਪਨੀਆਂ ਤੋਂ ਵਿਸ਼ਵਾਸ ਖਤਮ ਹੁੰਦਾ ਜਾ ਰਿਹਾ ਹੈ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us


# ਆਰਟੀਫੀਸ਼ੀਅਲ ਇੰਟੈਲੀਜੈਂਸ - ਦੁਨੀਆਂ ਨੂੰ ਕਿਵੇਂ ਬਦਲ ਦੇਵੇਗੀ

ਏਆਈ ਦਾ ਭਵਿੱਖ ਇੱਕ ਤੇਜ਼ੀ ਨਾਲ ਬਦਲ ਰਿਹਾ ਲੈਂਡਸਕੇਪ ਹੈ, ਇਹ ਇਸ ਲਈ ਹੈ ਕਿਉਂਕਿ ਨਕਲੀ ਬੁੱਧੀ ਦੇ ਖੇਤਰ ਵਿੱਚ ਮੌਜੂਦਾ ਨਵੀਨਤਾਵਾਂ ਇੰਨੀ ਤੇਜ਼ ਰਫ਼ਤਾਰ ਨਾਲ ਤੇਜ਼ ਹੋ ਰਹੀਆਂ ਹਨ ਕਿ ਇਸਨੂੰ ਜਾਰੀ ਰੱਖਣਾ ਮੁਸ਼ਕਲ ਹੈ। ਦਰਅਸਲ, ਨਕਲੀ ਬੁੱਧੀ ਲਗਭਗ ਹਰ ਉਦਯੋਗ ਵਿੱਚ ਮਨੁੱਖਤਾ ਦੇ ਭਵਿੱਖ ਨੂੰ ਰੂਪ ਦੇ ਰਹੀ ਹੈ। ਇਹ ਪਹਿਲਾਂ ਤੋਂ ਹੀ ਵੱਡੇ ਡੇਟਾ, ਰੋਬੋਟਿਕਸ ਵਰਗੀਆਂ ਉਭਰਦੀਆਂ ਤਕਨਾਲੋਜੀਆਂ ਦਾ ਮੁੱਖ ਚਾਲਕ ਹੈ ਅਤੇ ਚੈਟਜੀਪੀਟੀ ਅਤੇ ਏਆਈ ਆਰਟ ਜਨਰੇਟਰਾਂ ਵਰਗੇ ਟੂਲਸ ਦੇ ਨਾਲ, ਮੁੱਖ ਧਾਰਾ ਦਾ ਧਿਆਨ ਖਿੱਚ ਰਿਹਾ ਹੈ - ਅਤੇ ਇਹ ਆਉਣ ਵਾਲੇ ਭਵਿੱਖ ਲਈ ਇੱਕ ਤਕਨੀਕੀ ਨਵੀਨਤਾਕਾਰੀ ਵਜੋਂ ਕੰਮ ਕਰਨਾ ਜਾਰੀ ਰੱਖੇਗਾ। ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਵਿਕਾਸ ਟੈਕਨਾਲੋਜੀ 'ਤੇ ਏਆਈ ਦਾ ਪ੍ਰਭਾਵ ਇਸ ਲਈ ਹੈ ਕਿਉਂਕਿ ਇਹ ਕੰਪਿਊਟਿੰਗ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ। ਏਆਈ ਦੁਆਰਾ, ਕੰਪਿਊਟਰਾਂ ਕੋਲ ਵੱਡੀ ਮਾਤਰਾ ਵਿੱਚ ਡੇਟਾ ਦੀ ਵਰਤੋਂ ਕਰਨ ਅਤੇ ਮਨੁੱਖਾਂ ਨੂੰ ਲੱਗਣ ਵਾਲੇ ਸਮੇਂ ਦੇ ਅੰਸ਼ਾਂ ਵਿੱਚ ਅਨੁਕੂਲ ਫੈਸਲੇ ਅਤੇ ਖੋਜਾਂ ਕਰਨ ਲਈ ਆਪਣੀ ਸਿੱਖੀ ਬੁੱਧੀ ਦੀ ਵਰਤੋਂ ਕਰਨ ਦੀ ਸਮਰੱਥਾ ਹੁੰਦੀ ਹੈ। ਉਦੋਂ ਤੋਂ, ਏਆਈ ਦੀ ਵਰਤੋਂ ਟੀਕਿਆਂ ਅਤੇ ਮਾਡਲ ਮਨੁੱਖੀ ਭਾਸ਼ਣ, ਤਕਨੀਕਾਂ ਜੋ ਮਾਡਲ- ਅਤੇ ਐਲਗੋਰਿਦਮ-ਅਧਾਰਿਤ ਮਸ਼ੀਨ ਸਿਖਲਾਈ 'ਤੇ ਨਿਰਭਰ ਕਰਦੀ ਹੈ ਅਤੇ ਧਾਰਨਾ, ਤਰਕ ਅਤੇ ਸਧਾਰਣਕਰਨ 'ਤੇ ਤੇਜ਼ੀ ਨਾਲ ਧਿਆਨ ਕੇਂਦ੍ਰਤ ਕਰਨ ਲਈ ਆਰਐਨਏ ਦੀ ਤਰਤੀਬ ਵਿੱਚ ਮਦਦ ਕਰਨ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਨਵੀਨਤਾਵਾਂ ਦੇ ਨਾਲ, ਏਆਈ ਨੇ ਕੇਂਦਰ ਦੇ ਪੜਾਅ ਨੂੰ ਮੁੜ-ਲੈ ਲਿਆ ਹੈ ਜਿਵੇਂ ਕਿ ਪਹਿਲਾਂ ਕਦੇ ਨਹੀਂ - ਅਤੇ ਇਹ ਕਿਸੇ ਵੀ ਸਮੇਂ ਜਲਦੀ ਹੀ ਸਪਾਟਲਾਈਟ ਨਹੀਂ ਛੱਡੇਗਾ। ਏਆਈ ਕਿਹੜੇ ਉਦਯੋਗ ਬਦਲਣਗੇ? ਅਸਲ ਵਿੱਚ ਕੋਈ ਵੱਡਾ ਉਦਯੋਗ ਨਹੀਂ ਹੈ ਜੋ ਆਧੁਨਿਕ ਏਆਈ—ਵਧੇਰੇ ਖਾਸ ਤੌਰ 'ਤੇ, "ਸੰਕੀਰਤ ਏਆਈ" ਜੋ ਕਿ ਡੇਟਾ-ਸਿਖਲਾਈ ਵਾਲੇ ਮਾਡਲਾਂ ਦੀ ਵਰਤੋਂ ਕਰਕੇ ਉਦੇਸ਼ ਕਾਰਜ ਕਰਦਾ ਹੈ ਅਤੇ ਅਕਸਰ ਡੂੰਘੀ ਸਿਖਲਾਈ ਜਾਂ ਮਸ਼ੀਨ ਸਿਖਲਾਈ ਦੀਆਂ ਸ਼੍ਰੇਣੀਆਂ ਵਿੱਚ ਆਉਂਦਾ ਹੈ — ਪਹਿਲਾਂ ਹੀ ਪ੍ਰਭਾਵਿਤ ਨਹੀਂ ਹੋਇਆ ਹੈ। ਇਹ ਪਿਛਲੇ ਕੁਝ ਸਾਲਾਂ ਵਿੱਚ ਖਾਸ ਤੌਰ 'ਤੇ ਸੱਚ ਹੈ, ਕਿਉਂਕਿ ਮਜ਼ਬੂਤ ਆਈਓਟੀ -ਕਨੈਕਟੀਵਿਟੀ, ਕਨੈਕਟ ਕੀਤੇ ਡਿਵਾਈਸਾਂ ਦੇ ਪ੍ਰਸਾਰ ਅਤੇ ਹਮੇਸ਼ਾਂ-ਤੇਜ਼ ਕੰਪਿਊਟਰ ਪ੍ਰੋਸੈਸਿੰਗ ਦੇ ਕਾਰਨ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਡਾਟਾ ਇਕੱਤਰ ਕਰਨ ਅਤੇ ਵਿਸ਼ਲੇਸ਼ਣ ਵਿੱਚ ਕਾਫ਼ੀ ਵਾਧਾ ਹੋਇਆ ਹੈ। ਕੰਪਨੀਆਂ ਹਰ ਸਾਲ ਏਆਈ ਉਤਪਾਦਾਂ ਅਤੇ ਸੇਵਾਵਾਂ 'ਤੇ ਅਰਬਾਂ ਡਾਲਰ ਖਰਚ ਕਰਦੀਆਂ ਹਨ, ਗੂਗਲ, ਐਪਲ, ਮਾਈਕ੍ਰੋਸਾਫਟ ਅਤੇ ਐਮਾਜ਼ਾਨ ਵਰਗੀਆਂ ਤਕਨੀਕੀ ਦਿੱਗਜਾਂ ਉਨ੍ਹਾਂ ਉਤਪਾਦਾਂ ਅਤੇ ਸੇਵਾਵਾਂ ਨੂੰ ਬਣਾਉਣ ਲਈ ਅਰਬਾਂ ਖਰਚ ਕਰਦੀਆਂ ਹਨ, ਯੂਨੀਵਰਸਿਟੀਆਂ ਏਆਈ ਨੂੰ ਆਪਣੇ ਪਾਠਕ੍ਰਮ ਦਾ ਵਧੇਰੇ ਪ੍ਰਮੁੱਖ ਹਿੱਸਾ ਬਣਾਉਂਦੀਆਂ ਹਨ ਅਤੇ ਅਮਰੀਕੀ ਰੱਖਿਆ ਵਿਭਾਗ ਇਸ ਨੂੰ ਵਧਾ ਰਿਹਾ ਹੈ ਏਆਈ ਗੇਮ, ਵੱਡੀਆਂ ਚੀਜ਼ਾਂ ਹੋਣ ਵਾਲੀਆਂ ਹਨ। 'ਬਹੁਤ ਸਾਰੇ ਉਦਯੋਗ ਸਰਦੀਆਂ, ਸਰਦੀਆਂ ਅਤੇ ਫਿਰ ਇੱਕ ਸਦੀਵੀ ਬਸੰਤ ਦੇ ਇਸ ਪੈਟਰਨ ਵਿੱਚੋਂ ਲੰਘਦੇ ਹਨ' ਸਾਬਕਾ ਗੂਗਲ ਬ੍ਰੇਨ ਲੀਡਰ ਅਤੇ ਬਾਇਡੂ ਦੇ ਮੁੱਖ ਵਿਗਿਆਨੀ ਐਂਡਰਿਊ ਐਨਜੀ ਨੇ ਜੈਡਨੇਟ ਨੂੰ ਦੱਸਿਆ। 'ਅਸੀਂ ਏਆਈ ਦੇ ਸਦੀਵੀ ਬਸੰਤ ਵਿੱਚ ਹੋ ਸਕਦੇ ਹਾਂ।' ਟਰਾਂਸਪੋਰਟੇਸ਼ਨ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਟਰਾਂਸਪੋਰਟੇਸ਼ਨ ਇੱਕ ਅਜਿਹਾ ਉਦਯੋਗ ਹੈ ਜੋ ਯਕੀਨੀ ਤੌਰ 'ਤੇ ਏਆਈ ਦੁਆਰਾ ਬਹੁਤ ਜ਼ਿਆਦਾ ਬਦਲਿਆ ਗਿਆ ਹੈ। ਸਵੈ-ਡਰਾਈਵਿੰਗ ਕਾਰਾਂ ਅਤੇ ਏਆਈ ਯਾਤਰਾ ਯੋਜਨਾਕਾਰ ਇਸ ਗੱਲ ਦੇ ਕੁਝ ਪਹਿਲੂ ਹਨ ਕਿ ਅਸੀਂ ਬਿੰਦੂ ਏ ਤੋਂ ਬਿੰਦੂ ਬੀ ਤੱਕ ਕਿਵੇਂ ਪਹੁੰਚਦੇ ਹਾਂ ਜੋ ਏਆਈ ਦੁਆਰਾ ਪ੍ਰਭਾਵਿਤ ਹੋਣਗੇ। ਭਾਵੇਂ ਖੁਦਮੁਖਤਿਆਰ ਵਾਹਨ ਸੰਪੂਰਣ ਤੋਂ ਬਹੁਤ ਦੂਰ ਹਨ, ਉਹ ਇੱਕ ਦਿਨ ਸਾਨੂੰ ਥਾਂ-ਥਾਂ ਲੈ ਕੇ ਜਾਣਗੇ। ਨਿਰਮਾਣ ਵਿੱਚ ਨਕਲੀ ਬੁੱਧੀ ਮੈਨੂਫੈਕਚਰਿੰਗ ਨੂੰ ਸਾਲਾਂ ਤੋਂ ਏਆਈ ਤੋਂ ਫਾਇਦਾ ਹੋ ਰਿਹਾ ਹੈ। ਏਆਈ-ਸਮਰੱਥ ਰੋਬੋਟਿਕ ਹਥਿਆਰਾਂ ਅਤੇ 1960 ਅਤੇ 1970 ਦੇ ਦਹਾਕੇ ਦੇ ਹੋਰ ਨਿਰਮਾਣ ਬੋਟਾਂ ਦੇ ਨਾਲ, ਉਦਯੋਗ ਨੇ ਏਆਈ ਦੀਆਂ ਸ਼ਕਤੀਆਂ ਨੂੰ ਚੰਗੀ ਤਰ੍ਹਾਂ ਢਾਲ ਲਿਆ ਹੈ। ਇਹ ਉਦਯੋਗਿਕ ਰੋਬੋਟ ਆਮ ਤੌਰ 'ਤੇ ਅਸੈਂਬਲੀ ਅਤੇ ਸਟੈਕਿੰਗ ਵਰਗੇ ਸੀਮਤ ਕਾਰਜਾਂ ਨੂੰ ਕਰਨ ਲਈ ਮਨੁੱਖਾਂ ਦੇ ਨਾਲ ਕੰਮ ਕਰਦੇ ਹਨ, ਅਤੇ ਭਵਿੱਖਬਾਣੀ ਵਿਸ਼ਲੇਸ਼ਣ ਸੈਂਸਰ ਸਾਜ਼ੋ-ਸਾਮਾਨ ਨੂੰ ਸੁਚਾਰੂ ਢੰਗ ਨਾਲ ਚਲਾਉਂਦੇ ਰਹਿੰਦੇ ਹਨ। ਹੈਲਥਕੇਅਰ ਵਿੱਚ ਨਕਲੀ ਬੁੱਧੀ ਇਹ ਅਸੰਭਵ ਜਾਪਦਾ ਹੈ, ਪਰ ਏਆਈ ਹੈਲਥਕੇਅਰ ਪਹਿਲਾਂ ਹੀ ਮਨੁੱਖਾਂ ਦੇ ਡਾਕਟਰੀ ਪ੍ਰਦਾਤਾਵਾਂ ਨਾਲ ਗੱਲਬਾਤ ਕਰਨ ਦੇ ਤਰੀਕੇ ਨੂੰ ਬਦਲ ਰਹੀ ਹੈ। ਇਸਦੀਆਂ ਵੱਡੀਆਂ ਡਾਟਾ ਵਿਸ਼ਲੇਸ਼ਣ ਸਮਰੱਥਾਵਾਂ ਲਈ ਧੰਨਵਾਦ, ਏਆਈ ਰੋਗਾਂ ਨੂੰ ਤੇਜ਼ੀ ਨਾਲ ਅਤੇ ਸਹੀ ਢੰਗ ਨਾਲ ਪਛਾਣਨ,



ਦਵਾਈ ਦੀ ਗਤੀ ਵਧਾਉਣ ਅਤੇ ਸੁਚਾਰੂ ਬਣਾਉਣ ਵਿੱਚ ਮਦਦ ਕਰਦਾ ਹੈ। ਵਰਚੁਅਲ ਨਰਸਿੰਗ ਸਹਾਇਕਾਂ ਦੁਆਰਾ ਮਰੀਜ਼ਾਂ ਦੀ ਖੋਜ ਅਤੇ ਨਿਗਰਾਨੀ ਵੀ. ਸਿੱਖਿਆ ਵਿੱਚ ਨਕਲੀ ਬੁੱਧੀ ਸਿੱਖਿਆ ਵਿੱਚ ਏਆਈ ਹਰ ਉਮਰ ਦੇ ਮਨੁੱਖਾਂ ਦੇ ਸਿੱਖਣ ਦੇ ਤਰੀਕੇ ਨੂੰ ਬਦਲ ਦੇਵੇਗਾ। ਮਸ਼ੀਨ ਸਿਖਲਾਈ, ਕੁਦਰਤੀ ਭਾਸ਼ਾ ਪ੍ਰੋਸੈਸਿੰਗ ਅਤੇ ਚਿਹਰੇ ਦੀ ਪਛਾਣ ਦੀ ਏਆਈ ਦੀ ਵਰਤੋਂ ਪਾਠ-ਪੁਸਤਕਾਂ ਨੂੰ ਡਿਜੀਟਾਈਜ਼ ਕਰਨ, ਸਾਹਿਤਕ ਚੋਰੀ ਦਾ ਪਤਾ ਲਗਾਉਣ ਅਤੇ ਵਿਦਿਆਰਥੀਆਂ ਦੀਆਂ ਭਾਵਨਾਵਾਂ ਦਾ ਪਤਾ ਲਗਾਉਣ ਵਿੱਚ ਮਦਦ ਕਰਦੀ ਹੈ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਕੌਣ ਸੰਘਰਸ਼ ਕਰ ਰਿਹਾ ਹੈ ਜਾਂ ਬੋਰ ਹੈ। ਵਰਤਮਾਨ ਵਿੱਚ ਅਤੇ ਭਵਿੱਖ ਵਿੱਚ, ਏਆਈ ਵਿਦਿਆਰਥੀ ਦੀਆਂ ਵਿਅਕਤੀਗਤ ਲੋੜਾਂ ਅਨੁਸਾਰ ਸਿੱਖਣ ਦੇ ਅਨੁਭਵ ਨੂੰ ਤਿਆਰ ਕਰਦਾ ਹੈ।

ਮੀਡੀਆ ਵਿੱਚ ਨਕਲੀ ਬੁੱਧੀ ਪੱਤਰਕਾਰੀ ਏਆਈ ਨੂੰ ਵੀ ਵਰਤ ਰਹੀ ਹੈ, ਅਤੇ ਇਸਦਾ ਲਾਭ ਪ੍ਰਾਪਤ ਕਰਨਾ ਜਾਰੀ ਰੱਖੇਗਾ। ਇੱਕ ਉਦਾਹਰਣ ਐਸੋਸੀਏਟਿਡ ਪ੍ਰੈਸ ਦੁਆਰਾ ਸਵੈਚਲਿਤ ਇਨਸਾਈਟਸ ਦੀ ਵਰਤੋਂ ਵਿੱਚ ਦੇਖੀ ਜਾ ਸਕਦੀ ਹੈ, ਜੋ ਪ੍ਰਤੀ ਸਾਲ ਹਜ਼ਾਰਾਂ ਕਮਾਈ ਦੀਆਂ ਰਿਪੋਰਟਾਂ ਦੀਆਂ ਕਹਾਣੀਆਂ ਤਿਆਰ ਕਰਦੀ ਹੈ। ਪਰ ਜਿਵੇਂ ਕਿ ਜੈਨਰੇਟਿਵ ਏਆਈ ਰਾਈਟਿੰਗ ਟੂਲ, ਜਿਵੇਂ ਕਿ ਚੈਟਜੀਪੀਟੀ, ਮਾਰਕੀਟ ਵਿੱਚ ਦਾਖਲ ਹੁੰਦੇ ਹਨ, ਪੱਤਰਕਾਰੀ ਵਿੱਚ ਉਹਨਾਂ ਦੀ ਵਰਤੋਂ ਬਾਰੇ ਸਵਾਲ ਬਹੁਤ ਹੁੰਦੇ ਹਨ। ਗਾਹਕ ਸੇਵਾ ਵਿੱਚ ਨਕਲੀ ਬੁੱਧੀ ਜ਼ਿਆਦਾਤਰ ਲੋਕ ਰੋਬੋ-ਕਾਲ ਪ੍ਰਾਪਤ ਕਰਨ ਤੋਂ ਡਰਦੇ ਹਨ, ਪਰ ਗਾਹਕ ਸੇਵਾ ਵਿੱਚ ਏਆਈ ਉਦਯੋਗ ਨੂੰ ਡੇਟਾ-ਸੰਚਾਲਿਤ ਟੂਲ ਪ੍ਰਦਾਨ ਕਰ ਸਕਦਾ ਹੈ ਜੋ ਗਾਹਕ ਅਤੇ ਪ੍ਰਦਾਤਾ ਦੋਵਾਂ ਲਈ ਅਰਥਪੂਰਨ ਸਮਝ ਲਿਆਉਂਦਾ ਹੈ। ਗਾਹਕ ਸੇਵਾ ਉਦਯੋਗ ਨੂੰ ਸ਼ਕਤੀ ਪ੍ਰਦਾਨ ਕਰਨ ਵਾਲੇ ਏਆਈ ਟੂਲ ਚੈਟਬੋਟਸ ਅਤੇ ਵਰਚੁਅਲ ਅਸਿਸਟੈਂਟਸ ਦੇ ਰੂਪ ਵਿੱਚ ਆਉਂਦੇ ਹਨ। ਸਮਾਜ 'ਤੇ ਏਆਈ ਦਾ ਪ੍ਰਭਾਵ ਏਆਈ ਕੰਮ ਕਿਵੇਂ ਬਦਲੇਗਾ ਨਾਰਥਵੈਸਟਰਨ ਯੂਨੀਵਰਸਿਟੀ ਵਿੱਚ ਇੱਕ ਲੈਕਚਰ ਦੇ ਦੌਰਾਨ, ਏਆਈ ਮਾਹਰ ਕਾਈ-ਫੂ ਲੀ ਨੇ ਏਆਈ ਤਕਨਾਲੋਜੀ ਅਤੇ ਇਸਦੇ ਆਉਣ ਵਾਲੇ ਪ੍ਰਭਾਵਾਂ ਦੀ ਚੈਂਪੀਅਨਸ਼ਿਪ ਕੀਤੀ ਅਤੇ ਇਸਦੇ ਮਾੜੇ ਪ੍ਰਭਾਵਾਂ ਅਤੇ ਸੀਮਾਵਾਂ ਨੂੰ ਵੀ ਨੋਟ ਕੀਤਾ। ਸਾਬਕਾ ਬਾਰੇ, ਉਸਨੇ ਚੇਤਾਵਨੀ ਦਿੱਤੀ: ÷ਹੇਠਲੇ 90 ਪ੍ਰਤੀਸ਼ਤ, ਖਾਸ ਤੌਰ 'ਤੇ ਆਮਦਨੀ ਜਾਂ ਸਿੱਖਿਆ ਦੇ ਮਾਮਲੇ ਵਿੱਚ ਦੁਨੀਆ ਦੇ ਹੇਠਲੇ 50 ਪ੍ਰਤੀਸ਼ਤ, ਨੌਕਰੀ ਦੇ ਵਿਸਥਾਪਨ ਨਾਲ ਬੁਰੀ ਤਰ੍ਹਾਂ ਦੁਖੀ ਹੋਣਗੇ ... ਪੁੱਛਣ ਲਈ ਸਧਾਰਨ ਸਵਾਲ ਇਹ ਹੈ, 'ਨੌਕਰੀ ਕਿੰਨੀ ਰੁਟੀਨ ਹੈ?' ਅਤੇ ਇਹ ਕਿੰਨੀ ਸੰਭਾਵਨਾ ਹੈ [ ਇਹ ਹੈ ] ਇੱਕ ਨੌਕਰੀ ਏਆਈ ਦੁਆਰਾ ਬਦਲ ਦਿੱਤੀ ਜਾਵੇਗੀ, ਕਿਉਂਕਿ ਏਆਈ ,ਰੁਟੀਨ ਕੰਮ ਦੇ ਅੰਦਰ, ਆਪਣੇ ਆਪ ਨੂੰ ਅਨੁਕੂਲ ਬਣਾਉਣਾ ਸਿੱਖ ਸਕਦਾ ਹੈ। ਅਤੇ ਜਿੰਨਾ ਜ਼ਿਆਦਾ ਮਾਤਰਾਤਮਕ, ਓਨਾ ਹੀ ਜ਼ਿਆਦਾ ਉਦੇਸ਼ ਕੰਮ ਹੈ—ਚੀਜ਼ਾਂ ਨੂੰ ਡੱਬਿਆਂ ਵਿੱਚ ਵੱਖ ਕਰਨਾ, ਬਰਤਨ ਧੋਣਾ, ਫਲ ਚੁੱਕਣਾ ਅਤੇ ਗਾਹਕ ਸੇਵਾ ਕਾਲਾਂ ਦਾ ਜਵਾਬ ਦੇਣਾ—ਇਹ ਬਹੁਤ ਜ਼ਿਆਦਾ ਸਕ੍ਰਿਪਟ ਕੀਤੇ ਕੰਮ ਹਨ ਜੋ ਦੁਹਰਾਉਣ ਵਾਲੇ ਅਤੇ ਰੁਟੀਨ ਸੁਭਾਅ ਦੇ ਹੁੰਦੇ ਹਨ। ਪੰਜ, 10 ਜਾਂ 15 ਸਾਲਾਂ ਦੇ ਮਾਮਲੇ ਵਿੱਚ, ਉਨ੍ਹਾਂ ਨੂੰ ਏਆਈ ਦੁਆਰਾ ਉਜਾੜ ਦਿੱਤਾ ਜਾਵੇਗਾ।

# ਮਹਿਲਾਵਾਂ ਨਾਲ ਪੱਖਪਾਤ



-ਡਾ. ਰਿਤੂ ਸਾਰਸਵਤ

ਬੀਤੇ ਦਿਨੀਂ ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਈਰਾਨੀ ਨੇ ਰਾਜ ਸਭਾ ਵਿਚ ਕਿਹਾ ਕਿ ਮਾਹਵਾਰੀ ਇਕ ਅੜਿੱਕਾ ਨਹੀਂ ਹੈ। ਮਾਹਵਾਰੀ ਵਿਚ ਕੰਮਕਾਜੀ ਔਰਤਾਂ ਨੂੰ ਛੁੱਟੀ ਦਿੱਤੇ ਜਾਣ ਦੀ ਮੰਗ 'ਤੇ ਉਨ੍ਹਾਂ ਨੇ ਕਿਹਾ ਕਿ ਪੀਰੀਅਡਜ਼ ਲੀਵ ਦੀ ਜ਼ਰੂਰਤ ਲਈ ਕਿਸੇ ਵਿਸ਼ੇਸ਼ ਨੀਤੀ ਦੀ ਜ਼ਰੂਰਤ ਨਹੀਂ ਹੈ।'

ਈਰਾਨੀ ਦੇ ਇਸ ਬਿਆਨ ਨੂੰ ਕੰਮਕਾਜੀ ਔਰਤਾਂ ਵਿਰੁੱਧ ਦੇਖਿਆ ਜਾ ਰਿਹਾ ਹੈ ਪਰ ਕੀ ਵਾਕਈ ਅਜਿਹਾ ਹੈ? ਕੀ ਪੀਰੀਅਡਜ਼ ਲੀਵ ਨਾਲ ਕੰਮਕਾਜੀ ਮਹਿਲਾਵਾਂ ਦੀ ਕਾਰਜ-ਕੁਸ਼ਲਤਾ ਅਤੇ ਸਮਰੱਥਾਵਾਂ 'ਤੇ ਹਾਂ-ਪੱਖੀ ਪ੍ਰਭਾਵ ਪਵੇਗਾ? ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਇਸ ਛੁੱਟੀ ਤੋਂ ਬਾਅਦ ਕੰਮ 'ਤੇ ਪਰਤਣ 'ਤੇ ਔਰਤਾਂ ਜ਼ਿਆਦਾ ਉਤਸ਼ਾਹ ਤੇ ਊਰਜਾ ਨਾਲ ਕੰਮ ਕਰਨਗੀਆਂ ਜੋ ਕਿ ਮਾਹਵਾਰੀ ਦੇ ਸਮੇਂ ਨਹੀਂ ਕਰ ਪਾਉਂਦੀਆਂ ਹਨ

ਇੱਥੇ ਇਹ ਜਾਣਨਾ ਜ਼ਰੂਰੀ ਹੈ ਕਿ ਕੀ ਹਰ ਮਹਿਲਾ ਲਈ ਮਾਸਿਕ ਧਰਮ ਕਸ਼ਟਦਾਇਕ ਹੁੰਦਾ ਹੈ? ਇਸ ਸਿਲਸਿਲੇ ਵਿਚ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦੀ ਉਸ ਰਿਪੋਰਟ 'ਤੇ ਧਿਆਨ ਦੇਣਾ ਜ਼ਰੂਰੀ ਹੈ ਜੋ 42 ਦੇਸ਼ਾਂ ਦੇ 178 ਅਧਿਐਨਾਂ 'ਤੇ ਕੇਂਦਰਿਤ ਹੈ। ਬਹੁ-ਗਿਣਤੀ ਔਰਤਾਂ 'ਤੇ ਹੋਏ ਇਨ੍ਹਾਂ ਅਧਿਐਨਾਂ ਦਾ ਅਰਸਾ ਇਕ ਤੋਂ 72 ਮਹੀਨੇ ਤੱਕ ਰਿਹਾ। ਇਨ੍ਹਾਂ 'ਚ ਹਿੱਸਾ ਲੈਣ ਵਾਲੀਆਂ 88 ਤੋਂ 90 ਪ੍ਰਤੀਸ਼ਤ ਮਹਿਲਾਵਾਂ ਨੇ ਗੰਭੀਰ ਲੱਛਣਾਂ ਦਾ ਅਨੁਭਵ ਕੀਤਾ।

ਭਾਰਤ ਵਿਚ ਇਸ ਤਰ੍ਹਾਂ ਕਿਸੇ ਖ਼ਾਸ ਅਧਿਐਨ ਦੀ ਕੋਈ ਜਾਣਕਾਰੀ ਸਾਹਮਣੇ ਨਹੀਂ ਆਉਂਦੀ ਪਰ ਡਬਲਯੂਐੱਚਓ ਦੀ ਇਹ ਰਿਪੋਰਟ ਇਸ ਤਰਕ 'ਤੇ ਪ੍ਰਸ਼ਨ ਚਿੰਨ੍ਹ ਜ਼ਰੂਰ ਲਗਾ ਦਿੰਦੀ ਹੈ ਕਿ 'ਪੀਰੀਅਡਜ਼ ਲੀਵ ਲਈ ਕੋਈ ਵਿਸ਼ੇਸ਼ ਵਿਵਸਥਾ ਹੋਣੀ ਚਾਹੀਦੀ ਹੈ।' ਇਕ ਸਵਾਲ ਇਹ ਵੀ ਹੈ ਕਿ ਉਨ੍ਹਾਂ ਔਰਤਾਂ ਦੀ ਚਿੰਤਾ ਕੌਣ ਕਰੇਗਾ ਜੋ ਇਸ ਅਰਸੇ ਵਿਚ ਅਸਹਿਣਯੋਗ ਪੀੜਾ 'ਚੋਂ ਗੁਜ਼ਰਦੀਆਂ ਹਨ?

ਵੱਖ-ਵੱਖ ਖੋਜਾਂ ਇਹ ਦੱਸਦੀਆਂ ਹਨ ਕਿ ਮਾਹਵਾਰੀ ਦੌਰਾਨ ਜੋ ਔਰਤਾਂ ਗੰਭੀਰ ਲੱਛਣਾਂ ਦਾ ਅਹਿਸਾਸ ਕਰਦੀਆਂ ਹਨ, ਉਨ੍ਹਾਂ 'ਚ ਲਗਪਗ ਹਮੇਸ਼ਾ ਅੰਦਰੋਂ ਹੀ ਸਿਹਤ ਸਮੱਸਿਆ ਹੁੰਦੀ ਹੈ। ਮਾਸਿਕ ਧਰਮ ਛੁੱਟੀ ਸਮੇਂ ਸਿਰ ਇਲਾਜ ਮੁਹੱਈਆ ਕਰਵਾ ਕੇ ਪੀੜਾ ਨੂੰ ਘੱਟ ਕਰਨ ਵਿਚ ਮਦਦ ਨਹੀਂ ਕਰਦੀ ਬਲਕਿ ਅਸਿੱਧੇ ਤੌਰ 'ਤੇ ਮਹਿਲਾਵਾਂ ਦੀ ਜਨਤਕ ਜੀਵਨ ਵਿਚ ਭਾਗੀਦਾਰੀ ਨੂੰ ਘੱਟ ਕਰਨ ਦਾ ਰਸਤਾ ਮਜ਼ਬੂਤ ਕਰਦੀ ਹੈ। ਪੀਰੀਅਡਜ਼ ਲੀਵ ਦੇ ਵਿਰੁੱਧ ਬੋਲਣਾ ਯਕੀਨਨ ਮਹਿਲਾ ਵਿਰੋਧੀ ਪ੍ਰਤੀਤ ਹੁੰਦਾ ਹੈ ਪਰ ਹਕੀਕਤ ਕੁਝ ਹੋਰ ਹੀ ਹੈ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਸਾਰੀਆਂ ਔਰਤਾਂ ਜੈਵਿਕ ਤੌਰ 'ਤੇ ਹੀਣ ਅਤੇ ਸਰੀਰਕ ਤੌਰ 'ਤੇ ਕਮਜ਼ੋਰ ਹਨ। ਇਹ ਲਿੰਗ ਸਬੰਧੀ ਪੱਖਪਾਤ ਵਧਾਉਣ ਵਿਚ ਯੋਗਦਾਨ ਦਿੰਦਾ ਹੈ। ਖ਼ਾਸ ਤੌਰ 'ਤੇ ਕੰਮ ਵਾਲੇ ਸਥਾਨਾਂ ਵਿਚ, ਕਿਉਂਕਿ ਇਸ ਵਿਚਾਰ ਦਾ ਇਸਤੇਮਾਲ ਮਹਿਲਾਵਾਂ ਦੀਆਂ ਕਾਰਜ-ਸਮਰੱਥਾਵਾਂ, ਯੋਗਦਾਨ ਅਤੇ ਅਗਵਾਈ ਸਮਰੱਥਾ ਨੂੰ ਕਮਜ਼ੋਰ ਕਰਨ ਲਈ ਕੀਤਾ ਜਾ ਸਕਦਾ ਹੈ। ਇਸ ਦੇ ਦੂਰਗਾਮੀ ਨਤੀਜੇ ਹੋਣਗੇ।



# ਭਾਰਤੀ ਰੁਪਏ ਦੀ ਚੜ੍ਹਤ: ਭਾਰਤੀ ਕਰੰਸੀ ਨੂੰ ਕੌਮਾਂਤਰੀ ਪੱਧਰ 'ਤੇ ਮਾਨਤਾ ਮਿਲਣੀ ਦੇਸ਼ ਲਈ ਵੱਡੀ ਪ੍ਰਾਪਤੀ

*ਚੀਨ ਤੋਂ ਬਾਅਦ ਭਾਰਤ ਹੀ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਤੇਲ ਬਰਾਮਦਕਾਰ ਹੈ। ਅਕਤੂਬਰ 2023 ਦੇ ਅੰਕੜਿਆਂ ਮੁਤਾਬਕ ਭਾਰਤ 'ਚ ਤੇਲ ਦੀ ਖਪਤ ਪਿਛਲੇ ਵਰ੍ਹੇ ਦੇ ਮੁਕਾਬਲੇ 2 ਫ਼ੀਸਦੀ ਵਧੀ ਹੈ। ਭਾਰਤ ਦੇ ਤੇਲ ਸੋਧਕ ਕਾਰਖਾਨਿਆਂ ਨੂੰ 19.5 ਲੱਖ ਬੈਰਲ ਪ੍ਰਤੀ ਦਿਨ ਦੀ ਜ਼ਰੂਰਤ ਹੁੰਦੀ ਹੈ। ਪਿਛਲੇ ਕੁਝ ਸਮੇਂ ਦੌਰਾਨ ਕੌਮਾਂਤਰੀ ਬਾਜ਼ਾਰ 'ਚ ਤੇਲ ਕੀਮਤਾਂ ਬਹੁਤ ਜ਼ਿਆਦਾ ਵਧ ਗਈਆਂ ਹਨ।*



ਸਮੂਹ ਦੇਸ਼ ਵਾਸੀਆਂ ਲਈ ਇਹ ਇਕ ਵੱਡੀ ਖ਼ੁਸ਼ਖ਼ਬਰੀ ਹੈ ਕਿ ਹੁਣ ਭਾਰਤੀ ਕਰੰਸੀ ਨੂੰ ਕੌਮਾਂਤਰੀ ਪੱਧਰ 'ਤੇ ਮਾਨਤਾ ਮਿਲਣੀ ਸ਼ੁਰੂ ਹੋ ਗਈ ਹੈ। ਭਾਰਤ ਸਰਕਾਰ ਨੇ ਹੁਣ ਪਹਿਲੀ ਵਾਰ ਕੱਚੇ ਤੇਲ ਦੀ ਖ਼ਰੀਦ ਬਦਲੇ ਸੰਯੁਕਤ ਅਰਬ ਅਮੀਰਾਤ ਨੂੰ ਰੁਪਏ 'ਚ ਭੁਗਤਾਨ ਕੀਤਾ ਹੈ। ਹੁਣ ਤੱਕ ਇਹ ਅਦਾਇਗੀ ਅਮਰੀਕਨ ਡਾਲਰਾਂ 'ਚ ਹੁੰਦੀ ਰਹੀ ਹੈ। ਭਾਰਤੀ ਰੁਪਏ ਨੂੰ ਅਜਿਹੀ ਹੱਲਾਸ਼ੇਰੀ ਮਿਲਣਾ ਸਾਲ 2023 ਦੀ ਇਕ ਵੱਡੀ ਕੌਮਾਂਤਰੀ ਪ੍ਰਾਪਤੀ ਹੈ। ਪਿਛਲੇ ਵਰ੍ਹੇ 11 ਜੁਲਾਈ ਨੂੰ ਭਾਰਤੀ ਰਿਜ਼ਰਵ ਬੈਂਕ ਨੇ ਦਰਾਮਦਕਾਰਾਂ ਤੇ ਬਰਾਮਦਕਾਰਾਂ ਨੂੰ ਰੁਪਏ 'ਚ ਲੈਣ-ਦੇਣ ਕਰਨ ਦੀ ਇਜਾਜ਼ਤ ਦਿੱਤੀ ਸੀ। ਹੁਣ ਦੇਸ਼ ਦੀ ਕਰੰਸੀ ਲਈ ਉਸ ਤੋਂ ਵੀ ਅਗਲਾ ਗੇੜ ਸ਼ੁਰੂ ਹੋ ਗਿਆ ਹੈ।

ਦਰਅਸਲ, ਭਾਰਤ ਸਰਕਾਰ ਨੇ ਪਿਛਲੇ ਕੁਝ ਸਮੇਂ ਦੌਰਾਨ ਤੇਲ ਲਈ ਕਿਸੇ ਇੱਕੋ ਦੇਸ਼ 'ਤੇ ਨਿਰਭਰਤਾ, ਲੈਣ-ਦੇਣ ਦੀਆਂ ਲਾਗਤਾਂ ਨੂੰ ਘਟਾਇਆ ਹੈ। ਇਸੇ ਵਰ੍ਹੇ ਜੁਲਾਈ 'ਚ ਭਾਰਤ ਨੇ ਸੰਯੁਕਤ ਅਰਬ ਅਮੀਰਾਤ ਨਾਲ ਇਕ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ ਕਿ 'ਅਬੂ ਧਾਬੀ ਨੈਸ਼ਨਲ ਆਇਲ ਕੰਪਨੀ' ਤੋਂ ਕੱਚੇ ਤੇਲ ਦੇ 10 ਲੱਖ ਬੈਰਲ ਖ਼ਰੀਦਣ ਲਈ ਭੁਗਤਾਨ ਰੁਪਏ 'ਚ ਕੀਤਾ ਜਾਵੇਗਾ। ਇਸ ਤੋਂ ਇਲਾਵਾ ਰੂਸ ਦੇ ਵੀ ਕੁਝ ਤੇਲ ਬਰਾਮਦਕਾਰਾਂ ਨੂੰ ਰੁਪਏ 'ਚ ਭੁਗਤਾਨ ਕੀਤਾ ਜਾਣ ਲੱਗਾ ਹੈ। ਇਹ ਹਕੀਕਤ ਹੈ ਕਿ ਭਾਰਤ ਹਾਲੇ ਆਪਣੀਆਂ 85 ਫ਼ੀਸਦੀ ਤੇਲ ਜ਼ਰੂਰਤਾਂ ਲਈ ਵਿਦੇਸ਼ੀ ਦਰਾਮਦਾਂ 'ਤੇ ਹੀ ਨਿਰਭਰ ਹੈ।

ਇਸੇ ਲਈ ਹੁਣ ਮੁਕਾਬਲਤਨ ਘੱਟ ਲਾਗਤ ਵਾਲੇ ਵਿਦੇਸ਼ੀ ਸਪਲਾਇਰਾਂ ਨਾਲ ਹੀ ਸਮਝੌਤੇ ਕੀਤੇ ਜਾ ਰਹੇ ਹਨ। ਪਿਛਲੇ ਕੁਝ ਸਮੇਂ ਦੌਰਾਨ ਰੂਸ ਤੋਂ ਤੇਲ ਖ਼ਰੀਦ ਕੇ ਭਾਰਤ ਨੇ ਅਰਬਾਂ ਡਾਲਰ ਦੀ ਬੱਚਤ ਕੀਤੀ ਹੈ। ਹੁਣ ਜਦੋਂ ਰੁਪਏ 'ਚ ਹੀ ਭੁਗਤਾਨ ਸ਼ੁਰੂ ਹੋ ਗਿਆ ਹੈ ਤਾਂ ਰੁਪਏ ਨੂੰ ਡਾਲਰ 'ਚ ਤਬਦੀਲ ਕਰਨ ਦੀਆਂ ਲਾਗਤਾਂ ਤੇ ਗੁੰਝਲਾਂ ਵੀ ਖ਼ਤਮ ਹੋ ਜਾਣਗੀਆਂ। ਦੇਸ਼ 'ਚੋਂ ਨਿਕਲਣ ਵਾਲੇ ਕੱਚੇ ਤੇਲ ਰਾਹੀਂ ਸਾਡੀਆਂ ਸਿਰਫ਼ 15 ਫ਼ੀਸਦੀ ਜ਼ਰੂਰਤਾਂ ਹੀ ਪੂਰੀਆਂ ਹੁੰਦੀਆਂ ਹਨ। ਅਪ੍ਰੈਲ 2022 ਤੋਂ ਲੈ ਕੇ ਮਾਰਚ 2023 ਤੱਕ ਭਾਰਤ ਨੇ 23.27 ਕਰੋੜ ਟਨ ਕੱਚਾ ਤੇਲ ਇਰਾਕ, ਸਾਊਦੀ ਅਰਬ, ਰੂਸ ਤੇ ਸੰਯੁਕਤ ਅਰਬ ਅਮੀਰਾਤ ਤੋਂ ਮੰਗਵਾਇਆ ਹੈ ਜਿਸ ਦੀ ਕੀਮਤ 157.5 ਅਰਬ ਡਾਲਰ ਬਣਦੀ ਹੈ। ਇੰਜ ਦੇਸ਼ ਨੇ ਪੱਛਮੀ ਏਸ਼ੀਆ ਤੋਂ ਆਪਣੀਆਂ 58 ਫ਼ੀਸਦੀ ਤੇਲ ਜ਼ਰੂਰਤਾਂ ਪੂਰੀਆਂ ਕੀਤੀਆਂ ਹਨ। ਚੀਨ ਤੋਂ ਬਾਅਦ ਭਾਰਤ ਹੀ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਤੇਲ ਬਰਾਮਦਕਾਰ ਹੈ। ਅਕਤੂਬਰ 2023 ਦੇ ਅੰਕੜਿਆਂ ਮੁਤਾਬਕ ਭਾਰਤ 'ਚ ਤੇਲ ਦੀ ਖਪਤ ਪਿਛਲੇ ਵਰ੍ਹੇ ਦੇ ਮੁਕਾਬਲੇ 2 ਫ਼ੀਸਦੀ ਵਧੀ ਹੈ। ਭਾਰਤ ਦੇ ਤੇਲ ਸੋਧਕ ਕਾਰਖਾਨਿਆਂ ਨੂੰ 19.5 ਲੱਖ ਬੈਰਲ ਪ੍ਰਤੀ ਦਿਨ ਦੀ ਜ਼ਰੂਰਤ ਹੁੰਦੀ ਹੈ। ਪਿਛਲੇ ਕੁਝ ਸਮੇਂ ਦੌਰਾਨ ਕੌਮਾਂਤਰੀ ਬਾਜ਼ਾਰ 'ਚ ਤੇਲ ਕੀਮਤਾਂ ਬਹੁਤ ਜ਼ਿਆਦਾ ਵਧ ਗਈਆਂ ਹਨ। ਇਸੇ ਲਈ ਹੁਣ ਰੂਸ ਤੋਂ ਹੀ ਸਭ ਤੋਂ ਵੱਧ ਤੇਲ ਦਰਾਮਦ ਕਰਨ ਬਾਰੇ ਵੀ ਵਿਚਾਰ ਹੋ ਰਿਹਾ ਹੈ ਕਿਉਂਕਿ ਰੂਸ ਤੋਂ ਭਾਰਤ ਨੂੰ ਤੇਲ ਕਾਫ਼ੀ ਸਸਤਾ ਮਿਲਦਾ ਹੈ। ਉਧਰ ਪੱਛਮੀ ਏਸ਼ੀਆ ਦੇ ਮੁਲਕਾਂ ਦੀ 'ਆਰਗੇਨਾਇਜ਼ੇਸ਼ਨ ਆਫ ਦਿ ਪੈਟਰੋਲੀਅਮ ਐਕਸਪੋਰਟਿੰਗ ਕੰਟਰੀਜ਼' (ਓਪੇਕ) ਜਦੋਂ ਵੀ ਕਦੇ ਆਪਣੇ ਉਤਪਾਦਨ 'ਚ 10 ਤੋਂ 20 ਲੱਖ ਬੈਰਲ ਪ੍ਰਤੀ ਦਿਨ ਕਮੀ ਲਿਆਉਣ ਦਾ ਐਲਾਨ ਕਰਦਾ ਹੈ ਤਦ ਕੌਮਾਂਤਰੀ ਬਾਜ਼ਾਰ 'ਚ ਕੱਚੇ ਤੇਲ ਦੀ ਕੀਮਤ ਤੁਰੰਤ 10 ਤੋਂ 20 ਫ਼ੀਸਦੀ ਵਧ ਜਾਂਦੀ ਹੈ। ਹੁਣ ਮੌਜੂਦਾ ਹਾਲਾਤ ਮੁਤਾਬਕ ਤੇਲ ਕੀਮਤ 120 ਤੋਂ 130 ਡਾਲਰ ਪ੍ਰਤੀ ਬੈਰਲ ਤੱਕ ਪੁੱਜਣ ਦੀ ਸੰਭਾਵਨਾ ਬਣੀ ਹੋਈ ਹੈ। ਜੇ ਅਜਿਹਾ ਹੋ ਗਿਆ ਤਾਂ ਇਹ ਦੇਸ਼ ਦੀ ਅਰਥ-ਵਿਵਸਥਾ ਨੂੰ ਹਿਲਾ ਕੇ ਰੱਖ ਦੇਣ ਵਾਲੀ ਗੱਲ ਹੋਵੇਗੀ।


Metrimonial

Suitable match for Parminder Singh Josan Sikh boy, trucking business in Canada, age 29 years, Height 5'-7".
Contact 913-256-9498





CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic: 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com






R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
e-file
Open 7 Days
Weekends/Evenings
(Year Round Service)
Resonable Rates
Call for Appointment



Uscipp Insurance Services
1050 N Carpenter RD STE C, Modesto, CA 95351
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247



## ਚਮਕੌਰ ਦੀ ਜੰਗ

ਸੱਤ ਪੋਹ ਦੀ ਸ਼ਾਮ ਪੁੱਜੇ ਚਮਕੌਰ ਸੀ।
ਕਿੱਥੇ ਲਾਉਣਾ ਡੇਰਾ ਗੁਰਾਂ ਕੀਤੀ ਗ਼ੌਰ ਸੀ।
ਮਿੱਠਾ ਮੰਨ ਲਿਆ ਭਾਣਾ ਕਰਤਾਰ ਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਹਵੇਲੀ ਕੱਚੀ ਵਿੱਚ ਕੀਤਾ ਪ੍ਰਵੇਸ਼ ਸੀ।
ਸਿੰਘੋ ਰਹੋ ਤਿਆਰ ਦਿੱਤਾ ਆਦੇਸ਼ ਸੀ।
ਘੁੱਟ ਮੁੱਠਾ ਫੜਿਆ ਸੀ ਤਲਵਾਰ ਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਛੱਤ ਉੱਤੇ ਚੜ੍ਹ ਵੇਖਿਆ ਚੁਫੇਰੇ ਸੀ।
ਸ਼ਾਹੀ ਫੌਜਾਂ ਪਾਏ ਚਾਰੇ ਪਾਸੇ ਘੇਰੇ ਸੀ।
ਹੌਂਸਲਾ ਗੁਰੂ ਦਾ ਸਿੰਘਾਂ ਨੂੰ ਹੁਲਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਸ਼ਾਹੀ ਫੌਜਾਂ ਦਿੱਤਾ ਸੀ ਢੰਡੋਰਾ ਪਿੱਟ ਜੀ।
ਜਾਨ ਬਖਸ਼ਾ ਲੌ ਹਥਿਆਰ ਸੁੱਟ ਜੀ।
ਹੌਂਸਲਾ ਬੁਲੰਦ ਨਾ ਕਦੇ ਵੀ ਹਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਲਾ ਕੇ ਪੌੜੀ ਨਾਹਰ ਖਾਂ ਉੱਪਰ ਚੜਿਆ।
ਧੌਣ ਵਿੱਚ ਸਿੱਧਾ ਗੁਰਾਂ ਤੀਰ ਜੜਿਆ।
ਕਰਾਂ ਕੀ ਬਿਆਨ ਗੁਰੂ ਜੀ ਦੇ ਵਾਰ ਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਗੜ੍ਹੀ ਵਿੱਚ ਸਿੰਘ ਭਾਵੇਂ ਮੁੱਠੀ ਭਰ ਸੀ।
ਸੁਣ ਕੇ ਜੈਕਾਰੇ ਵੈਰੀ ਗਏ ਡਰ ਸੀ।
ਜੋਸ਼ ਆਵੇ ਵੇਖ ਮੁੱਖ ਸਰਕਾਰ ਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਗੜ੍ਹੀ ਵਿੱਚ ਗੋਲੀ ਸਿੱਕਾ ਗਿਆ ਮੁੱਕ ਸੀ।
ਸਿੰਘਾਂ ਹੁਣ ਲਏ ਹਥਿਆਰ ਚੁੱਕ ਸੀ।
ਕੱਲਾ ਕੱਲਾ ਲੱਖਾਂ ਤਾਈਂ ਲਲਕਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਜੰਗ ਵਿੱਚ ਰਣ ਰੱਤੇ ਸਿੰਘ ਜੂਝਦੇ।
ਬੋਲੇ ਸੋ ਨਿਹਾਲ ਦੇ ਜੈਕਾਰੇ ਗੂੰਜਦੇ।
‘ਕੱਲਾ ‘ਕੱਲਾ ਲੱਖਾਂ ਦਾ ਸੀ ਖ਼ੂਨ ਠਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਵੱਡਾ ਸਾਹਿਬਜ਼ਾਦਾ ਕਰ ਕੇ ਤਿਆਰ ਸੀ।
ਆਪ ਤੋਰਿਆ ਦੇ ਹੱਥ ਤਲਵਾਰ ਸੀ।
ਵਧੀ ਜਾਵੇ ਅੱਗੇ ਵੈਰੀ ਨੂੰ ਸੰਘਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਅਜੀਤ ਸਿੰਘ ਜਦੋਂ ਸੀ ਸ਼ਹੀਦੀ ਪਾ ਗਿਆ।
ਜੂਝਣੇ ਦਾ ਚਾਉ ਜੁਝਾਰ ਨੂੰ ਆ ਗਿਆ।
ਜਾਣਾ ਮੈਂ ਵੀ ਜੰਗ ਅਰਜ਼ ਗੁਜ਼ਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

ਜੰਗ ‘ਚ ਜੁਝਾਰ ਨੇ ਵਿਖਾਏ ਜੌਹਰ ਸੀ।
ਵੇਖ ਵੈਰੀ ਦਲ ਹੋਇਆ ਡੌਰ ਭੌਰ ਸੀ।
ਪਾ ਗਿਆ ਸ਼ਹੀਦੀ ਵੈਰੀ ਨੂੰ ਵੰਗਾਰਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।



ਢਲੀ ਜਦ ਸ਼ਾਮ ਬੰਦ ਹੋਈ ਜੰਗ ਸੀ।
ਮੁਗ਼ਲਾਂ ਦੇ ਚਿਹਰੇ ਹੋ ਗਏ ਬੇਰੰਗ ਸੀ।
ਆਉਂਦਾ ਸੀ ਜਵਾਬ ਅੱਗੋਂ ਹਰ ਵਾਰ ਦਾ।
ਚਿਹਰੇ ਉੱਤੇ ਨੂਰ ਡਲ੍ਹਕਾਂ ਸੀ ਮਾਰਦਾ।

**ਅਮਰਜੀਤ ਕੌਰ ਮੋਰਿੰਡਾ**

## ਮਾਤਾ ਗੁਜਰੀ ਦੇ ਛੋਟੇ ਪੋਤੇ

ਵਜੀਦ ਖਾਂ ਨੇ ਮਾਤਾ ਗੁਜਰੀ ਤੇ ਲਾਲਾਂ ਨੂੰ
ਠੰਢੇ ਬੁਰਜ ਵਿੱਚ ਕਰ ਦਿੱਤਾ ਕੈਦ।
ਉਸ ਨੇ ਸੋਚਿਆ, ਠੰਢ ਤੇ ਭੁੱਖ ਤੋਂ
ਮਾਤਾ ਗੁਜਰੀ ਤੇ ਲਾਲ ਡਰ ਜਾਣਗੇ ਸ਼ਾਇਦ।
ਮਾਤਾ ਗੁਜਰੀ ਨੇ ਲਾਲਾਂ ਨੂੰ ਸਮਝਾਇਆ,
‘ਧਰਮ ਨਹੀਂ ਹਾਰਨਾ, ਚਾਹੇ ਜਾਨ ਚਲੀ ਜਾਵੇ।
ਜਾਬਰ ਦੇ ਜ਼ੁਲਮ ਅੱਗੇ ਨਹੀਂ ਝੁਕਣਾ
ਭਾਵੇਂ ਉਹ ਅੱਡੀ ਚੋਟੀ ਦਾ ਜ਼ੋਰ ਲਾਵੇ।’
ਵਜੀਦ ਖਾਂ ਨੇ ਲਾਲਾਂ ਨੂੰ ਈਨ ਮੰਨਾਉਣ ਲਈ
ਕਈ ਕਿਸਮ ਦੇ ਲਾਲਚ ਤੇ ਡਰਾਵੇ ਦਿੱਤੇ।
ਪਰ ਲਾਲ ਆਪਣੇ ਧਰਮ ਤੋਂ
ਨਾ ਡੋਲਣ ਦਾ ਤਹੱਈਆ ਸੀ ਕਰ ਚੁੱਕੇ।
ਉਸ ਨੇ ਕੋਈ ਪੇਸ਼ ਨਾ ਜਾਂਦੀ ਵੇਖ ਕੇ
ਉਨ੍ਹਾਂ ਨੂੰ ਨੀਂਹਾਂ ਵਿੱਚ ਚਿਣਵਾ ਦਿੱਤਾ।
ਛੋਟੀਆਂ ਉਮਰਾਂ ’ਚ ਉਨ੍ਹਾਂ ਸ਼ਹਾਦਤਾਂ ਦੇ ਕੇ
ਸਿੱਖੀ-ਮਹਿਲ ’ਚ ਆਪਣਾ ਹਿੱਸਾ ਪਾ ਦਿੱਤਾ।

**ਮਹਿੰਦਰ ਸਿੰਘ ਮਾਨ**
9915803554

## 5 ਅਤੇ 6 ਪੋਹ

5 ਪੋਹ ਦੀ ਸਵੇਰ ਲੱਗੇ ਕਰਨ ਬਿਉਂਤ ਬੰਦੀ,
ਛੱਡਣਾ ਅਨੰਦਪੁਰ ਕਰ ਲਿਆ ਫੈਸਲਾ।
ਬੇਦਾਵੇ ਵਾਲੇ ਸਾਰੇ ਘਰਾਂ ਨੂੰ ਪਧਾਰ ਗਏ,
ਮੂਰਖਾਂ ਨੇ ਗੁਰੂ ਹੁੰਦੇ ਢਾਹ ਲਿਆ ਹੌਸਲਾ।

ਡਟੇ ਰਹੇ ਮਜ ?ਬ ਦੇ ਪੱਕੇ ਮਰ ਜੀਵੜੇ,
ਦੇਸ ਕੌਮ ਧਰਮ ਲਈ ਦਿੱਤਾ ਖ਼ੂਨ ਡੋਲ ਜੀ।
ਚਾਰੇ ਬਾਬੇ ਸਜ ਧਜ ਚੱਲ ਪਏ ਗੁਰਾਂ ਦੇ ਲਾਲ,
ਵੈਰੀਆਂ ਦੇ ਪੈਣ ਲੱਗੇ ਦੇਖ ਦੇਖ ਹੌਲ ਜੀ।

ਬਿਉਂਤ ਗੁਰੂ ਪਿਤਾ ਨੇ, ਡਾਢੀ ਸੀ ਤਿਆਰ ਕੀਤੀ,
ਨਹੀਂ ਸੀ ਅਸਾਨ 10 ਲੱਖ ਵਿੱਚੋਂ ਲੰਘਣਾ।
ਭੁੱਲ ਤੇ ਭੁਲੇਖੇ ਨਾਲ ਸਾਹਮਣੇ ਜੋ ਆ ਜਾਂਦਾ,
ਸਿੰਘਾਂ ਕੋਲੋਂ ਮਾਰ ਖਾ ਕੇ ਪਾਣੀ ਨਹੀਂ ਸੀ ਮੰਗਣਾ।

ਛੱਡਿਆ ਆਨੰਦਪੁਰ ਚਾਵਾਂ ਨਾ ਬਣਾਏ ਕਿਲੇ,
ਮੋਹ ਦਾ ਤਿਆਗ ਸਾਨੂੰ ਕਰਨਾ ਸਿਖਾ ਗਏ।
ਸਾਰੀ ਜਿੰਦ ਚੱਲੀ ਜਾਂਦੀ ਮਾਇਆ ਦੇ ਝਮੇਲਿਆਂ ’ਚ
ਮੇਰੇ ਜਿਹੇ ਮੂਰਖਾਂ ਨੂੰ ਰਸਤਾ ਦਿਖਾ ਗਏ।

6 ਪੋਹ ਦੀ ਧੁੰਦ ਅਤੇ ਕਾਲੀ ਬੋਲੀ ਰਾਤ ਸੀ,
ਸਤਿਗੁਰਾਂ ਤਿੰਨ ਹਿੱਸੇ ਕੀਤਾ ਪਰਿਵਾਰ ਐ।
ਆਕਾਸ ਵਿੱਚ ਸੁਰ ਤੇ ਅਸੁਰ ਖਲੋ ਗਏ,
ਧਰਤੀ ਤੇ ਵੇਖਣ ਲਈ ਸਾਰਾ ਸੰਸਾਰ ਹੈ ਐ।

ਸਤਿਗੁਰੂ ਜਾਣਦੇ ਐ ਚਾਲ ਮਾੜੇ ਵੈਰੀ ਦੀ,
ਬੜੇ ਦਗੇਬਾਜ ਧੋਖੇਬਾਜ਼ ਮਾੜੇ ਲੋਕ ਨੇ।
ਕਰ ਜਾਣ ਦਗਾ ਗਊ ਕਸਮ ਕੁਰਾਨ ਖਾ ਕੇ,
ਆਪਣੇ ਹੀ ਭਲੇ ਦੀ ਇਹ ਗੱਲ ਦਿੰਦੇ ਟੋਕ ਨੇ।

ਅੱਗੇ ਲੱਗਾ ਉਦੇ ਸਿੰਘ ਸੌ ਸਿੰਘ ਨਾਲ ਲੈ ਕੇ,
ਵੈਰੀ ਦੀਆਂ ਬਾੜੀਆਂ ਉਹ ਪਾਉਣ ਲਈ ਤਿਆਰ ਨੇ।
ਅਜੀਤ ਸਿੰਘ ਬੁੱਢਾ ਸਿੰਘ ਪਿਛੇ ਲੱਗ ਤੁਰੇ ਆਉਂਦੇ,
ਵੈਰੀ ਨੂੰ ਖਦੇੜਨ ਲਈ ਬੜੇ ਹੁਸ਼ਿਆਰ ਨੇ।

ਜੈਤਾ ਮਾਈ ਭਿੱਖਾਂ ਸੌ ਸਿੰਘਾਂ ਦੇ ਸਮੇਤ ਚੱਲੇ,
ਸੱਜੇ ਖੱਬੇ ਵੈਰੀ ਦੀਆਂ ਸਫਾਵਾਂ ਵਿਛਾਉਣ ਲਈ।
ਇਸ ਰਣ ਨੀਤੀ ਨਾਲ ਛੱਡਿਆ ਸੀ ਕਿਲਾ ਅੱਜ,
ਤਿਆਰ ਬੈਠੇ ਸਰਸਾ ਦੇ ਕੰਢੇ ਡੇਰਾ ਲਾਉਣ ਲਈ।

**ਮੰਗਤ ਸਿੰਘ ਲੌਂਗੋਵਾਲ**
9878809036

## ਮਾਸੂਮ ਜਿੰਦਾਂ

ਵਿੱਚ ਸਰਹੰਦ ਸੂਬੇ ਜ਼ੁਲਮ ਕਮਾਇਆ ਸੀ।
ਨਿੱਕੇ ਨਿੱਕੇ ਬੱਚਿਆਂ ਨੇਂ ਮੌਤ ਨੂੰ ਵਿਆਹਿਆ ਸੀ।
ਕਿਥੇ ਤੇਰਾ ਰੱਬਾ ਓਦੋਂ ਗਿਆ ਸੀ ਕਾਨੂੰਨ।
ਤੁਰ ਗਈਆਂ ਜ਼ਿੰਦਾ ਦੋ ਜਹਾਨ ਚੋਂ ਮਾਸੂਮ।

ਵਕਤਾਂ ਦੇ ਹਾਕਮਾਂ ਨੇਂ ਕਸਰਾਂ ਨਹੀਂ ਛੱਡੀਆਂ।
ਸੂਰਮੇਂ ਝੁਕੇ ਨਾਂ ਭਾਵੇਂ ਧੋਣਾਂ ਗਈਆਂ ਵੱਡੀਆਂ।
ਸ਼ਹਾਦਤਾਂ ਦੇ ਵਾਲਾ ਸਿਰ ਚੜ੍ਹਿਆ ਜਨੂੰਨ।
ਤੁਰ ਗਈਆਂ ਜ਼ਿੰਦਾ ਦੋ ਜਹਾਨ ’ਚੋਂ ਮਾਸੂਮ।

ਉਮਰ ਨਿਆਣੀ ਚ ਵਡੇਰੇ ਦੁੱਖ ਸਹੇ ਨੇਂ।
ਜੂਝਦੇ ਮੈਦਾਨਾਂ ਚ ਅਖੀਰ ਤੱਕ ਰਹੇ ਨੇਂ।
ਸੁਣ ਕੁਰਬਾਨੀਆਂ ਨੂੰ ਖੌਲਦਾ ਏ ਖ਼ੂਨ।
ਤੁਰ ਗਈਆਂ ਜ਼ਿੰਦਾ ਦੋ ਜਹਾਨ ’ਚੋਂ ਮਾਸੂਮ।

ਖਾਇਆ ਨਾਂ ਤਰਸ ਖ਼ੂਨ ਧਰਤੀ ’ਤੇ ਡੋਲਤੇ।
ਬਿਨਾਂ ਹੀ ਕਸੂਰੋਂ ਹੀਰੇ ਮਿੱਟੀ ਵਿੱਚ ਰੋਲਤੇ।
ਕਹਿਰ ਵਰਤਾ ਕੇ ਕਿੰਝ ਮਿਲਿਆ ਸਕੂਨ।
ਤੁਰ ਗਈਆਂ ਜ਼ਿੰਦਾ ਦੋ ਜਹਾਨ ’ਚੋਂ ਮਾਸੂਮ।

‘ਖਾਨਾਂ’ ਸਦਾ ਰਹਿਣੀਆਂ ਨੇਂ ਓਹਨਾਂ ਦੀ ਨਿਸ਼ਾਨੀਆਂ।
ਅੰਬਰਾਂ ਦੀ ਹਿੱਕ ਤੇ ਗਏ ਲਿਖ ਕੁਰਬਾਨੀਆਂ।
‘ਕਾਮੀ ਵਾਲੇ’ ਚੇਤੇ ਰੱਖਿਓ, ਚਿਹਰੇ ਮਜ਼ਲੂਮ।
ਤੁਰ ਗਈਆਂ ਜ਼ਿੰਦਾ ਦੋ ਜਹਾਨ ’ਚੋਂ ਮਾਸੂਮ।

**ਸ਼ੁਕਰ ਦੀਨ ਕਾਮੀਂ ਖੁਰਦ**
9592384393

## ਤੇਈ ਚੌਵੀ ਦਾ ਫਰਕ

ਲਉ ਜੀ, ਦਿਨ ਦਿਨ ਕਰ ਕੇ ਲੰਘ ਚੱਲਿਆ ਹੈ ਤੇਈ ,
ਮਹਿੰਗਾਈ, ਬੇਰੁਜ਼ਗਾਰੀ ਨੇ ਸਭ ਦੀ ਕੀਤੀ ਏਹੀ ਤੇਹੀ।

ਹਾਹਾਕਾਰ ਹੈ ਸੜਕਾਂ ਉੱਤੇ ਬਾਹਲੀ ਨਵੇਂ ਕਨੂੰਨਾਂ ਵਾਲੀ,
ਲੋਕਾਂ ਨੂੰ ਬੱਸ ਯਾਦ ਆ ਗਿਆ ਸੰਨ ਉੱਨੀ ਸੌ ਸੰਤਾਲ਼ੀ।

ਮੇਰੇ ਦੇਸ਼ ਦੇ ਕਨੂੰਨ ਘਾੜਿਉ ਤਰਸ ਕਰੋ ਜਰਾ ਇੱਥੇ।
ਵੱਸਦੇ ਰਹਿਣ ਦਿਉ ਜਨਤਾ ਤਾਂਈ ਵਸਦੀ ਜਿੱਥੇ ਜਿੱਥੇ।

ਆਉ ਰਲਕੇ ਸਵਾਗਤ ਕਰੀਏ ਨਵਾਂ ਸਾਲ ਵੀਹ ਚੌਵੀ,
ਅਮਨ-ਸ਼ਾਂਤੀ ਦਾ ਮੀਂਹ ਵਰਸੇ ਜੱਗ ਵਸੇ ਦੁੱਖ ਨਾ ਹੋਵੀ!

**ਸੇਵਾ ਸਿੰਘ ‘ਨੂਰਪੁਰੀ’**

## ਇਤਿਹਾਸ

ਸਿੱਖ ਕੌਮ ਹੁਣ ਵੇਚ ਕੇ ਘੋੜੇ ਸੌਂਦੀ ਵੇਖੀ ਗਈ
ਟੋਡਰ ਮੱਲ ਦੀ ਸ਼ਾਨ ਹਵੇਲੀ ਰੌਂਦੀ ਵੇਖੀ ਗਈ
ਸਭ ਤੋਂ ਮਹਿੰਗੀ ਜਗ੍ਹਾ ਖਰੀਦੀ ਪੰਥ ਦੇ ਲਾਲਾਂ ਲਈ
ਢਹਿ ਢੇਰੀ ਓਹਦੀ ਛੱਤ ਤਰਸਦੀ ਫਿਰੇ ਸੰਭਾਲਾਂ ਲਈ
ਮੁਗਲ ਜਿਨ੍ਹਾਂ ਨੂੰ ਜਿੱਤ ਨਾ ਸਕੇ ਉਹ ਕਿਲੇ ਗੁਆ ਲਏ ਨੇ
ਕਾਰ ਸੇਵਾ ਦੇ ਨਾਂ ਇਤਿਹਾਸ ਸਥਾਨ ਹੀ ਢਾਹ ਲਏ ਨੇ

ਜਿਨ੍ਹਾਂ ਮਜ੍ਹਬੀਆਂ ਸਿੰਘਾਂ ਪੰਥ ਤੋਂ ਟੱਬਰ ਵਾਰੇ ਨੇ
ਹੁਣ ਡੇਰਿਆਂ ਵਿੱਚ ਟੱਕਰਾਂ ਖਾਂਦੇ ਫਿਰਨ ਵਿਚਾਰੇ ਨੇ
ਜਾਤ ਪਾਤ ਦਾ ਪਾੜ੍ਹਾ ਗੁਰੂ ਨੇ ਕਿੱਥੇ ਰੱਖਿਆ ਸੀ
ਇੱਕ ਖੰਡੇ ਬਾਟੇ ਚੋਂ ਸਭ ਨੇ ਅੰਮ੍ਰਿਤ ਛਕਿਆ ਸੀ
ਇੱਕ ਪਿੰਡ ਵਿੱਚ ਕਈਂ ਕਈਂ ਹੁਣ ਗੁਰੂ ਘਰ ਦੀਆਂ ਹੱਟਾਂ ਨੇ
ਕੁੱਲ ਮਿਲਾ ਗੂਰੂ ਘਰਾਂ ਤੇ ਕਬਜੇ ਕਰ ਲਏ ਜੱਟਾਂ ਨੇ

ਵਿਆਹ ਵਿੱਚ ਕੁੜੀਆਂ ਆਉਣ ਸਪੈਸ਼ਲ ਦਾਰੂ ਵੰਡਣ ਲਈ
ਨਵੀਂ ਪੀੜ੍ਹੀ ਕਿੱਧਰ ਨੂੰ ਚੱਲੀ ਟੌਪਿਕ ਪੈਗ ਲਾ ਕੇ ਭੰਡਣ ਲਈ
ਨੱਚਣ ਵਾਲੀਆਂ ਤੇ ਤਾਂ ਗੱਥੀਆਂ ਨੋਟ ਵਾਰਦੇ ਨੇ
ਪਾਠੀ ਸਿੰਘ ਦੀ ਵਾਰੀ ਖੌਰੇ ਕਿਉਂ ਚੀਕ ਮਾਰਦੇ ਨੇ
ਭਾਈ ਲਾਲੋ ਕੋਈ ਵਿਰਲਾ ਸਾਰੇ ਸੱਜਣ ਠੱਗ ਬਣੇ
ਸਿੱਖੀ ਦੇ ਹੀ ਦੁਸ਼ਮਣ ਬਾਬਾ ਬੰਨ੍ਹ ਕੇ ਪੱਗ ਬਣੇ

ਬਖਸ਼ ਸੋਝੀਆਂ ਤੂੰ ਹੀ ਕੋਈ ਕਰਤਾਰ ਇਹ ਸਿੱਖਾਂ ਨੂੰ
ਸਾਂਭ ਲੈਣ ਕਿਰਦਾਰ ਮਿਲਿਆ ਸਰਦਾਰ ਇਹ ਸਿੱਖਾਂ ਨੂੰ
ਦੋ ਪਰਸੈਂਟ ਨੇ ਕੁੱਲ ਦੁਨੀਆਂ ਵਿੱਚ ਧਾਕ ਜਮਾਉਣ ਵਾਲੇ
ਸਿੱਖੀ ਭੁੱਲਦੇ ਜਾਣ ਸਿੱਖੀ ਪਹਿਚਾਣ ਬਣਾਉਣ ਵਾਲੇ
ਹਰੀਸ਼ ਗੱਦਾਰ ਬੰਦਿਆਂ ਨੂੰ ਕਿਤੇ ਮਿਲਦੀ ਢੋਈ ਨਹੀਂ
ਫਿਰ ਰਾਜ ਕਰੇਗਾ ਖਾਲਸਾ ਆਕੀ ਰਹਿਣਾ ਕੋਈ ਨਹੀਂ

**ਹਰੀਸ਼ ਪਟਿਆਲਵੀ**

## ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਕਹੇ ਔਰੰਗਾ ਗੁਰੂ ਸਿੱਖਾਂ ਦਾ ਫੜ੍ਹਕੇ ਲੈ ਆਵੋ।
ਮੁੱਠੀ ਭਰ ਸਿੰਘਾਂ ਦੇ ਨਾਲ਼ ਜਾਂ ਲੜਕੇ ਲੈ ਆਵੋ।
ਇੱਕ ਪਠਾਣ ਨੇ ਗੱਲ ਛੇੜੀ ਉਹ ਲੜਨਾ ਜਾਣਦੇ ਨੇ।
ਪਿੱਛੇ ਨਹੀਂ ਮੁੜਦੇ ਪਰ ਲੜਕੇ ਮਰਨਾ ਜਾਣਦੇ ਨੇ।
ਓਹਦੇ ਬਾਜ ਤਾਂ ਸੁੱਟ ਲੈਂਦੇ ਵੱਡਿਆਂ ਸਿਆਰਾਂ ਨੂੰ।
ਐਸਾ ਅੰਮ੍ਰਿਤ ਉਹ ਛਕਾਗੇ ਨੇ ਸਰਦਾਰਾਂ ਨੂੰ।
ਅਸੀਂ ਹਰਾ ਨਹੀਂ ਸਕਦੇ ਉਸਦੇ ਪੰਜ ਕਕਾਰਾ ਨੂੰ।

ਜਾ ਮੁਖਬਰੋ ਕਹੋ ਸੂਬੇ ਨੂੰ ਟੋਲਣ ਲਾਲਾਂ ਨੂੰ।
ਨੀਹਾਂ ਵਿੱਚ ਚਿਣਾ ਦਿਓ ਫੜ੍ਹਕੇ ਨਿੱਕੇ ਬਾਲਾਂ ਨੂੰ।
ਮੁਖ਼ਬਰ ਆਖੇ ਸੂਬੇ ਨੂੰ ਲਲਕਾਰ ਕੇ ਕਹਿੰਦੇ ਸੀ।
ਨੀਹਾਂ ਵਿੱਚ ਖਲੋਕੇ ਵੀ ਕੋਈ ਦਾਬ ਨਾ ਸਹਿੰਦੇ ਸੀ।
ਲਾਉਂਦੇ ਸੀ ਜੈਕਾਰਾ ਚਿਣ ਰਹੇ ਜਦੋਂ ਦੀਵਾਰਾਂ ਨੂੰ।
ਐਸਾ ਅੰਮ੍ਰਿਤ ਉਹ ਛਕਾਗੇ ਨੇ ਸਰਦਾਰਾਂ ਨੂੰ।
ਅਸੀਂ ਹਰਾ ਨਹੀਂ ਸਕਦੇ ਉਸਦੇ ਪੰਜ ਕਕਾਰਾ ਨੂੰ।

ਲੱਖਾਂ ਵਿੱਚੋਂ ਕਿਵੇਂ ਉਹ ਤਾੜੀ ਮਾਰਕੇ ਲੰਘ ਗਏ।
ਬਾਈ ਧਾਰਿਆਂ ਨੂੰ ਕਿਦਾਂ ਲਲਕਾਰ ਕੇ ਲੰਘ ਗਏ।
ਇੱਕ ਸਿਪਾਹੀ ਕਹਿੰਦਾ ਅੱਖ ਅਸਮਾਨ ਚ ਗੱਡ ਨੇ।
ਫੇਰ ਤਰਕਸ ਦੇ ਵਿੱਚੋਂ ਤੀਰ ਨੂੰ ਕਸਕੇ ਛੱਡ ਨੇ।
ਮੱਥੇ ਦੇ ਵਿੱਚ ਤੀਰ ਬਖਸ਼ ਗਏ ਸਿਪਾਸਲਾਰਾਂ ਨੂੰ।
ਐਸਾ ਅੰਮ੍ਰਿਤ ਉਹ ਛਕਾਗੇ ਨੇ ਸਰਦਾਰਾਂ ਨੂੰ।
ਅਸੀਂ ਹਰਾ ਨਹੀਂ ਸਕਦੇ ਉਸਦੇ ਪੰਜ ਕਕਾਰਾ ਨੂੰ।

ਤਿੱਖੇ ਆਰੇ ਤਨ ਤੇ ਅਸੀਂ ਚਲਾਕੇ ਵੇਖ ਲਏ।
ਚਰਖੜੀਆਂ ਦੇ ਉੱਤੇ ਅਸੀਂ ਚੜ੍ਹਾਕੇ ਵੇਖ ਲਏ।
ਤੱਤੀਆਂ ਤਵੀਆਂ ਉੱਤੇ ਵੀ ਬਿਠਾਕੇ ਵੇਖ ਲਏ।
ਦੇਗਾਂ ਦੇ ਵਿੱਚ ਰੇਤੇ ਤੱਤੇ ਪਾਕੇ ਵੇਖ ਲਏ।
ਹਰ ਢੰਗ ਹਰ ਜੁਲਮ ਸਿਤਮ ਅਜਮਾਕੇ ਵੇਖ ਲਏ।
ਦੂਣੇ ਫੇਰ ਹੋ ਜਾਂਦੇ ਅਸੀਂ ਮੁਕਾਕੇ ਵੇਖ ਲਏ।
ਨੀਲੇ ਬਾਣੇ ਫੇਰਤੋਂ ਬੰਨ੍ਹ ਲੈਂਦੇ ਦਸਤਾਰਾਂ ਨੂੰ।
ਐਸਾ ਅੰਮ੍ਰਿਤ ਉਹ ਛਕਾਗੇ ਨੇ ਸਰਦਾਰਾਂ ਨੂੰ।
ਅਸੀਂ ਹਰਾ ਨਹੀਂ ਸਕਦੇ ਉਸਦੇ ਪੰਜ ਕਕਾਰਾ ਨੂੰ।

ਲੈ ਬਈ ਮੁਗਲ ਰਾਜ ਦੀ ਨੀਂਹ ਹਿਲਾਕੇ ਛੱਡਣਗੇ।
ਖੰਡੇ ਤੇਗਾਂ ਵਾਲ਼ੇ ਹੱਥ ਵਿਖਾਕੇ ਛੱਡਣਗੇ।
ਜੁਝਣਗੇ ਰਣ ਵਿੱਚ ਭਾਜੜਾਂ ਪਾਕੇ ਛੱਡਣਗੇ।
ਲਗਦੈ ਸਾਨੂੰ ਹੁਣ ਤਾਂ ਸਬਕ ਸਖਾਕੇ ਛੱਡਣਗੇ।
ਢਾਡੀ ਗਾਉਂਦੇ ਧੰਨਿਆਂ ਓਏ ਯੋਧਿਆਂ ਦੀਆਂ ਵਾਰਾਂ ਨੂੰ।
ਐਸਾ ਅੰਮ੍ਰਿਤ ਉਹ ਛਕਾਗੇ ਨੇ ਸਰਦਾਰਾਂ ਨੂੰ।
ਅਸੀਂ ਹਰਾ ਨਹੀਂ ਸਕਦੇ ਉਸਦੇ ਪੰਜ ਕਕਾਰਾ ਨੂੰ।

**ਧੰਨਾ ਧਾਲੀਵਾਲ**
9878235714

## ਦਸਮੇਸ਼ ਪਿਤਾ



ਵੇਲਾ ਸੀਰਾਤ ਅੰਧੇਰੀ ਦਾ, ਤੇ ਬੜਾ ਜ਼ੋਰ ਸੀ ਪਾਲੇ ਦਾ।
ਸੰਗਤ ਜੀ ਪਰਉਪਕਾਰ ਸੁਣੋ, ਕਲਗੀਧਰ ਬਾਜਾਂ ਵਾਲੇ ਦਾ।
ਘੇਰਾ ਸੀ ਪਿਆ ਹਵੇਲੀ ਨੂੰ, ਭਾਵੇਂ ਦੁਸ਼ਮਣ ਦਲ ਭਾਰੇ ਦਾ।
ਨਿਕਲੇ ਬਾਹਰ ਦਸ਼ਮੇਸ਼ ਪਿਤਾ, ਮਨ ਕਹਿਣਾ ਪੰਥਣ ਪਿਆਰੇ ਦਾ।

ਵੈਰੀ ਨੂੰ ਤਾੜੀ ਮਾਰ ਕਿਹਾ, ਆਵੋ ਜੋ ਕੋਈ ਲੜ ਸਕਦਾ।
ਮੋਢੀ ਦਾ ਰਿਹਾ ਬਗਾਵਤ ਦਾ, ਫੜ ਲਵੋ ਜੇ ਕੋਈ ਫੜ ਸਕਦਾ।
ਰੌਲਾ ਪੈ ਗਿਆ ਚੁਫੇਰੇ ਸੀ, ਪਰ ਸਾਹਵੇਂ ਆਇਆ ਕੋਈ ਨਾ।
ਦੁਨੀਆ ਵਿਚ ਸ਼ਾਹੀ ਤਾਕਤ ਨੂੰ, ਇਉਂ ਹਾਰ ਕਦੇ ਵੀ ਹੋਈ ਨਾ।

ਨਾ ਪੇਸ਼ ਗਈ ਸੀ ਕੋਈ ਵੀ, ਜ਼ਾਬਰ ਦੁਸ਼ਮਣ ਹੰਕਾਰੇ ਦੀ।
ਨਿਕਲ ਗਏ ਲਹਿੰਦੇ ਪਾਸੇ ਨੂੰ, ਸੀ ਸੇਧ ਚਮਕਦੇ ਤਾਰੇ ਦੀ।
ਨੇੜੇ ਵਿਚ ਰਾਹ ਕੋਈ ਦਿਸਦਾ ਨਾ, ਜੰਗਲ ਸੀ ਮਾਛੀਵਾੜੇ ਦਾ।
ਤੁਰਿਆ ਜਾਂਦਾ ਜਰਨੈਲ ਸੂਰਮਾ, ਧਰਮ ਯੁੱਧ ਦੇ ਖਾੜੇ ਦਾ।

ਸਰਸਾ ਤੇ ਦੁੱਖ ਸਹਾਰ ਲਿਆ, ਪਰਿਵਾਰ ਦੇ ਪਏ ਵਿਛੋੜੇ ਦਾ।
ਰਣ ਵਿਚ ਜੂਝਣਾ ਵੇਖ ਲਿਆ, ਵੱਡਿਆਂ ਲਾਲਾਂ ਦੀ ਜੋੜੇ ਦਾ।
ਵਾਹ ਵਾਹ ਦਾਤਾ ਦਸ਼ਮੇਸ਼ ਪਿਤਾ, ਤੇਰੇ ਵੀ ਚੋਜ਼ ਨਿਆਰੇ ਨੇ।
ਸੁੱਖ ਰਾਜ ਭਾਗ ਦੇ ਸਾਰੇ ਤੈਂ, ਮਜ਼ਲੂਮਾਂ ਤੋਂ ਦੀ ਵਾਰੇ ਨੇ।

ਅੱਜ ਕੀਤਾ ਭੇਸ ਫਕੀਰਾਂ ਦਾ, ਇਸ ਭਾਰਤ ਦੇ ਰਖਵਾਲੇ ਨੇ।
ਕੋਮਲ ਪੈਰਾਂ ਵਿਚ ਜੋੜਾ ਨਾ, ਤਲੀਆਂ ਤੇ ਪੈ ਗਏ ਛਾਲੇ ਨੇ।
ਘਰ ਘਾਟ ਰਿਹਾ ਨਾ ਕੋਈ ਵੀ, ਹੱਦ ਹੋ ਗਈ ਸੀ ਬਰਬਾਦੀ ਦੀ।
ਪਰ ਹੋਈ ਇਸ ਬਰਬਾਦੀ ’ਚੋਂ, ਪੈਂਦੀ ਸੀ ਝਲਕ ਆਜ਼ਾਦੀ ਦੀ।

ਬਾਗ਼ੀ ਹੋਣਾ ਮਨਜ਼ੂਰ ਕਰ ਲਿਆ, ਵੈਰੀ ਬੇਦਰਦ ਜ਼ਮਾਨੇ ਤੋਂ।
ਅੱਜ ਝਾੜ ਝਾੜ ਵੀ ਵੈਰੀ ਆ, ਪਰ ਥਿੜਕੈ ਨਹੀਂ ਨਿਸ਼ਾਨੇ ਤੋਂ।
ਦਿਲ ਡੋਲੇ ਵੱਡਿਆਂ ਵੱਡਿਆਂ ਦੇ, ਦੁੱਖਾਂ ਦੇ ਝੱਖੜ ਜਦੋਂ ਵਗੇ।
ਪਰ ਕਲਗੀਧਰ ਦੇ ਚਿਹਰੇ ’ਤੇ, ਪੂਰਨ ਆਸਾ ਦੀ ਜੋਤ ਜਗੇ।

ਦੱਸ ਗਏ ਦੁਨੀਆ ਨੂੰ ਧਰਮ ਲਈ, ਸਰਬੰਸ ਕਿਸ ਤਰ੍ਹਾਂ ਵਾਰੀ ਦਾ।
ਵਸਦਾ ਘਰ ਵਾਰ ਲੁਟਾਕੇ ਵੀ, ਮਾਲਕ ਦਾ ਸ਼ੁਕਰ ਗੁਜਾਰੀ ਦਾ।
ਢਲ ਚੱਲੀ ਅੱਧੀ ਰਾਤ ਜਦੋਂ, ਚੁੱਪ ਛਾਈ ਸਮੇਂ ਡਰਾਉਣੇ ਤੇ।
ਧਰ ਕੇ ਤੇ ਟਿੰਡ ਸਿਰਾਣੇ ਨੂੰ, ਰੋੜਾਂ ਦੇ ਪਏ ਵਿਛਾਉਣੇ ਤੇ।

ਜਜ਼ਬੇ ਸਨ ਦੇਸ਼ ਭਲਾਈ ਦੇ, ਦਿਲ ਵਿਚ ਸਤਿਕਾਰ ਸ਼ਹੀਦਾਂ ਦਾ।
ਹੈ ਕਹਿਣਾ ਮਿੱਤਰ ਪਿਆਰੇ ਨੂੰ, ਜੀ ਸਾਡਾ ਹਾਲ ਮੁਰੀਦਾਂ ਦਾ।
ਜ਼ਿੰਦਗੀ ਭਰ ਲੜਿਆ ਸੱਚ ਲਈ, ਦਰਦੀ ਪਰਜਾ ਦੁਖਿਆਰੀ ਦਾ।
ਬਲਵੰਤ ਕਵੀਸ਼ਰ ਜਸ ਗਾਵੇ, ਦਸਵੇਂ ਗੁਰ ਪਰਉਪਕਾਰੀ ਦਾ।

**ਕਵੀਸ਼ਰ ਬਲਵੰਤ ਸਿੰਘ ਧਮਾਲ**

## ਪੋਹ ਦਾ ਮਹੀਨਾ

ਲਿਖ ਨਾ ਸਕਦੀ ਕਾਨੀ ਮੇਰੀ, ਬਲ਼ ਉਠਦਾ ਹੈ ਸੀਨਾ।
ਸਮੇਂ-ਸਮੇਂ ਤੇ ਚੇਤੇ ਆਵੇ, ਪੋਹ ਦਾ ‘ਉਹੀ’ ਮਹੀਨਾ।
ਕੀ ਆਖਾਂ ਦਸ਼ਮੇਸ਼ ਪਿਤਾ ਨੇ, ਕਿੰਨੇ ਸਿਤਮ ਸਹਾਰੇ।
ਜਿਗਰ ਦੇ ਟੋਟੇ ਜਿਸਨੇ ਆਪਣੇ, ਦੇਸ਼-ਕੌਮ ਤੋਂ ਵਾਰੇ।
ਛੇ ਪੋਹ ਦੀ ਉਸ ਰਾਤ ਗੁਰੂ ਜੀ, ਆਨੰਦਪੁਰ ਤੋਂ ਚੱਲੇ।
ਤੋੜ ਕੇ ਕਸਮਾਂ, ਪਾ ਕੇ ਘੇਰਾ, ਮੁਗ਼ਲਾਂ ਕੀਤੇ ਹੱਲੇ।
ਠਿਲ੍ਹ ਪਏ ਸਰਸਾ ਨਦੀ ’ਚ ਤੇ, ਪਰਿਵਾਰ ਵਿਛੜਿਆ ਸਾਰਾ।
ਗੜ੍ਹੀ ਕੱਚੀ ਚਮਕੌਰ ਪਹੁੰਚ ਕੇ, ਸਤਿਗੁਰ ਕੀਤਾ ਉਤਾਰਾ।
ਵੱਡੇ ਪੁੱਤਰਾਂ ਤੇ ਸਿੰਘਾਂ, ਚਮਕੌਰ ਸ਼ਹੀਦੀ ਪਾਈ।
ਦੋ ਛੋਟਿਆਂ ਸਰਹਿੰਦ ਦੀ ਨੀਂਹ ਵਿੱਚ, ਅੰਤਿਮ ਫ਼ਤਹਿ ਬੁਲਾਈ।
ਮਾਛੀਵਾੜੇ ਜੰਗਲ ਵਿੱਚ ਸੀ, ਇੱਟ ਦਾ ਲਾਇਆ ਸਿਰ੍ਹਾਣਾ।
ਵਾਰ ਦਿੱਤਾ ਸਰਬੰਸ ਸਾਰਾ, ਤੇ ਰੱਬ ਦਾ ਮੰਨਿਆ ਭਾਣਾ।
ਪੋਹ ਦੇ ‘ਓਸ’ ਮਹੀਨੇ ਦੀ ਹੈ, ਗਾਥਾ ਦਰਦ-ਰੰਞਾਣੀ।
ਵਾਰ ਕੇ ਪੰਜ ਜੀਅ, ਗੁਰੂ ਪਿਤਾ ਦੇ, ਅੱਖੋਂ ਨਾ ਡਿੱਗਿਆ ਪਾਣੀ।
ਕਲਗੀ ਵਾਲ਼ੇ ਸਤਿਗੁਰ ਦੱਸਿਆ, ਚੱਲਣਾ ‘ਹੁਕਮ ਰਜਾਈ’।
ਨਾਲ਼ ਅਣਖ ਦੇ ਜੀਣ-ਮਰਨ ਦੀ, ਸਾਨੂੰ ਜਾਚ ਸਿਖਾਈ।

**-ਪ੍ਰੋ. ਨਵ ਸੰਗੀਤ ਸਿੰਘ**
9417692015

# ਅਕਾਲੀ ਦਲ ਦੇ ਪ੍ਰਧਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੰਗੀ ਮਾਫ਼ੀ ਹੈ ਸ਼ਾਤਰ ਚਾਲ

ਪ੍ਰੋ. ਸਰਚਾਂਦ ਸਿੰਘ ਖਿਆਲਾ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਆਪਣੇ 'ਤੇ 'ਤਨਖ਼ਾਹੀਆ' ਦਾ ਲੇਬਲ ਲੱਗੇ ਬਿਨਾਂ 'ਭੁੱਲਾਂ' ਤੋਂ ਸੁਰਖਰੂ ਹੋਣਾ ਚਾਹੁੰਦੇ ਜਾਪਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹੀਆ ਕਰਾਰ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਪ੍ਰਧਾਨਗੀ ਤੋਂ ਹੱਥ ਧੋਣਾ ਪੈ ਸਕਦਾ ਹੈ। ਉਨ੍ਹਾਂ ਵੱਲੋਂ ਅਕਾਲੀ ਦਲ ਦੇ 103ਵੇਂ ਸਥਾਪਨਾ ਦਿਵਸ ਮੌਕੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ 'ਬਿਰਾਜਮਾਨ' ਹੋ ਕੇ 'ਜਾਣੇ-ਅਣਜਾਣੇ' ਕਿਸੇ ਦਾ 'ਦਿਲ' ਦੁਖਾਉਣ 'ਤੇ ਮਾਫ਼ੀ ਮੰਗਣ ਦੀ ਇਹ ਘੱਟੋ-ਘੱਟ ਤੀਜੀ ਘਟਨਾ ਸੀ। ਇਸ ਤੋਂ ਪਹਿਲਾਂ ਬਾਦਲਾਂ ਦਾ ਪਰਿਵਾਰ ਦਸੰਬਰ 2018 ਨੂੰ 'ਨਾ ਦੱਸਣਯੋਗ ਭੁੱਲਾਂ' ਲਈ ਇਸੇ ਹੀ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਅਸਥਾਨ 'ਤੇ ਅਤੇ ਫਿਰ ਇਸੇ ਸਾਲ 4 ਮਈ ਨੂੰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅੰਤਿਮ ਅਰਦਾਸ ਮੌਕੇ ਪੰਥ ਤੋਂ ਮਾਫ਼ੀ ਦੀ ਅਰਜ਼ੋਈ ਕਰ ਚੁੱਕੇ ਹਨ। ਸੁਖਬੀਰ ਸਿੰਘ ਬਾਦਲ ਇਹ ਮਹਿਸੂਸ ਕਰਦੇ ਹਨ ਕਿ 1984 'ਚ ਸ੍ਰੀ ਦਰਬਾਰ ਸਾਹਿਬ 'ਤੇ ਤੋਪਾਂ-ਟੈਂਕਾਂ ਨਾਲ ਹਮਲਾਵਰ ਕਾਂਗਰਸ ਨੂੰ ਪੰਜਾਬ 'ਚ ਸਰਕਾਰ ਬਣਾਉਣ ਦੇ ਤਿੰਨ ਮੌਕੇ ਮਿਲੇ, ਫਿਰ ਇਸੇ ਤਰਜ਼ 'ਤੇ ਉਨ੍ਹਾਂ ਨਾਲ ਕਿਉਂ ਨਹੀਂ ਹੋ ਰਿਹਾ?

ਖ਼ੁਦ ਅਕਾਲੀ ਦਲ ਦਾ ਪ੍ਰਧਾਨ ਪੰਥ ਅਤੇ ਪੰਜਾਬ ਦੀ ਨਬਜ਼ ਨੂੰ ਹਾਲੇ ਵੀ ਨਹੀਂ ਸਮਝ ਸਕਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦਸ ਗੁਰੂ ਸਾਹਿਬਾਨ ਦੀ ਜਾਗਤ ਜੋਤਿ ਸਰੂਪ ਹੈ ਜਿਸ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਗੁਰਿਆਈ ਸੌਂਪੀ ਗਈ। ਇਸ ਵਿਚ ਲਗਾਂ-ਮਾਤਰਾਵਾਂ ਦਾ ਵਾਧ-ਘਾਟ ਕਰਨਾ ਵੀ ਸਿੱਖਾਂ ਨੂੰ ਮਨਜ਼ੂਰ ਨਾ ਹੋਵੇ, ਉੱਥੇ ਇਸ ਸ਼ਬਦ ਗੁਰੂ ਦਾ ਨਿਰਾਦਰ ਸਿੱਖਾਂ ਨੂੰ ਸਭ ਤੋਂ ਵੱਧ ਪੀੜਾ ਦੇਣ ਦਾ ਵਰਤਾਰਾ ਕਿਵੇਂ ਨਾ ਬਣਦਾ? ਇਸ ਮਾਮਲੇ 'ਚ ਹਿੰਸਾ ਪ੍ਰਤੀ ਸਿੱਖ ਪਰੰਪਰਾ ਅਤੇ ਦ੍ਰਿਸ਼ਟੀਕੋਣ ਨੂੰ ਭਾਈ ਨੰਦ ਲਾਲ ਜੀ ਨੇ 'ਤਨਖ਼ਾਹਨਾਮਾ' ਵਿਚ "ਗੁਰ ਕੀ ਨਿੰਦਾ ਸੁਨਹਿ ਨ ਕਾਨ। ਭੇਟਨ ਕਰੈ ਸੰਗਿ ਕਿ ?ਰਪਾਨ" ਰਾਹੀਂ ਤਸਦੀਕ ਕੀਤਾ ਹੈ। ਧਾਰਮਿਕ ਮਾਮਲਿਆਂ ਨੂੰ ਲੈ ਕੇ ਸਿੱਖ ਮਾਨਸਿਕਤਾ ਨੂੰ ਇਸੇ ਸੰਦਰਭ ਵਿਚ ਦੇਖਿਆ ਜਾਣਾ ਚਾਹੀਦਾ ਹੈ। 'ਪੰਥਕ ਸਰਕਾਰ' ਦੌਰਾਨ ਬੇਅਦਬੀਆਂ ਦੇ ਦੋਸ਼ੀਆਂ ਖ਼ਿਲਾਫ਼ ਢੁੱਕਵੀਂ ਕਾਰਵਾਈ ਕਰਨ 'ਚ ਅਸਫਲਤਾ ਨੇ ਸਰਕਾਰ ਪ੍ਰਤੀ ਸਿੱਖਾਂ ਦੇ ਭਰੋਸੇ ਨੂੰ ਖੰਡਿਤ ਕੀਤਾ ਅਤੇ ਸਿੱਖ ਹਿਰਦਿਆਂ ਨੂੰ ਸੱਟ ਮਾਰਨ ਦਾ ਕਾਰਨ ਬਣਿਆ। ਬੇਸ਼ੱਕ ਸਿੱਖੀ ਵਿਚ 'ਖ਼ਿਮਾ' ਦੀ ਬਲਸ਼ਾਲੀ ਪਰੰਪਰਾ ਹੈ। ਗੁਰੂਘਰ 'ਚ ਬਦਲੇ ਦੀ ਕੋਈ ਥਾਂ ਨਹੀਂ। ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ, "ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ।। ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ।।" ਵਾਲਾ ਗੁਰੂ ਜੁਗਤਿ (ਮਾਡਲ) ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਿਰੰਤਰ ਕਾਰਜਸ਼ੀਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵਿਰੋਧੀਆਂ ਲਈ ਇਕ ਚੁਣੌਤੀ ਹੈ ਤਾਂ ਸ਼ਰਨ ਆਇਆਂ ਲਈ ਇਹ ਸਤਿਗੁਰਾਂ ਦਾ ਬਖ਼ਸ਼ਿੰਦ ਦਰ ਹੈ। ਬਤੌਰ ਇਕ ਨਿਮਾਣਾ ਸਿੱਖ ਗੁਰੂ ਅੱਗੇ ਅਰਦਾਸ ਕਰਕੇ ਖ਼ਿਮਾ ਯਾਚਨਾ ਕਰ ਸਕਦਾ ਹੈ ਪਰ ਕਿਸੇ ਪੰਥਕ ਰਵਾਇਤਾਂ ਤੋਂ ਭਲੀਭਾਂਤ ਜਾਣੂ ਨੂੰ ਨਜ਼ਰਅੰਦਾਜ਼ ਕਰ ਕੇ ਅਜਿਹਾ ਨਹੀਂ ਕੀਤਾ ਜਾ ਸਕਦਾ। ਪੰਥ ਤੋਂ ਮਾਫ਼ੀ ਮੰਗਣੀ ਹੈ ਤਾਂ ਰਵਾਇਤ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ 'ਜਾਣੇ-ਅਣਜਾਣੇ' ਦੀ ਨਹੀਂ ਸਗੋਂ ਆਤਮ ਸਮਰਪਣ ਕਰਦਿਆਂ ਸੱਚੇ ਦਿਲ ਨਾਲ 'ਖਤਾ' ਨੂੰ ਸਪਸ਼ਟ ਰੂਪ 'ਚ ਕਬੂਲ ਕਰਨਾ ਪੈਂਦਾ ਹੈ, ਜਥੇਦਾਰ ਵੱਲੋਂ 'ਤਲਬ' ਕਰਨ ਦੀ ਸੂਰਤ ਵਿਚ ਵੀ। ਸੁਖਬੀਰ ਸਿੰਘ ਬਾਦਲ ਜਿਸ ਤਰ੍ਹਾਂ 'ਇਕ ਨਿਮਾਣੇ ਸਿੱਖ' ਵਜੋਂ ਮਾਫ਼ੀ ਦਾ ਤਲਬਗਾਰ ਹੋਇਆ, ਉਸ ਢੰਗ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਹੁਤ ਪਹਿਲਾਂ ਹੀ ਰੱਦ ਕਰ ਚੁੱਕੇ ਹਨ।



ਅਕਾਲੀ ਦਲ ਨੇ ਜੇ ਸਿੱਖ ਪੰਥ 'ਚ ਪਾਰਟੀ ਦਾ ਖੁੱਸਿਆ ਆਧਾਰ ਮੁੜ ਪ੍ਰਾਪਤ ਕਰਨ ਦੀ ਚਾਰਾਜੋਈ ਵਜੋਂ ਸਿੱਖ ਪੰਥ ਤੋਂ ਖ਼ਿਮਾ ਯਾਚਨਾ ਦਾ ਮਨ ਬਣਾ ਹੀ ਲਿਆ ਹੈ ਤਾਂ ਇਸ ਨੂੰ ਪੰਥਕ ਰਵਾਇਤਾਂ ਮੁਤਾਬਕ ਹੀ ਅਮਲ 'ਚ ਲਿਆਉਣ ਦੀ ਲੋੜ ਹੈ। ਤਿਆਗ, ਸੇਵਾ ਭਾਵਨਾ ਤੇ ਪੰਥਕ ਕਿਰਦਾਰ ਨੂੰ ਹਕੀਕੀ ਰੂਪ 'ਚ ਗ੍ਰਹਿਣ ਕੀਤੇ ਬਿਨਾਂ ਸਿੱਖ ਮਨਾਂ ਨੂੰ ਜਿੱਤ ਸਕਣਾ ਅਸੰਭਵ ਹੈ।

ਮਿਸਾਲ ਵਜੋਂ ਸਾਬਕਾ ਜਥੇਦਾਰ ਸ. ਦਰਸ਼ਨ ਸਿੰਘ ਰਾਗੀ ਇਕ ਮਾਮਲੇ 'ਚ ਅਕਾਲ ਤਖ਼ਤ ਵੱਲੋਂ ਤਲਬ ਕੀਤੇ ਜਾਣ 'ਤੇ 5 ਦਸੰਬਰ 2009 ਨੂੰ ਅਕਾਲ ਤਖ਼ਤ ਦੇ ਵਿਹੜੇ 'ਚ ਸਮਰਥਕਾਂ ਨਾਲ ਬੈਠੇ ਰਹੇ ਤੇ ਫਿਰ ਸਿੰਘ ਸਾਹਿਬਾਨ ਕੋਲ ਪੇਸ਼ ਹੋਣ ਦੀ ਥਾਂ ਆਪਣਾ ਪੱਖ ਪ੍ਰਕਾਸ਼ਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਰੱਖ ਕੇ ਚਲੇ ਗਏ। ਇਸ ਵਰਤਾਰੇ ਨੂੰ ਜਥੇਦਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਦੀ ਘੋਰ ਉਲੰਘਣਾ ਕਰਾਰ ਦਿੱਤਾ ਤੇ ਸ. ਰਾਗੀ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ। ਇਸ ਲਈ ਭੁੱਲਾਂ ਦੀ ਖ਼ਿਮਾ ਯਾਚਨਾ ਲਈ ਇਕ ਨਿਮਾਣੇ ਸਿੱਖ ਵਜੋਂ ਪੇਸ਼ ਹੋਣ ਦਾ ਅਰਥ ਵਿਧੀਵਤ ਤਰੀਕੇ ਨਾਲ ਜਥੇਦਾਰ ਜਾਂ ਪੰਜ ਸਿੰਘ ਸਾਹਿਬਾਨ ਸਾਹਮਣੇ ਪੇਸ਼ ਹੋਣ ਦਾ ਹੈ। ਨਹੀਂ ਤਾਂ ਇਹ 'ਆਪ ਦੋਸ਼ੀ ਆਪੇ ਜੱਜ' ਵਾਲੀ ਸਥਿਤੀ 'ਚ ਪੰਥਕ ਰਵਾਇਤਾਂ ਦਾ ਮਜ਼ਾਕ ਹੀ ਸਮਝਿਆ ਜਾਵੇਗਾ। ਇਤਿਹਾਸ ਗਵਾਹ ਹੈ ਕਿ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਅਤੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ 1986 ਦੇ 'ਆਪ੍ਰੇਸ਼ਨ ਬਲੈਕ ਥੰਡਰ' ਲਈ, ਸਾਬਕਾ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ 1984 'ਚ ਸਾਕਾ ਨੀਲਾ ਤਾਰਾ ਵਿਚ ਭੂਮਿਕਾ ਲਈ, ਨਿਹੰਗ ਮੁਖੀ ਬਾਬਾ ਸੰਤਾ ਸਿੰਘ ਸਾਕਾ ਨੀਲਾ ਤਾਰਾ ਦੌਰਾਨ ਨੁਕਸਾਨੇ ਗਏ ਅਕਾਲ ਤਖ਼ਤ ਦੀ ਸਰਕਾਰੀ 'ਕਾਰ ਸੇਵਾ' ਲਈ, ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਜਗਦੇਵ ਸਿੰਘ ਤਲਵੰਡੀ ਨੂੰ ਅਕਾਲੀ ਧੜਿਆਂ 'ਚ ਏਕਤਾ ਬਾਰੇ ਅਕਾਲ ਤਖ਼ਤ ਦੇ ਨਿਰਦੇਸ਼ਾਂ ਦੀ ਉਲੰਘਣਾ ਲਈ ਪਸ਼ਚਾਤਾਪ ਕਰਨ 'ਤੇ ਮਾਫ਼ੀ ਦਿੱਤੀ ਗਈ ਸੀ। ਜਿੱਥੋਂ ਤੱਕ ਸੁਖਬੀਰ ਸਿੰਘ ਬਾਦਲ ਵੱਲੋਂ ਮੰਗੀ ਗਈ ਮਾਫ਼ੀ ਦਾ ਸਵਾਲ ਹੈ, ਇਸ ਪਿੱਛੇ ਉਨ੍ਹਾਂ ਦੀਆਂ ਸਿਆਸੀ ਖ਼ਾਹਿਸ਼ਾਂ ਸਪਸ਼ਟ ਹਨ। "ਅਸੀਂ ਵਾਅਦਾ ਕਰਦੇ ਹਾਂ ਕਿ ਜੋ 'ਅਸਲੀ ਦੋਸ਼ੀ' ਆ ਉਨ੍ਹਾਂ ਨੂੰ ਜੇਲ੍ਹਾਂ 'ਚ ਪਾਵਾਂਗੇ" ਭਾਵ ਦੋਸ਼ੀਆਂ ਨੂੰ ਜੇਲ੍ਹਾਂ 'ਚ ਡੱਕਣ ਲਈ ਸਾਨੂੰ ਸੱਤਾ 'ਚ ਲਿਆਓ।

ਇੱਥੇ ਹੀ ਸਵਾਲ ਉੱਠਦਾ ਹੈ ਕਿ ਇਸੇ ਇਕ ਹੀ ਵਾਕ 'ਚ ਸੁਖਬੀਰ ਸਿੰਘ ਬਾਦਲ ਨੇ ਬਰਗਾੜੀ ਬੇਅਦਬੀ ਲਈ ਵਿਸ਼ੇਸ਼ ਜਾਂਚ ਟੀਮ ਵੱਲੋਂ ਮੁੱਖ ਮੁਲਜ਼ਮ ਤਸੱਵਰ ਕੀਤੇ ਗਏ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਤੇ ਡੇਰੇ ਨਾਲ ਸਬੰਧਤ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਦੋਸ਼ੀਆਂ ਨੂੰ ਸਪਸ਼ਟ ਰੂਪ 'ਚ ਬੇਗੁਨਾਹ ਮੰਨਿਆ ਹੈ ਤਾਂ ਫਿਰ ਕਸੂਰਵਾਰ ਕੌਣ ਹਨ? ਉਸ ਬਾਰੇ ਉਹ ਖ਼ਾਮੋਸ਼ ਕਿਉਂ ਹਨ? ਅਕਾਲੀ ਦਲ ਦੀ ਮੌਜੂਦਾ ਪੇਤਲੀ ਹਾਲਤ ਲਈ 'ਲਮਹੋਂ ਨੇ ਖਤਾ ਕੀ ਸਦੀਓਂ ਨੇ ਸਜ਼ਾ ਪਾਈ' ਵੀ ਨਹੀਂ ਢੁੱਕਦੀ ਕਿਉਂਕਿ ਇਹ ਇਕ ਵਾਰ ਦੀ ਖਤਾ ਨਹੀਂ, ਅਨੇਕਾਂ ਖਤਾਵਾਂ ਨਾਲ ਇਹ ਸ਼ਕਲ ਅਖਤਿਆਰ ਹੋਈ ਹੈ। ਇਹ ਗ਼ਲਤੀਆਂ ਇਸ ਪ੍ਰਕਾਰ ਹਨ : ਕੇਵਲ ਬਰਗਾੜੀ ਬੇਅਦਬੀ ਜਾਂ ਬਹਿਬਲ ਕਲਾਂ ਗੋਲ਼ੀਕਾਂਡ ਰਾਹੀਂ ਦੋ ਸਿੰਘਾਂ ਦੀ ਸ਼ਹੀਦੀ, ਸਿੱਖਾਂ ਦੀ ਨਾਰਾਜ਼ਗੀ 'ਚ ਡੇਰਾ ਮੁਖੀ ਰਾਮ ਰਹੀਮ 'ਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਬਾਰੇ 2007 'ਚ ਦਰਜ ਕੇਸ ਵਾਪਸ ਲੈਣਾ, ਡੇਰਾ ਮੁਖੀ ਨੂੰ ਸਿੱਖ ਭਾਵਨਾਵਾਂ ਵਿਰੁੱਧ ਸਿਆਸੀ ਦਬਾਅ ਪਾਉਂਦਿਆਂ ਸ੍ਰੀ ਅਕਾਲ ਤਖ਼ਤ ਤੋਂ ਮਾਫ਼ੀ ਦਿਵਾਉਣਾ ਤੇ ਉਸ ਦੀ ਫਿਲਮ 'ਮੈਸੰਜਰ ਆਫ ਗੌਡ' ਦਾ ਸਮਰਥਨ ਕਰਨਾ, ਪੰਥਕ ਸਰਕਾਰ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਤੋਂ ਪਾਸਾ ਵੱਟਣਾ, 5 ਦਸੰਬਰ 2009 ਨੂੰ ਨੂਰਮਹਿਲ ਡੇਰੇ ਦੇ ਮੁਖੀ ਆਸ਼ੂਤੋਸ਼ ਵਿਰੁੱਧ ਲੁਧਿਆਣਾ 'ਚ ਸੰਤ ਸਮਾਜ ਦੀ ਅਗਵਾਈ 'ਚ ਰੋਸ ਮਾਰਚ ਕਰ ਰਹੇ ਸਿੱਖਾਂ 'ਤੇ ਪੁਲਿਸ ਦੀ ਅੰਨ੍ਹੇਵਾਹ ਫਾਇਰਿੰਗ 'ਚ ਦਰਸ਼ਨ ਸਿੰਘ ਲੁਹਾਰਾ ਦੀ ਸ਼ਹੀਦੀ ਅਤੇ ਅਨੇਕਾਂ ਨੂੰ ਜ਼ਖ਼ਮੀ ਕਰਨਾ ਆਦਿ। ਅਕਾਲੀ ਦਲ ਨੇ ਜੇ ਸਿੱਖ ਪੰਥ 'ਚ ਪਾਰਟੀ ਦਾ ਖੁੱਸਿਆ ਆਧਾਰ ਮੁੜ ਪ੍ਰਾਪਤ ਕਰਨ ਦੀ ਚਾਰਾਜੋਈ ਵਜੋਂ ਸਿੱਖ ਪੰਥ ਤੋਂ ਖ਼ਿਮਾ ਯਾਚਨਾ ਦਾ ਮਨ ਬਣਾ ਹੀ ਲਿਆ ਹੈ ਤਾਂ ਇਸ ਨੂੰ ਪੰਥਕ ਰਵਾਇਤਾਂ ਮੁਤਾਬਕ ਹੀ ਅਮਲ 'ਚ ਲਿਆਉਣ ਦੀ ਲੋੜ ਹੈ। ਤਿਆਗ, ਸੇਵਾ ਭਾਵਨਾ ਤੇ ਪੰਥਕ ਕਿਰਦਾਰ ਨੂੰ ਹਕੀਕੀ ਰੂਪ 'ਚ ਗ੍ਰਹਿਣ ਕੀਤੇ ਬਿਨਾਂ ਸਿੱਖ ਮਨਾਂ ਨੂੰ ਜਿੱਤ ਸਕਣਾ ਅਸੰਭਵ ਹੈ।

# ਦੂਰ ਦੀ ਗੱਲ ਹੈ ਕਾਂਗਰਸ-'ਆਪ' ਚੋਣ ਸਮਝੌਤਾ

ਪੰਜਾਬ ਕਾਂਗਰਸ ਨੇ ਇਕ ਵਾਰ ਫਿਰ ਆਗਾਮੀ ਲੋਕ ਸਭਾ ਚੋਣਾਂ ਰਾਜ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਨਾਲ ਮਿਲ ਕੇ ਲੜਨ ਤੋਂ ਸਾਫ਼ ਨਾਂਹ ਕਰ ਦਿੱਤੀ ਹੈ। ਵੀਰਵਾਰ ਨੂੰ ਜਗਰਾਵਾਂ ਵਿਚ ਪੰਜਾਬ ਕਾਂਗਰਸ ਵਲੋਂ ਪੰਜ ਵਿਧਾਨ ਸਭਾ ਹਲਕਿਆਂ 'ਤੇ ਅਧਾਰਿਤ ਪ੍ਰਭਾਵਸ਼ਾਲੀ ਰੋਸ ਰੈਲੀ ਕੀਤੀ ਗਈ, ਜਿਸ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਉਪ ਆਗੂ ਰਾਜ ਕੁਮਾਰ ਚੱਬੇਵਾਲ, ਵਿਧਾਇਕ ਪਰਗਟ ਸਿੰਘ, ਸੰਸਦ ਮੈਂਬਰ ਅਮਰ ਸਿੰਘ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂ ਸ਼ਾਮਿਲ ਸਨ। ਇਹ ਰੈਲੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ਼ ਵੱਖ-ਵੱਖ ਜ਼ਿਲ੍ਹਿਆਂ ਵਿਚ ਕੀਤੀ ਗਈ 20ਵੀਂ ਰੈਲੀ ਸੀ। ਇਸ ਵਿਚ ਕਾਂਗਰਸੀ ਆਗੂਆਂ ਵਲੋਂ ਰਾਜ ਵਿਚ ਅਮਨ-ਕਾਨੂੰਨ ਦੀ ਵਿਗੜੀ ਸਥਿਤੀ, ਗੈਂਗਸਟਰਾਂ ਅਤੇ ਫਿਰੌਤੀਆਂ ਵਸੂਲਣ ਵਾਲੇ ਅਪਰਾਧੀਆਂ ਦੀਆਂ ਵਧੀਆਂ ਕਾਰਵਾਈਆਂ, ਰੇਤਾ ਬਜਰੀ ਦੀ ਨਜਾਇਜ਼ ਨਿਕਾਸੀ ਅਤੇ ਭ੍ਰਿਸ਼ਟਾਚਾਰ ਆਦਿ ਦੇ ਮੁੱਦਿਆਂ ਨੂੰ ਲੈ ਕੇ ਰਾਜ ਸਰਕਾਰ 'ਤੇ ਸਖ਼ਤ ਹੱਲਾ ਬੋਲਿਆ ਗਿਆ। ਰੈਲੀ ਵਿਚ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ ਲੋਕਾਂ ਨੂੰ ਦੇਖ ਕੇ ਵੀ ਕਾਂਗਰਸੀਆਂ ਦੇ ਹੌਸਲੇ ਹੋਰ ਵਧੇ ਨਜ਼ਰ ਆਏ।

ਕਾਂਗਰਸ ਦੇ ਸੀਨੀਅਰ ਆਗੂਆਂ ਨੇ ਕਿਹਾ ਕਿ ਰਾਜ ਵਿਚ ਸੱਤਾਧਾਰੀ ਪਾਰਟੀ ਦੀਆਂ ਗ਼ਲਤ ਨੀਤੀਆਂ ਕਾਰਨ ਅਤੇ ਸਰਕਾਰ ਦੀ ਆਲੋਚਨਾ ਕਰਨ ਵਾਲੇ ਸਿਆਸੀ ਆਗੂਆਂ ਨੂੰ ਝੂਠੇ-ਸੱਚੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣ ਦੀ ਉਸ ਦੀ ਨੀਤੀ ਕਾਰਨ ਲੋਕਾਂ ਵਿਚ ਬੇਹੱਦ ਰੋਸ ਪਾਇਆ ਜਾ ਰਿਹਾ ਹੈ ਅਤੇ ਸੱਤਾਧਾਰੀ ਪਾਰਟੀ ਦਾ ਗ੍ਰਾਫ਼ ਕਾਫ਼ੀ ਹੇਠਾਂ ਆ ਚੁੱਕਾ ਹੈ। ਇਸ ਤਰ੍ਹਾਂ ਦੀ ਸਥਿਤੀ ਵਿਚ ਜੇਕਰ ਕਾਂਗਰਸ ਆਮ ਆਦਮੀ ਪਾਰਟੀ ਨਾਲ ਸਮਝੌਤਾ ਕਰਕੇ ਲੋਕ ਸਭਾ ਦੀਆਂ ਚੋਣਾਂ ਲੜਦੀ ਹੈ ਤਾਂ ਸੱਤਾਧਾਰੀ ਪਾਰਟੀ ਵਿਰੁੱਧ ਪੈਦਾ ਹੋਈ ਬੇਚੈਨੀ ਨਾਲ ਕਾਂਗਰਸ ਪਾਰਟੀ ਨੂੰ ਵੀ ਨੁਕਸਾਨ ਹੋ ਸਕਦਾ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਜਦੋਂ ਪੰਜਾਬ ਦੇ ਕਾਂਗਰਸੀਆਂ ਨੇ ਆਮ ਆਦਮੀ ਪਾਰਟੀ ਨਾਲ ਰਲ ਕੇ ਲੋਕ ਸਭਾ ਦੀਆਂ ਚੋਣਾਂ ਲੜਨ ਦਾ ਵਿਰੋਧ ਕੀਤਾ ਹੈ।

ਇਸ ਤੋਂ ਪਹਿਲਾਂ ਵੀ ਅਨੇਕਾਂ ਵਾਰ ਰਾਜ ਦੇ ਕਾਂਗਰਸੀ ਆਗੂ ਅਜਿਹੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰ ਚੁੱਕੇ ਹਨ ਅਤੇ ਇਸ ਸੰਬੰਧੀ ਸਮੇਂ-ਸਮੇਂ 'ਤੇ ਕਾਂਗਰਸ ਦੀ ਹਾਈਕਮਾਨ ਨੂੰ ਵੀ ਇਸ ਤੋਂ ਜਾਣੂੰ ਕਰਵਾਉਂਦੇ ਰਹੇ ਹਨ।

ਦੂਜੇ ਪਾਸੇ ਕਾਂਗਰਸ ਹਾਈਕਮਾਨ ਦੀ ਮਜਬੂਰੀ ਇਹ ਹੈ ਕਿ ਆਮ ਆਦਮੀ ਪਾਰਟੀ ਇੰਡੀਆ ਗੱਠਜੋੜ ਦਾ ਹਿੱਸਾ ਬਣ ਚੁੱਕੀ ਹੈ ਅਤੇ ਇੰਡੀਆ ਗੱਠਜੋੜ ਦੀ ਹਰ ਮੀਟਿੰਗ ਵਿਚ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸ਼ਾਮਿਲ ਹੁੰਦੇ ਹਨ। 19 ਦਸੰਬਰ ਨੂੰ ਨਵੀਂ ਦਿੱਲੀ ਵਿਚ ਇੰਡੀਆ ਗੱਠਜੋੜ ਦੀ ਹੋਈ ਮੀਟਿੰਗ ਵਿਚ ਜਦੋਂ ਮਮਤਾ ਬੈਨਰਜੀ ਵਲੋਂ ਕਾਂਗਰਸ ਪ੍ਰਧਾਨ ਮਲਿਕਅਰਜੁਨ ਖੜਗੇ ਨੂੰ ਇੰਡੀਆ ਗੱਠਜੋੜ ਵਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਬਣਾਉਣ ਦਾ ਸੁਝਾਅ ਰੱਖਿਆ ਗਿਆ ਤਾਂ ਇਸ ਦਾ ਤੁਰੰਤ ਅਰਵਿੰਦ ਕੇਜਰੀਵਾਲ ਵਲੋਂ ਵੀ ਸਮਰਥਨ ਕੀਤਾ ਗਿਆ। ਇੰਡੀਆ ਗੱਠਜੋੜ ਦੇ ਹੋਰ ਭਾਈਵਾਲ ਵੀ ਕਾਂਗਰਸ 'ਤੇ ਆਮ ਆਦਮੀ ਪਾਰਟੀ ਨਾਲ ਮਿਲ ਕੇ ਚੋਣਾਂ ਲੜਨ ਲਈ ਦਬਾਅ ਪਾ ਰਹੇ ਹਨ। ਇੰਡੀਆ ਗੱਠਜੋੜ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਵੀ ਮਲਿਕਅਰਜੁਨ ਖੜਗੇ ਨੇ ਕਿਹਾ ਸੀ ਕਿ ਗੱਠਜੋੜ ਵਿਚ ਸ਼ਾਮਿਲ ਸਾਰੀਆਂ ਪਾਰਟੀਆਂ ਮਿਲ ਕੇ ਚੋਣਾਂ ਲੜਨ ਲਈ ਸਹਿਮਤ ਹਨ ਅਤੇ ਇਸ ਮਕਸਦ ਲਈ ਛੇਤੀ ਹੀ ਸੀਟਾਂ ਦੀ ਵੰਡ ਦੇ ਅਮਲ ਨੂੰ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਦਿੱਲੀ ਅਤੇ ਪੰਜਾਬ ਵਿਚ ਗੱਠਜੋੜ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਵੀ ਹੱਲ ਲੱਭ ਲਿਆ ਜਾਵੇਗਾ। ਉਨ੍ਹਾਂ ਦਾ ਸਪੱਸ਼ਟ ਇਸ਼ਾਰਾ ਇਹ ਸੀ ਕਿ ਕਾਂਗਰਸ ਹਾਈ ਕਮਾਨ ਦਿੱਲੀ ਅਤੇ ਪੰਜਾਬ ਵਿਚ ਆਮ ਆਦਮੀ ਪਾਰਟੀ ਨਾਲ ਮਿਲ ਕੇ ਚੋਣਾਂ ਲੜਨ ਦੀ ਸਮਰਥਕ ਹੈ। ਅਜਿਹੀ ਸਥਿਤੀ ਵਿਚ ਪੰਜਾਬ ਦੇ ਕਾਂਗਰਸੀ ਆਗੂਆਂ ਲਈ ਬੇਹੱਦ ਮੁਸ਼ਕਿਲ ਸਥਿਤੀ ਪੈਦਾ ਹੋਣ ਵਾਲੀ ਹੈ। ਜਿਸ ਤਰ੍ਹਾਂ ਪੰਜਾਬ ਦੇ ਕਾਂਗਰਸ ਆਗੂ ਸ਼ਰੇਆਮ ਆਮ ਆਦਮੀ ਪਾਰਟੀ ਨਾਲ ਚੋਣ ਗੱਠਜੋੜ ਦਾ ਵਿਰੋਧ ਕਰ ਰਹੇ ਹਨ ਅਤੇ ਆਮ ਆਦਮੀ ਪਾਰਟੀ ਵਲੋਂ ਜਿਸ ਤਰ੍ਹਾਂ ਪਿਛਲੇ ਲੰਮੇ ਸਮੇਂ ਤੋਂ ਕਾਂਗਰਸੀ ਆਗੂਆਂ ਨੂੰ ਭ੍ਰਿਸ਼ਟਾਚਾਰ ਦੇ ਨਾਂਅ 'ਤੇ ਫੜ-ਫੜ ਕੇ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ ਉਸ ਨੂੰ ਮੁੱਖ ਰੱਖਦਿਆਂ ਅਜਿਹਾ ਬੇਹੱਦ ਮੁਸ਼ਕਿਲ ਲਗਦਾ ਹੈ ਕਿ ਦੋਵੇਂ ਪਾਰਟੀਆਂ ਮਿਲ ਕੇ ਰਾਜ ਵਿਚ ਚੋਣ ਲੜ ਸਕਣਗੀਆਂ। ਇਹ ਵੀ ਹੋ ਸਕਦਾ ਹੈ ਕਿ ਜੇਕਰ ਕਾਂਗਰਸ ਹਾਈਕਮਾਨ ਵਲੋਂ ਪੰਜਾਬ ਦੇ ਕਾਂਗਰਸ ਆਗੂਆਂ 'ਤੇ ਇਸ ਮਕਸਦ ਲਈ ਦਬਾਅ ਪਾਇਆ ਜਾਂਦਾ ਹੈ ਤਾਂ ਕਾਂਗਰਸ ਵਿਚ ਬਗ਼ਾਵਤ ਹੋ ਜਾਵੇ। ਪੰਜਾਬ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਵਿਚਕਾਰ ਦੂਰੀ ਅਤੇ ਕੁੜੱਤਣ ਵਧਣ ਦਾ ਮੁੱਖ ਕਾਰਨ ਇਹ ਹੈ ਕਿ ਭਗਵੰਤ ਮਾਨ ਦੀ ਸਰਕਾਰ ਨੇ ਆਪਣੇ ਵਿਰੋਧੀਆਂ ਪ੍ਰਤੀ ਬੇਹੱਦ ਅਸਹਿਣਸ਼ੀਲਤਾ ਦੀ ਨੀਤੀ ਤਿਆਰ ਕੀਤੀ ਹੋਈ ਹੈ ਤੇ ਇਕ ਤਰ੍ਹਾਂ ਨਾਲ ਵਿਰੋਧੀ ਪਾਰਟੀਆਂ ਦੇ ਆਗੂਆਂ ਖ਼ਿਲਾਫ਼ ਦਮਨ ਚੱਕਰ ਚਲਾਇਆ ਹੋਇਆ ਹੈ। ਸਰਕਾਰ ਵਿਰੁੱਧ ਜ਼ਿਆਦਾ ਬੋਲਣ ਵਾਲੇ ਸੁਖਪਾਲ ਸਿੰਘ ਖਹਿਰਾ ਨੂੰ ਨਸ਼ਿਆਂ ਨਾਲ ਸੰਬੰਧਿਤ ਇਕ ਪੁਰਾਣੇ ਕੇਸ ਸੰਬੰਧੀ ਮੁੜ ਐਫ.ਆਈ.ਆਰ. ਦਰਜ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਅਕਾਲੀ ਆਗੂ ਬਿਕਰਮ ਸਿੰਘ ਮਜੀਠਿਆ ਨੂੰ ਵੀ ਮੁੜ ਜੇਲ੍ਹ ਵਿਚ ਭੇਜਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਪੂਰਾ ਜ਼ੋਰ ਲਗਾ ਰਹੀ ਹੈ। ਇਸੇ ਤਰ੍ਹਾਂ ਦੀ ਨੀਤੀ ਇਸ ਤੋਂ ਪਹਿਲਾਂ ਰਾਜ ਸਰਕਾਰ ਨੇ ਬਹੁਤ ਸਾਰੇ ਹੋਰ ਕਾਂਗਰਸੀ ਤੇ ਦੂਜੀਆਂ ਪਾਰਟੀਆਂ ਦੇ ਆਗੂਆਂ ਪ੍ਰਤੀ ਵੀ ਅਪਣਾਈ ਰੱਖੀ ਹੈ।

ਜਦੋਂ ਰਾਜ ਵਿਚ ਸੱਤਾਧਾਰੀ ਪਾਰਟੀ ਆਪਣੇ ਵਿਰੋਧੀਆਂ ਖ਼ਿਲਾਫ ਇਸ ਤਰ੍ਹਾਂ ਦੀ ਦਮਨਕਾਰੀ ਨੀਤੀ 'ਤੇ ਚੱਲ ਰਹੀ ਹੋਵੇ। ਉਸ ਸਮੇਂ ਉਸ ਨਾਲ ਕੋਈ ਵੀ ਪਾਰਟੀ ਰਲ ਕੇ ਚੋਣਾਂ ਲੜਨ ਲਈ ਕਿਵੇਂ ਤਿਆਰ ਹੋ ਸਕਦੀ ਹੈ? ਅਜਿਹੀ ਸਥਿਤੀ ਦਾ ਹੀ ਸਾਹਮਣਾ ਕਾਂਗਰਸ ਪਾਰਟੀ ਕਰ ਰਹੀ ਹੈ। ਅਸੀਂ ਸਮਝਦੇ ਹਾਂ ਕਿ ਇਸ ਲਈ ਮੁੱਖ ਤੌਰ 'ਤੇ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਵਲੋਂ ਆਪਣੇ ਵਿਰੋਧੀਆਂ ਪ੍ਰਤੀ ਅਪਣਾਈ ਗਈ ਅਸਹਿਣਸ਼ੀਲਤਾ ਦੀ ਨੀਤੀ ਜ਼ਿੰਮੇਵਾਰ ਹੈ। ਮੁੱਖ ਮੰਤਰੀ ਭਗਵੰਤ ਮਾਨ ਆਪਣੇ ਵਿਰੋਧੀ ਆਗੂਆਂ ਦੇ ਖ਼ਿਲਾਫ਼ ਬਿਆਨ ਦੇਣ ਸਮੇਂ ਖ਼ੁਦ ਵੀ ਜਿਸ ਤਰ੍ਹਾਂ ਦੀ ਸ਼ਬਦਾਵਲੀ ਵਰਤਦੇ ਹਨ ਅਤੇ ਜਿਸ ਤਰ੍ਹਾਂ ਉਨ੍ਹਾਂ ਦਾ ਮਜ਼ਾਕ ਉਡਾਉਣ ਦੀ ਕੋਸ਼ਿਸ਼ ਕਰਦੇ ਹਨ, ਉਸ ਨੂੰ ਮੁੱਖ ਰੱਖਦਿਆਂ ਕੁੜੱਤਣ ਹੀ ਵਧ ਸਕਦੀ ਹੈ, ਕਿਸੇ ਵੀ ਪਾਰਟੀ ਨਾਲ ਆਮ ਆਦਮੀ ਪਾਰਟੀ ਦਾ ਕਿਸੇ ਵੀ ਮੁੱਦੇ 'ਤੇ ਤਾਲਮੇਲ ਹੋਣਾ ਤਾਂ ਬਹੁਤ ਦੂਰ ਦੀ ਗੱਲ ਹੈ।

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD